SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਦੇਸ਼ ਦੁਆਬਾ ਦਾ 9ਵੇਂ ਵਰ੍ਹੇ ਦਾ ਅੱਠਵਾਂ ਅੰਕ

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 8
June 3, 2020

Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸ਼ਹੀਦਾਂ ਦੇ ਸਿਰਤਾਜ, ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਅਦਾਰਾ ਦੇਸ ਦੁਆਬਾ' ਕੋਟਿ-ਕੋਟਿ ਪ੍ਰਣਾਮ ਕਰਦਾ ਹੈ।



ਇਨਕਲਾਬੀ ਰਹਿਬਰ ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਕੁੱਲ ਲੋਕਾਈ ਨੂੰ ਅਦਾਰਾ 'ਦੇਸ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੇ 35ਵੇਂ ਸਥਾਪਨਾ ਦਿਵਸ 'ਤੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ।

# ਅਮਰੀਕਾ ਵਿਚ ਪ੍ਰਦਰਸ਼ਨਾਂ ਦਾ ਸਿਲਸਿਲਾ ਜਾਰੀ







**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਮਿਨੀਏਪੋਲਿਸ ਵਿਚ ਪੁਲਿਸ ਹਿਰਾਸਤ ਵਿਚ ਜਾਰਜ ਫਲਾਇਡ ਨਾਮੀ ਕਾਲੇ ਵਿਅਕਤੀ ਦੀ ਹੋਈ ਮੌਤ ਉਪਰੰਤ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਪ੍ਰਦਰਸ਼ਨਾਂ, ਲੁੱਟਮਾਰ ਤੇ ਭੰਨਤੋੜ ਦਾ ਸਿਲਸਲਾ ਜਾਰੀ ਹੈ। ਸਖਤੀ ਦੇ ਬਾਵਜੂਦ ਭਾਰੀ ਗਿਣਤੀ ਵਿਚ ਲੋਕ ਵਾਈਟ ਹਾਊਸ ਨੇੜੇ ਇਕੱਠੇ ਹੋਏ ਤੇ ਉਨਾਂ ਨੇ ਪੁਲਿਸ ਅਤਿਆਚਾਰ ਵਿਰੁੱਧ ਨਾਅਰੇ ਲਾਏ।

ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਪੁਲਿਸ ਸ਼ਾਂਤਮਈ ਲੋਕਾਂ ਉਪਰ ਗੋਲੀਆਂ ਚਲਾ ਰਹੀ ਹੈ। ਨਿਊਯਾਰਕ, ਐਟਲਾਂਟਾ, ਸ਼ਿਕਾਗੋ, ਮਿਆਮੀ , ਫੋਨਿਕਸ, ਲੂਇਸਵਿਲੇ , ਲਾਸਏਂਜਲਸ ਤੇ ਇੰਡੀਆਨਾਪੋਲਿਸ ਸਮੇਤ ਦੇਸ਼ ਦੇ ਹੋਰ ਸਥਾਨਾਂ 'ਤੇ ਲੋਕਾਂ ਨੇ ਨਿਆਂ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤੇ। ਲੰਘੀ ਰਾਤ ਸ਼ਿਕਾਗੋ ਪੁਲਿਸ ਨੇ 396 ਲੋਕਾਂ ਨੂੰ ਹਿਰਾਸਤ ਵਿਚ ਲਿਆ ਜਿਨਾਂ ਵਿਚ 146 ਨੂੰ ਲੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਹੋਰ ਸਥਾਨਾਂ 'ਤੇ ਵੀ ਸੈਂਕੜੇ ਲੋਕਾਂ ਨੂੰ ਹਿਰਾਸਤ ਵਿਚ ਲਏ ਜਾਣ ਦੀਆਂ ਰਿਪੋਰਟਾਂ ਹਨ।

ਕਈ ਥਾਵਾਂ 'ਤੇ ਪੁਲਿਸ ਤੇ ਵਿਖਾਵਾਕਾਰੀਆਂ ਵਿਚਾਲੇ ਝੜਪਾਂ ਵੀ ਹੋਈਆਂ। ਪੁਲਿਸ ਨੇ ਬੇਕਾਬੂ ਹੋਏ ਲੋਕਾਂ ਨੂੰ ਤਿਤਰ ਬਿਤਰ ਕਰਨ ਲਈ ਅਥਰੂ ਗੈਸ ਦੇ ਗੋਲੇ ਛੱਡੇ ਤੇ ਰੱਬੜ ਦੀਆਂ ਗੋਲੀਆਂ ਚਲਾਈਆਂ। ਡੈਟਰਾਇਟ ਵਿਚ ਹਾਲਾਂ ਕਿ ਪੁਲਿਸ ਮੁੱਖੀ ਜੇਮਜ ਕਰੈਗ ਨੇ ਐਲਾਨ ਕੀਤਾ ਸੀ ਕਿ ਉਹ ਗ੍ਰਿਫਤਰੀਆਂ ਨਹੀਂ ਕਰਨਾ ਚਹੁੰਦੇ ਪਰੰਤੂ ਜਦੋਂ ਪ੍ਰਦਰਸ਼ਨਕਾਰੀ ਕਰਫ਼ਿਊ ਦੀ ਉਲੰਘਣਾ ਕਰਕੇ ਡਾਊਨ ਟਾਊਨ ਡੈਟਰਾਇਟ ਪੁਲਿਸ ਹੈਡਕੁਆਰਟਰ ਨੇੜੇ ਇਕੱਠੇ ਹੋ ਗਏ ਤਾਂ ਪੁਲਿਸ ਨੇ ਕਾਰਵਾਈ ਕਰਦਿਆਂ ਉਨਾਂ ਉਪਰ ਪਾਣੀ ਦੀਆਂ ਬੁਛਾਰਾਂ ਮਾਰੀਆਂ ਤੇ ਮਿਰਚਾਂ ਦਾ ਛਿੜਕਾਅ ਕੀਤਾ। ਬਾਅਦ ਵਿਚ ਵਿਖਾਵਾਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਵਾਸ਼ਿੰਗਟਨ ਡੀ.ਸੀ ਵਿਚ ਹਾਲਾਂ ਕਿ ਪਹਿਲਾਂ ਦੀ ਤੁਲਨਾ ਵਿਚ ਸ਼ਾਂਤੀ ਨਜਰ ਆ ਰਹੀ ਹੈ ਪਰੰਤੂ ਭਾਰੀ ਗਿਣਤੀ ਵਿਚ ਲੋਕਾਂ ਵੱਲੋਂ ਪ੍ਰਦਰਸ਼ਨਾਂ 'ਚ ਹਿੱਸਾ ਲਿਆ ਜਾ ਰਿਹਾ ਹੈ।

# ਦੁਨੀਆ ਭਰ 'ਚ ਕੋਰੋਨਾ ਮਰੀਜ਼ਾਂ ਦੀ ਗਿਣਤੀ 60 ਲੱਖ ਪਾਰ

**ਨਿਊਯਾਰਕ (ਬਿਊਰੋ)–** ਦੁਨੀਆ ਭਰ ਵਿਚ ਕੋਰੋਨਾ ਤੋਂ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ 60 ਲੱਖ ਤੋਂ ਜ਼ਿਆਦਾ ਹੋ ਗਈ ਹੈ। ਚੀਨ, ਯੂਰਪ ਅਤੇ ਅਮਰੀਕਾ ਪਿੱਛੋਂ ਹੁਣ ਲਾਤੀਨੀ ਅਮਰੀਕੀ ਦੇਸ਼ਾਂ (ਬ੍ਰਾਜ਼ੀਲ, ਚਿਲੀ ਅਤੇ ਮੈਕਸੀਕੋ) ਵਿਚ ਇਸ ਬਿਮਾਰੀ ਦਾ ਕਹਿਰ ਜਾਰੀ ਹੈ। ਬ੍ਰਾਜ਼ੀਲ ਵਿਚ ਤਾਂ ਪਿਛਲੇ 24 ਘੰਟਿਆਂ ਵਿਚ ਰਿਕਾਰਡ 33,724 ਨਵੇਂ ਮਾਮਲੇ ਸਾਹਮਣੇ ਆਏ ਹਨ। ਹੁਣ ਤਕ ਕਿਸੇ ਵੀ ਦੇਸ਼ ਵਿਚ ਇਕ ਦਿਨ ਵਿਚ ਏਨੀ ਜ਼ਿਆਦਾ ਗਿਣਤੀ ਵਿਚ ਕੋਰੋਨਾ ਪ੍ਰਭਾਵਿਤ ਮਰੀਜ਼ ਨਹੀਂ ਮਿਲੇ ਸਨ। ਇਸ ਤਰ੍ਹਾਂ ਦੇਸ਼ ਵਿਚ ਕੁਲ ਕੋਰੋਨਾ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ 5,01,985 ਹੋ ਗਈ ਹੈ। ਮ੍ਰਿਤਕਾਂ ਦੀ ਗਿਣਤੀ ਦੇ ਮਾਮਲੇ ਵਿਚ ਅਮਰੀਕਾ, ਬ੍ਰਿਟੇਨ ਅਤੇ ਇਟਲੀ ਦੇ ਬਾਅਦ ਚੌਥੇ ਸਥਾਨ 'ਤੇ ਬ੍ਰਾਜ਼ੀਲ (28,872) ਆ ਗਿਆ ਹੈ। ਦੁਨੀਆ ਭਰ ਵਿਚ ਕੋਰੋਨਾ ਪ੍ਰਭਾਵਿਤ ਮਰੀਜ਼ਾਂ ਦੇ ਵਧਣ ਦੇ ਅੰਕੜਿਆਂ ਨੂੰ ਦੇਖੀਏ ਤਾਂ 10 ਜਨਵਰੀ ਨੂੰ ਵੂਹਾਨ ਵਿਚ 40 ਮਾਮਲਿਆਂ ਦਾ ਪਤਾ ਲੱਗਾ ਸੀ। ਇਕ ਅਪ੍ਰੈਲ ਨੂੰ ਕੋਰੋਨਾ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ 10 ਲੱਖ ਹੋ ਗਈ ਸੀ। ਇਸ ਪਿੱਛੋਂ



ਹਰੇਕ ਦੋ ਹਫ਼ਤਿਆਂ ਵਿਚ ਕੋਰੋਨਾ ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ ਵਿਚ 10 ਲੱਖ ਦਾ ਵਾਧਾ ਹੁੰਦਾ ਗਿਆ। ਖ਼ਾਸ ਗੱਲ ਇਹ ਹੈ ਕਿ ਮਰੀਜ਼ਾਂ ਦੀ ਵੱਧਦੀ ਗਿਣਤੀ ਦੇ ਬਾਵਜੂਦ ਕਈ ਦੇਸ਼ ਪਾਬੰਦੀਆਂ ਹਟਾ ਰਹੇ ਹਨ ਅਤੇ ਕਾਰੋਬਾਰ ਨੂੰ ਬੜ੍ਹਾਵਾ ਦੇਣ ਵਾਲੇ ਕਦਮ ਚੁੱਕ ਰਹੇ ਹਨ। ਪਾਕਿਸਤਾਨ ਵਿਚ ਨਾਰਕੋਟਿਕਸ ਕੰਟਰੋਲ ਦੇ ਰਾਜ ਮੰਤਰੀ ਸ਼ੇਹਰਯਾਰ ਅਫਰੀਦੀ ਦਾ ਕੋਰੋਨਾ ਟੈਸਟ ਪਾਜ਼ੇਟਿਵ ਆਇਆ ਹੈ। ਅਫਰੀਦੀ ਨੇ ਟਵੀਟ ਕੀਤਾ ਕਿ ਮੈਂ ਕੋਰੋਨਾ ਤੋਂ ਪ੍ਰਭਾਵਿਤ ਪਾਇਆ ਗਿਆ ਹਾਂ ਅਤੇ ਮੈਨੂੰ ਅਹਿਤਿਆਤ ਵਜੋਂ ਖ਼ੁਦ ਨੂੰ ਘਰ ਵਿਚ ਕੁਆਰੰਟਾਈਨ ਕੀਤਾ ਗਿਆ ਹੈ। ਮੈਨੂੰ ਦੁਆਵਾਂ ਅਤੇ ਪ੍ਰਾਰਥਨਾਵਾਂ ਦੀ ਲੋੜ ਹੈ। ਸ਼ੇਹਰਯਾਰ ਤੋਂ ਪਹਿਲੇ ਸਿੰਧ ਦੇ ਗਵਰਨਰ ਇਮਰਾਨ ਇਸਮਾਈਲ ਅਤੇ ਕੌਮੀ ਅਸੈਂਬਲੀ ਦੇ ਸਪੀਕਰ ਅਸਦ ਕੇਸਰ ਕੋਰੋਨਾ ਪ੍ਰਭਾਵਿਤ ਪਾਏ ਗਏ ਸਨ। ਹਾਲਾਂਕਿ ਹੁਣ ਦੋਵੇਂ ਸਿਹਤਯਾਬ ਹੋ ਚੁੱਕੇ ਹਨ। ਪਾਕਿਸਤਾਨ ਵਿਚ ਮਰੀਜ਼ਾਂ ਦੀ ਗਿਣਤੀ 69,474 ਹੋ ਗਈ ਹੈ ਜਦਕਿ ਮਰਨ ਵਾਲਿਆਂ ਦੀ ਗਿਣਤੀ 1,483 ਹੋ ਗਈ ਹੈ।

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor
Catering for all your Events
1600 Washington Ave.
San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on
Fox News, MSNBC and Kron 4
FAMILY LAW,
CRIMINAL
DEFENSE
AND CIVIL
LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਪੁਲਿਸ ਹਿਰਾਸਤ ਵਿਚ ਮਾਰੇ ਗਏ ਜਾਰਜ ਦੇ ਪਰਿਵਾਰ ਨੂੰ ਨਿਆਂ ਮਿਲੇਗਾ- ਡੋਨਾਲਡ ਟਰੰਪ







**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਨੇ ਪੁਲਿਸ ਹਿਰਾਸਤ ਵਿਚ ਮਾਰੇ ਗਏ ਜਾਰਜ ਫਲਾਇਡ ਦੇ ਪਰਿਵਾਰ ਨਾਲ ਗੱਲ ਕੀਤੀ ਹੈ ਤੇ ਦੁੱਖ ਸਾਂਝਾ ਕੀਤਾ ਹੈ। ਉਨਾਂ ਕਿਹਾ ਕਿ 'ਮੈਂ ਪਰਿਵਾਰ ਦਾ ਦੁੱਖ ਸਮਝਦਾ ਹਾਂ। ਪਰਿਵਾਰ ਨਿਆਂ ਦਾ ਹੱਕਦਾਰ ਹੈ ਤੇ ਮਿਨੀਪੋਲਿਸ ਦੇ ਲੋਕ ਸੁਰੱਖਿਅਤ ਜੀਵਨ ਜੀਣ ਦੇ ਹੱਕਦਾਰ ਹਨ।'

ਇਸ ਮਾਮਲੇ ਵਿਚ ਪਰਿਵਾਰ ਨੂੰ ਨਿਆਂ ਮਿਲੇਗਾ। ਇਸ ਤੋਂ ਪਹਿਲਾਂ ਟਰੰਪ ਨੇ ਟਵੀਟ ਕਰਕੇ ਮਿਨੀਪੋਲਿਸ ਵਿਚ ਹੋ ਰਹੀ ਹਿੰਸਾ ਬਾਰੇ ਕਿਹਾ ਸੀ ਕਿ ਸ਼ਹਿਰ ਦਾ ਮੇਅਰ ਬਹੁਤ ਕਮਜ਼ੋਰ ਵਿਅਕਤੀ ਹੈ ਤੇ ਠੱਗ ਲੋਕ ਜਾਰਜ ਲਾਇਡ ਦੀ ਯਾਦ ਦੀ ਤੌਹੀਨ ਕਰ ਰਹੇ ਹਨ।

### ਪੁਲਿਸ ਅਧਿਕਾਰੀ ਗ੍ਰਿਫ਼ਤਾਰ

ਪੁਲਿਸ ਹਿਰਾਸਤ ਵਿਚ ਜਾਰਜ ਫਲਾਇਡ ਨਾਮੀ ਕਾਲੇ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਇਕ ਸਾਬਕਾ ਪੁਲਿਸ ਅਧਿਕਾਰੀ ਡੈਰਿਕ ਚੂਵਿਨ ਨੂੰ ਗ੍ਰਿਫ਼ਤਾਰ ਕਰ ਲੈਣ ਤੇ ਉਸ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲੈਣ ਦੇ ਬਾਵਜੂਦ ਮਿਨੀਪੋਲਿਸ, ਮੈਮਫਿਸ, ਲਾਸਏਂਜਲਸ ਤੇ ਹੋਰ ਥਾਵਾਂ 'ਤੇ ਹਿੰਸਾ ਤੇ ਪ੍ਰਦਰਸ਼ਨ ਹੋਣ ਦੀਆਂ ਰਿਪੋਰਟਾਂ ਹਨ। ਹਿੰਸਾ ਨੂੰ ਵੇਖਦਿਆਂ ਮਿਨੀਪੋਲਿਸ ਵਿਚ ਕਰਫ਼ਿਊ ਲਾਉਣਾ ਪਿਆ ਹੈ। ਵਿਖਾਵਾਕਾਰੀਆਂ ਨੇ ਕਰਫ਼ਿਊ ਦੀ ਉਲੰਘਣਾ ਕਰਦਿਆਂ ਆਪਣਾ ਵਿਰੋਧ ਜਾਰੀ ਰਖਿਆ ਤੇ ਉਨਾਂ ਨੇ ਗਰਨੇਡ ਸੁੱਟੇ ਤੇ ਪਥਰਾਅ ਵੀ ਕੀਤਾ। ਪੁਲਿਸ ਨੇ ਆਪਣੇ ਬਚਾਅ ਲਈ ਪ੍ਰਦਰਸ਼ਨਕਾਰੀਆਂ 'ਤੇ ਰਬੜ ਦੀਆਂ ਗੋਲੀਆਂ ਚਲਾਈਆਂ।

ਐਟਲਾਂਟਾ ਦੇ ਹੇਠਲੇ ਖੇਤਰ ਵਿਚ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੀ ਇਕ ਕਾਰ ਨੂੰ ਅੱਗ ਲਾ ਦਿੱਤੀ, ਪੁਲਿਸ ਉਪਰ ਬੋਤਲਾਂ ਨਾਲ ਹਮਲਾ ਕੀਤਾ ਤੇ ਇਕ ਰੈਸਟੋਰੈਂਟ ਦੀ ਭੰਨਤੋੜ ਕੀਤੀ। ਸੀ.ਐਨ.ਐਨ ਹੈਡਕੁਆਰਟਰ ਦੇ ਬਾਹਰ ਸੈਂਕੜੇ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਟਕਰਾਅ ਹੋਇਆ। ਇਥੇ ਵਰਣਨਯੋਗ ਹੈ ਕਿ ਵਾਇਰਲ ਹੋਈ ਵੀਡੀਓ ਵਿਚ ਪੁਲਿਸ ਅਧਿਕਾਰੀ ਨੇ ਜਾਰਜ ਫਲਾਇਡ ਨੂੰ ਜਮੀਨ ਉਪਰ ਲੰਮਾ ਪਾਇਆ ਹੋਇਆ ਹੈ ਤੇ ਉਸ ਦਾ ਗੋਡਾ ਮਰੋੜਕੇ ਉਸ ਦੀ ਠੋਡੀ ਨਾਲ ਲਾਇਆ ਹੋਇਆ ਹੈ। ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਦੋਸ਼ੀ ਵਿਰੁੱਧ ਸਖਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ।

# ਅਮਰੀਕਾ ਦੇ 16 ਰਾਜਾਂ ਦੇ 25 ਸ਼ਹਿਰਾਂ ਵਿਚ ਲਾਇਆ ਕਰਫ਼ਿਊ










**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਮਿਨੀਐਪੋਲਿਸ ਪੁਲਿਸ ਦੀ ਹਿਰਾਸਤ ਵਿਚ 4 ਦਿਨ ਪਹਿਲਾਂ ਇਕ ਕਾਲੇ ਵਿਅਕਤੀ ਦੀ ਹੋਈ ਮੌਤ ਨੂੰ ਲੈ ਕੇ ਸ਼ੁਰੂ ਹੋਏ ਪ੍ਰਦਰਸ਼ਨ ਪੂਰੇ ਅਮਰੀਕਾ ਵਿਚ ਫੈਲ ਗਏ ਹਨ। ਪ੍ਰਦਰਸ਼ਕਾਰੀਆਂ ਦੀ ਹਿੰਸਾ ਕਾਰਨ 16 ਰਾਜਾਂ ਦੇ 25 ਸ਼ਹਿਰਾਂ ਵਿਚ ਕਰਫ਼ਿਊ ਲਾਉਣਾ ਪਿਆ ਹੈ। ਜਿਨਾਂ ਸ਼ਹਿਰਾਂ ਵਿਚ ਕਰਫ਼ਿਊ ਲਾਇਆ ਗਿਆ ਹੈ ਉਨਾਂ ਵਿਚ ਬਾਵਰਲੀ ਹਿਲਜ਼ ਤੇ ਲਾਸ ਏਂਜਲਸ (ਕੈਲੀਫੋਰਨੀਆ), ਡੈਨਵਰ (ਕੋਲੋਰਾਡੋ), ਮਿਆਮੀ (ਫਲੋਰੀਡਾ), ਜਾਰਜੀਆ (ਐਟਲਾਂਟਾ), ਸ਼ਿਕਾਗੋ (ਇਲੀਨੋਇਸ), ਮਿਨੀਐਪੋਲਿਸ ਤੇ ਸੇਂਟ ਪਾਲ (ਮਿਨੀਸੋਟਾ), ਰੋਚੈਸਟਰ (ਨਿਊਯਾਰਕ), ਸਿਆਟਲ (ਵਾਸ਼ਿੰਗਟਨ) ਤੇ ਓਹੀਓ ਰਾਜ ਦੇ 5 ਸ਼ਹਿਰ ਵੀ ਸ਼ਾਮਿਲ ਹਨ।

### ਵਾਈਟ ਹਾਊਸ ਦੇ ਬਾਹਰ ਝੜਪਾਂ

ਵਾਈਟ ਹਾਊਸ ਦੇ ਬਾਹਰ ਤੇ ਰਾਜਧਾਨੀ ਦੇ ਹੋਰ ਖੇਤਰਾਂ ਵਿਚ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਝੜਪਾਂ ਹੋਈਆਂ ਜਿਸ ਉਪਰੰਤ ਰਾਸ਼ਟਰਪਤੀ ਡੋਨਾਲਡ ਟਰੰਪ ਨੇ 'ਭੀੜ ਹਿੰਸਾ' ਵਿਰੁੱਧ ਸਖਤ ਚਿਤਾਵਨੀ ਦਿੱਤੀ ਤੇ ਕਿਹਾ ਕਿ ਇਸ ਨੂੰ ਸਖਤੀ ਨਾਲ ਦਬਾਅ ਦਿੱਤਾ ਜਾਵੇਗਾ। ਪ੍ਰਦਰਸ਼ਨਕਾਰੀਆਂ ਨੇ 'ਕੈਪੀਟਲ ਬੈਲਟਵੇਅ' ਉਪਰ ਵੀ ਜਾਮ ਲਾਇਆ। ਜਦੋਂ ਸੁਰੱਖਿਆ ਗਾਰਡ ਰਾਸ਼ਟਰਪਤੀ ਨੂੰ ਵਾਪਿਸ ਵਾਈਟ ਹਾਊਸ ਵੱਲ ਲਿਜਾ ਰਹੇ ਸਨ ਤਾਂ ਪ੍ਰਦਰਸ਼ਨਕਾਰੀਆਂ ਨੇ ਉਨਾਂ ਉਪਰ ਤੰਨਜ ਕੱਸੇ ਤੇ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ। ਖੁਫ਼ੀਆ ਸੇਵਾ ਦੇ ਏਜੰਟਾਂ ਤੇ ਪੁਲਿਸ ਉਪਰ ਬੋਤਲਾਂ ਵੀ ਸੁੱਟੀਆਂ ਜਦ ਕਿ ਜਵਾਬੀ ਕਾਰਵਾਈ ਵਿਚ ਪੁਲਿਸ ਨੇ ਅਥਰੂ ਗੈਸ ਦੇ ਗੋਲੇ ਛੱਡੇ। ਪੂਰੀ ਰਾਜਧਾਨੀ ਵਿਚ ਹੋਏ ਜਿਆਦਾਤਰ ਪ੍ਰਦਰਸ਼ਨ ਸ਼ਾਤਮਈ ਰਹੇ। ਵਾਈਟ ਹਾਊਸ ਦੇ ਬਾਹਰ ਹੋਏ ਪ੍ਰਦਰਸ਼ਨ ਵਿਚ ਭਾਰਤੀ ਮੂਲ ਦੀ ਸੈਨੇਟਰ ਕਮਲਾ ਹੈਰਿਸ ਵੀ ਸ਼ਾਮਿਲ ਹੋਈ ਜਿਸ ਨੇ ਰਾਸ਼ਟਰਪਤੀ ਦੇ ਅਹੁੱਦੇ ਲਈ ਨਾਮਜ਼ਦਗੀ ਚੋਣ ਲੜੀ ਸੀ ਪਰ ਕਾਫੀ ਪੱਛੜ ਗਈ ਸੀ।

### 10000 ਹੋਰ ਜਵਾਨ ਤਾਇਨਾਤ

ਮਿਨੀਐਪੋਲਿਸ ਵਿਚ ਹਿੰਸਾ ਰੁਕਣ ਦਾ ਨਾਂ ਨਹੀਂ ਲੈ ਰਹੀ। ਗਵਰਨਰ ਟਿਮ ਵਾਲਜ ਨੇ ਪ੍ਰੈਸ ਕਾਨਫੰਰਸ ਦੌਰਾਨ ਕਿਹਾ ਕਿ ਸ਼ਹਿਰ ਵਿਚ ਸਥਿੱਤੀ ਠੀਕ ਨਹੀਂ ਹੈ। ਇਹ ਆਮ ਲੋਕਾਂ ਉਪਰ ਹਮਲਾ ਹੈ। ਪ੍ਰਦਰਸ਼ਕਾਰੀ ਖੌਫ਼ ਪੈਦਾ ਕਰ ਰਹੇ ਹਨ ਤੇ ਸਾਡੇ ਮਹਾਨ ਸ਼ਹਿਰਾਂ ਨੂੰ ਅਸ਼ਾਂਤ ਕਰ ਰਹੇ ਹਨ। ਜੁੜਵੇਂ ਸ਼ਹਿਰ ਦੇ ਮੇਅਰ ਜੈਕੋਬ ਫਰੇਅ ਨੇ ਗਵਰਨਰ ਦੇ ਉਸ ਦਾਅਵੇ 'ਤੇ ਸਹਿਮਤੀ ਪ੍ਰਗਟਾਈ ਹੈ ਜਿਸ ਵਿਚ ਉਨਾਂ ਕਿਹਾ ਸੀ ਕਿ ਜਿਆਦਾਤਰ ਪ੍ਰਦਰਸ਼ਨਕਾਰੀ ਮਿਨੀਸੋਟਾ ਤੋਂ ਬਾਹਰਲੇ ਹਨ। ਗਵਰਨਰ ਤੇ ਮੇਅਰ ਨੇ ਕਰਫ਼ਿਊ ਸਖਤੀ ਨਾਲ ਲਾਗੂ ਕਰਨ, ਪ੍ਰਮੁੱਖ ਰਾਸ਼ਟਰੀ ਮਾਰਗ ਬੰਦ ਕਰਨ ਤੇ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਚਿਤਾਵਨੀ ਦਿੱਤੀ ਹੈ। ਵਾਲਜ਼ ਨੇ ਲੋਕਾਂ ਨੂੰ ਕਿਹਾ ਕਿ ਉਹ ਘਰਾਂ ਤੋਂ ਬਾਹਰ ਨਾ ਨਿਕਲਣ ਤੇ ਹਾਲਾਤ ਵਿਗੜਣ ਨਾ ਦੇਣ। ਉਨਾਂ ਕਿਹਾ ਕਿ ਕਰਫ਼ਿਊ ਦੌਰਾਨ ਸ਼ਾਤਮਈ ਪ੍ਰਦਰਸ਼ਨਾਂ ਦੀ ਵੀ ਇਜਾਜ਼ਤ ਨਹੀਂ ਹੋਵੇਗੀ। ਹਿੰਸਾ ਨੂੰ ਵੇਖਦਿਆਂ ਹੋਇਆਂ ਮਿਨੀਸੋਟਾ ਵਿਚ 10000 ਹੋਰ ਸੁਰੱਖਿਆ ਜਵਾਨ ਤਾਇਨਾਤ ਕੀਤੇ ਗਏ ਹਨ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਅਮਰੀਕੀ ਰਾਸ਼ਟਰਪਤੀ ਨੇ ਰਸਮੀ ਤੌਰ 'ਤੇ ਵਿਸ਼ਵ ਸਿਹਤ ਸੰਗਠਨ ਨਾਲੋਂ ਨਾਤਾ ਤੋੜਿਆ, ਹੌਂਗਕਾਂਗ ਦਾ ਵਿਸ਼ੇਸ਼ ਰੁੱਤਬਾ ਖਤਮ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਸਮੀ ਤੌਰ 'ਤੇ ਵਿਸ਼ਵ ਸਿਹਤ ਸੰਗਠਨ ਨਾਲੋਂ ਸਬੰਧ ਤੋੜਨ ਦਾ ਐਲਾਨ ਕੀਤਾ ਹੈ। ਟਰੰਪ ਨੇ ਕਿਹਾ ਕਿ ਚੀਨ ਹਰ ਸਾਲ 4 ਕਰੋੜ ਡਾਲਰ ਦਿੰਦਾ ਹੈ ਤੇ ਉਸ ਦਾ ਵਿਸ਼ਵ ਸਿਹਤ ਸੰਗਠਨ ਉਪਰ ਮੁਕੰਮਲ ਨਿਯੰਤਰਣ ਹੈ ਜਦ ਕਿ ਅਮਰੀਕਾ ਪ੍ਰਤੀ ਸਾਲ 450 ਕਰੋੜ ਡਾਲਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਉਸ ਦਾ ਪ੍ਰਸ਼ਾਸਨ ਵਿਸ਼ਵ ਸਿਹਤ ਸੰਗਠਨ ਵਿਚੋਂ ਬਾਹਰ ਆ ਜਾਵੇਗਾ। ਇਸ ਦੇ ਨਾਲ ਹੀ ਰਾਸ਼ਟਰਪਤੀ ਨੇ ਹੌਂਗਕੌਂਗ ਦਾ ਵਿਸ਼ੇਸ਼ ਵਪਾਰ ਦਾ ਦਰਜਾ ਖਤਮ ਕਰ ਦਿੱਤਾ ਹੈ। ਇਹ ਦੋ ਅਜਿਹੇ ਨਿਰਨੇ ਹਨ ਜਿਨਾਂ ਨਾਲ ਚੀਨ ਤੇ ਅਮਰੀਕਾ ਵਿਚਾਲੇ ਟਕਰਾਅ ਹੋਰ ਡੂੰਘਾ ਹੋ ਜਾਣ ਦੀ ਸੰਭਾਵਨਾ ਹੈ। ਟਰੰਪ ਨੇ ਕਿਹਾ ਕਿ ਹੌਂਗਕੌਂਗ ਅਮਰੀਕਾ ਦੇ ਵਿਸ਼ੇਸ਼ ਵਿਵਹਾਰ ਦਾ ਹੱਕ ਨਹੀਂ ਰਖਦਾ ਕਿਉਂਕਿ ਇਹ ਚੀਨ ਤੋਂ ਖੁਦਮੁਖਤਾਰ ਨਹੀਂ ਹੈ। ਟਰੰਪ ਨੇ ਕਿਹਾ ਕਿ ਉਹ ਹੌਂਗਕੌਂਗ ਵੱਲੋਂ ਹੁਣ ਤੱਕ ਮਾਣੀਆਂ ਜਾ ਰਹੀਆਂ ਸਾਰੀਆਂ ਸਹੂਲਤਾਂ ਖਤਮ ਕਰਨ ਦਾ ਆਦੇਸ਼ ਦੇਣਗੇ। ਇਨ੍ਹਾਂ ਸਹੂਲਤਾਂ ਵਿਚ ਬਰਾਮਦ ਕੰਟਰੋਲ, ਟੈਕਸਾਂ ਵਿਚ ਛੋਟ ਤੇ ਹੋਰ ਲਾਭ ਸ਼ਾਮਿਲ ਹਨ।



**ਅਮਰੀਕਾ ਵਿੱਚ 1225 ਹੋਰ ਮੌਤਾਂ**

ਪਿਛਲੇ 24 ਘੰਟਿਆਂ ਦੌਰਾਨ ਅਮਰੀਕਾ ਵਿਚ 1225 ਹੋਰ ਅਮਰੀਕੀ ਕੋਰੋਨਾਵਾਇਰਸ ਦੀ ਭੇਟ ਚੜ ਗਏ ਹਨ ਜਿਨਾਂ ਨਾਲ ਮੌਤਾਂ ਦੀ ਕੁਲ ਗਿਣਤੀ 1,04,542 ਹੋ ਗਈ ਹੈ। ਕੋਰੋਨਾ ਪੀੜਤ ਨਵੇਂ ਮਰੀਜ਼ ਆਉਣ ਦਾ ਸਿਲਸਲਾ ਜਾਰੀ ਹੈ ਤੇ 25069 ਨਵੇਂ ਮਰੀਜ਼ ਹਸਪਤਾਲਾਂ ਵਿਚ ਦਾਖਲ ਹੋਏ ਹਨ। ਪੀੜਤਾਂ ਦੀ ਕੁਲ ਗਿਣਤੀ 17,93,530 ਹੋ ਗਈ ਹੈ। ਪਿਛਲੇ ਦਿਨ 20844 ਮਰੀਜ਼ ਠੀਕ ਹੋਏ ਹਨ। ਠੀਕ ਹੋਏ ਮਰੀਜ਼ਾਂ ਦੀ ਗਿਣਤੀ 5,19,569 ਹੋ ਗਈ ਹੈ। 6,24,111 ਮਾਮਲੇ ਬੰਦ ਕਰ ਦਿੱਤੇ ਹਨ। ਮਰੀਜ਼ਾਂ ਦੇ ਸਿਹਤਮੰਦ ਹੋਣ ਦੀ ਦਰ ਪਹਿਲਾਂ ਵਾਂਗ ਹੀ 83% ਹੈ ਤੇ ਮੌਤ ਦਰ 17% ਹੈ।

# ਰਾਸ਼ਟਰਪਤੀ ਟਰੰਪ ਵੱਲੋਂ ਵਾਸ਼ਿੰਗਟਨ ਫੌਜ ਹਵਾਲੇ , ਹੋਰ ਰਾਜਾਂ ਵਿਚ ਵੀ ਫੌਜ ਭੇਜਣ ਦੀ ਚਿਤਾਵਨੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**— ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਹਿੰਸਾ, ਲੁੱਟਮਾਰ, ਅਰਾਜਕਤਾ ਤੇ ਗੁੰਡਾਗਰਦੀ ਉਪਰ ਕਾਬੂ ਪਾਉਣ ਲਈ ਵਾਸ਼ਿੰਗਟਨ ਵਿਚ ਫੌਜ ਦੇ ਹਜਾਰਾਂ ਜਵਾਨਾਂ ਨੂੰ ਭੇਜ ਰਹੇ ਹਨ ਤੇ ਜੇਕਰ ਬਾਕੀ ਰਾਜ ਪ੍ਰਦਰਸ਼ਨਕਾਰੀਆਂ 'ਤੇ ਨਿਯੰਤਰਣ ਨਹੀਂ ਕਰ ਸਕਦੇ ਤਾਂ ਰਾਜਾਂ ਵਿਚ ਵੀ ਉਹ ਫੌਜ ਤਾਇਨਾਤ ਕਰ ਦੇਣਗੇ। ਰੋਜ ਗਾਰਡਨ ਵਿਖੇ ਸੰਬੋਧਨ ਕਰਦਿਆਂ ਟਰੰਪ ਨੇ ਰਾਜਾਂ ਦੇ ਗਵਰਨਰਾਂ ਨੂੰ ਕਿਹਾ ਕਿ ਉਹ ਹਿੰਸਾ ਉਪਰ ਕਾਬੂ ਪਾਉਣ ਲਈ ਕੌਮੀ ਗਾਰਡਾਂ ਦੀ ਵਧ ਤੋਂ ਵਧ ਵਰਤੋਂ ਕਰਨ। ਨਾਲ ਹੀ ਉਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਹ ਅਜਿਹਾ ਨਹੀਂ ਕਰ ਸਕਦੇ ਤਾਂ ਉਹ ਫੌਜ ਭੇਜਕੇ ਸਮੱਸਿਆ ਤੁਰੰਤ ਹੱਲ ਕਰ ਦੇਣਗੇ। ਰਾਸ਼ਟਰਪਤੀ ਨੇ ਕਿਹਾ ਕਿ ਇਹ ਸ਼ਾਤਮਈ ਪ੍ਰਦਰਸ਼ਨ ਨਹੀਂ ਹਨ ਬਲਕਿ ਇਹ ਘਰੇਲੂ ਅੱਤਕ ਹੈ।







**ਰਾਤ ਭਰ ਝੜਪਾਂ**

ਪੁਲਿਸ ਹਿਰਾਸਤ ਵਿਚ ਜਾਰਜ ਫਲਾਇਡ ਨਾਮੀ ਕਾਲੇ ਵਿਅਕਤੀ ਦੀ ਹੋਈ ਮੌਤ ਤੋਂ ਬਾਅਦ ਅਮਰੀਕਾ ਦੇ ਕਈ ਸ਼ਹਿਰਾਂ ਵਿਚ 7 ਵੇਂ ਦਿਨ ਵੀ ਹਿੰਸਕ ਪ੍ਰਦਰਸ਼ਨ ਜਾਰੀ ਰਹੇ। ਪ੍ਰਦਰਸ਼ਨਕਾਰੀਆਂ ਨੇ ਲੁੱਟਮਾਰ ਤੇ ਭੰਨਤੋੜ ਕੀਤੀ। ਮਿਨੀਐਪੋਲਿਸ ਤੇ ਹੋਰ ਅਮਰੀਕੀ ਸ਼ਹਿਰਾਂ ਵਿਚ ਪ੍ਰਦਰਸ਼ਕਾਰੀਆਂ ਤੇ ਪੁਲਿਸ ਵਿਚਾਲੇ ਰਾਤ ਭਰ ਝੜਪਾਂ ਹੋਈਆਂ। ਦੇਸ਼ ਭਰ ਵਿਚ 5000 ਦੇ ਕਰੀਬ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਲਾਸ ਏਂਜਲਸ ਵਿਚ ਪ੍ਰਦਰਸ਼ਨਕਾਰੀ ਸੜਕਾਂ ਉਪਰ ਲੇਟ ਗਏ ਜਿਨਾਂ ਨੂੰ ਪੁਲਿਸ ਗ੍ਰਿਫਤਾਰ ਕਰਕੇ ਲੈ ਗਈ। ਵਾਸ਼ਿੰਗਟਨ, ਡੀ.ਸੀ ਵਿਚ ਲੋਕਾਂ ਨੇ ਕਰਫਿਊ ਦੀ ਉਲੰਘਣਾ ਕਰਕੇ ਪ੍ਰਦਰਸ਼ਨ ਕੀਤਾ। ਵਾਈਟ ਹਾਊਸ ਦੇ ਬਿਲਕੁਲ ਨਾਲ ਲੱਗਦੇ ਇਕ ਪਾਰਕ ਵਿਚ ਪ੍ਰਦਰਸ਼ਨਕਾਰੀਆਂ ਨੂੰ ਦਾਖਲ ਹੋਣ ਤੋਂ ਰੋਕਣ ਲਈ ਪੁਲਿਸ ਨੇ ਅਥਰੂਗੈਸ ਦੇ ਗੋਲੇ ਸੁੱਟੇ ਤੇ ਰੱਬੜ ਦੀਆਂ ਗੋਲੀਆਂ ਚਲਾਈਆਂ। ਨਿਊਯਾਰਕ ਵਿਚ ਹਜਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ। ਪਹਿਲੇ ਦਿਨ ਦੀ ਤੁਲਨਾ ਵਿਚ ਸ਼ਹਿਰ 'ਚ ਦੁੱਗਣੇ ਸੁਰੱਖਿਆ ਜਵਾਨ ਤਾਇਨਾਤ ਕੀਤੇ ਗਏ ਹਨ ਪਰ ਪ੍ਰਦਰਸ਼ਨਕਾਰੀ ਬੇਖੌਫ਼ ਹਨ। ਅਧਿਕਾਰੀਆਂ ਨੇ ਵਾਰ ਵਾਰ ਸਪੱਸ਼ਟ ਕੀਤਾ ਹੈ ਕਿ ਜੋ ਵੀ ਕੋਈ ਬਿਨਾਂ ਕਾਰਨ ਘਰ ਤੋਂ ਬਾਹਰ ਨਿਕਲੇਗਾ, ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ ਤੇ ਉਸ ਵਿਰੁੱਧ ਕੇਸ ਦਰਜ ਕੀਤਾ ਜਾਵੇਗਾ ਪਰ ਲੋਕਾਂ ਉਪਰ ਇਸ ਚਿਤਾਵਨੀ ਦਾ ਕੋਈ ਅਸਰ ਨਹੀਂ ਹੋ ਰਿਹਾ। ਲੋਕਾਂ ਦਾ ਕਹਿਣਾ ਹੈ ਕਿ ਉਹ ਜੇਲ ਜਾਣ ਲਈ ਤਿਆਰ ਹਨ, ਉਨਾਂ ਨੂੰ ਜਿਥੇ ਮਰਜੀ ਲੈ ਜਾਵੋ ਪਰ ਉਹ ਆਪਣੀਆਂ ਹੱਕੀ ਮੰਗਾਂ ਮੰਨੇ ਜਾਣ ਤੱਕ ਪ੍ਰਦਰਸ਼ਨ ਕਰਦੇ ਰਹਿਣਗੇ। ਡਾਊਨ ਟਾਊਨ ਮੈਨਹਟਨ ਵਿਚ ਦੁਕਾਨਾਂ ਦੀ ਲੁੱਟਮਾਰ ਕੀਤੀ ਗਈ। ਲੁਟੇਰੇ ਦੁਕਾਨਾਂ ਤੇ ਸਟੋਰਾਂ ਦੇ ਸ਼ੀਸ਼ੇ ਤੋੜਕੇ ਅੰਦਰ ਜਾ ਵੜੇ ਤੇ ਉਥੋਂ ਸਮਾਨ ਲੁੱਟਕੇ ਲੈ ਗਏ। ਕਈ ਥਾਵਾਂ 'ਤੇ ਦੁਕਾਨਾਂ ਦੇ ਮਾਲਕਾਂ ਨੇ ਆਪਣੀਆਂ ਦੁਕਾਨਾਂ ਲੁੱਟੇ ਜਾਣ ਤੋਂ ਬਚਾਉਣ ਦਾ ਯਤਨ ਵੀ ਕੀਤਾ ਪਰ ਉਹ ਨਾਕਾਮ ਰਹੇ। ਡਾਊਨ ਟਾਊਨ ਐਟਲਾਂਟਾ, ਜਾਰਜੀਆ ਵਿਚ ਪੁਲਿਸ ਨੇ ਸੈਂਕੜੇ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ। ਦੂਸਰੇ ਪਾਸੇ ਵਾਸ਼ਿੰਗਟਨ , ਡੀ. ਸੀ ਦੇ ਮੇਅਰ ਮੋਰੀਲ ਬੋਅਸਰ ਨੇ ਵਾਈਟ ਹਾਊਸ ਦੇ ਬਾਹਰ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਵੱਲੋਂ ਕੀਤੀ ਕਾਰਵਾਈ ਦੀ ਨਿੰਦਾ ਕਰਦਿਆਂ ਇਸ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ। ਉਨਾਂ ਕਿਹਾ ਹੈ ਕਿ ਸੰਘੀ ਪੁਲਿਸ ਨੇ ਬਿਨਾਂ ਕਿਸੇ ਭੜਕਾਹਟ ਦੇ ਤਾਕਤ ਦੀ ਵਰਤੋਂ ਕੀਤੀ।

# ਅਮਰੀਕਾ ਚੀਨ ਦੇ ਵਿਦਿਆਰਥੀਆਂ ਤੇ ਖੋਜੀਆਂ ਦੇ ਵੀਜ਼ੇ ਕਰੇਗਾ ਰੱਦ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**- ਟਰੰਪ ਪ੍ਰਸ਼ਾਸਨ ਨੇ ਕੋਰੋਨਾਵਾਇਰਸ ਫੈਲਣ ਨੂੰ ਲੈ ਕੇ ਚੀਨ ਖਿਲਾਫ਼ ਬਦਲੇ ਦੀ ਕਾਰਵਈ ਤੇਜ ਕਰਦਿਆਂ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐਲ .ਏ) ਨਾਲ ਸਬੰਧ ਰਖਣ ਵਾਲੇ ਚੀਨ ਦੇ ਵਿਦਿਆਰਥੀਆਂ ਤੇ ਖੋਜੀਆਂ ਦੇ ਵੀਜ਼ੇ ਰੱਦ ਕਰਨ ਦਾ ਫੈਸਲਾ ਕੀਤਾ ਹੈ। ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਇਕ ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਾਈਟ ਹਾਊਸ ਵੱਲੋਂ ਇਸ ਬਾਰੇ 3 ਸਾਲ ਪਹਿਲਾਂ ਵਿਚਾਰ ਵਟਾਂਦਰਾ ਕੀਤਾ ਗਿਆ ਸੀ ਪਰੰਤੂ ਹੁਣ ਚੀਨ ਨੂੰ ਸਜ਼ਾ ਦੇਣ ਦੇ ਮਕਸਦ ਨਾਲ ਇਸ ਉਪਰ ਅਮਲ ਕੀਤਾ ਜਾ ਰਿਹਾ ਹੈ। ਅਮਰੀਕਾ ਦੇ ਇਸ ਕਦਮ ਨੂੰ ਚੀਨ ਵੱਲੋਂ ਹਾਲ ਹੀ ਵਿਚ ਹਾਂਗਕਾਂਗ ਨੂੰ ਦਬਾਉਣ ਲਈ ਬਣਾਏ ਨਵੇਂ ਕੌਮੀ ਸੁਰੱਖਿਆ ਕਾਨੂੰਨ ਦੇ ਵਿਰੋਧ ਵਜੋਂ ਵੀ ਵੇਖਿਆ ਜਾ ਰਿਹਾ ਹੈ। ਅਮਰੀਕਾ ਵਿਚ 3,60,000 ਚੀਨੀ ਵਿਦਿਆਰਥੀ ਹਨ। ਪਹਿਲੇ ਪੜਾਅ ਵਿਚ ਘਟੋ ਘਟ 3000 ਚੀਨੀ ਵਿਦਿਆਰਥੀ ਪ੍ਰਭਾਵਿਤ ਹੋਣਗੇ। ਵਿਦੇਸ਼ ਵਿਭਾਗ ਤੇ ਕੌਮੀ ਸੁਰੱਖਿਆ ਪ੍ਰੀਸ਼ਦ ਨੇ ਸਰਕਾਰੀ ਪੱਧਰ 'ਤੇ ਇਸ ਉਪਰ ਕੋਈ ਟਿਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।




**ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ 1297 ਮੌਤਾਂ**

ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ 1297 ਹੋਰ ਕੋਰੋਨਾ ਪੀੜਤ ਮਰੀਜ਼ ਦਮ ਤੋੜ ਗਏ ਹਨ। ਮੌਤਾਂ ਦੀ ਕੁਲ ਗਿਣਤੀ 1,03,330 ਤੇ ਪੀੜਤਾਂ ਦੀ ਕੁਲ ਗਿਣਤੀ 17,68,461 ਹੋ ਗਈ ਹੈ ਜਿਹਨਾਂ ਵਿਚ 11,66,406 ਸਰਗਰਮ ਮਾਮਲੇ ਹਨ। 6,02,055 ਮਾਮਲੇ ਬੰਦ ਕਰ ਦਿੱਤੇ ਗਏ ਹਨ ਜਿਹਨਾਂ ਵਿਚੋਂ 4,98,725 ਮਰੀਜ਼ ਠੀਕ ਹੋਏ ਹਨ। ਇਸ ਤਰਾਂ ਸਿਹਤਮੰਦ ਹੋਣ ਦੀ ਦਰ 83% ਹੈ ਤੇ ਮੌਤ ਦਰ 17% ਹੈ। ਸਿਹਤ ਅਧਿਕਾਰੀਆਂ ਵੱਲੋਂ ਅਗਲੇ ਦਿਨਾਂ ਦੌਰਾਨ ਮਰੀਜ਼ਾਂ ਦੇ ਸਿਹਤਯਾਬ ਹੋਣ ਦੀ ਰਫ਼ਤਾਰ ਤੇਜੀ ਨਾਲ ਵਧਣ ਦੀ ਸੰਭਾਵਨਾ ਪ੍ਰਗਟ ਕੀਤੀ ਗਈ ਹੈ।

**ਬੇਰੁਜ਼ਗਾਰਾਂ ਦੀ ਫੌਜ ਵੱਡੀ ਹੋਈ**

ਕੋਰੋਨਾ ਮਹਾਮਾਰੀ ਕਾਰਨ ਪ੍ਰਭਾਵਿਤ ਹੋਏ ਕਾਰੋਬਾਰਾਂ ਦੇ ਸਿੱਟੇ ਵਜੋਂ ਬੇਰੁਜ਼ਗਾਰ ਲੋਕਾਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਕਿਰਤ ਵਿਭਾਗ ਅਨੁਸਾਰ ਪਿਛਲੇ ਹਫਤੇ 21 ਲੱਖ ਹੋਰ ਲੋਕਾਂ ਨੇ ਬੇਰੁਜ਼ਗਾਰੀ ਭੱਤੇ ਉਪਰ ਦਾਅਵਾ ਕੀਤਾ ਹੈ। ਇਸ ਤਰਾਂ ਪਿਛਲੇ 10 ਹਫਤਿਆਂ ਦੌਰਾਨ 4 ਕਰੋੜ ਤੋਂ ਵਧ ਅਮਰੀਕੀ ਬੇਰੁਜਗਾਰੀ ਭੱਤੇ ਲਈ ਅਰਜੀਆਂ ਦਾਇਰ ਕਰ ਚੁੱਕੇ ਹਨ। ਹਾਲਾਂ ਕਿ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਕਾਰੋਬਾਰ ਸ਼ੁਰੂ ਕਰਨ ਦੇ ਯਤਨ ਹੋ ਰਹੇ ਹਨ ਪਰ ਪਾਬੰਦੀਆਂ ਕਾਰਨ ਲੋਕ ਆਮ ਦੀ ਤਰਾਂ ਘਰਾਂ ਤੋਂ ਬਾਹਰ ਨਹੀਂ ਨਿਕਲ ਰਹੇ। ਕੈਲੀਫੋਰਨੀਆ ਦੇ ਸ਼ਹਿਰ ਸੈਨਫਰਾਂਸਿਸਕੋ ਵਿਚ ਘਰਾਂ ਅੰਦਰ ਰਹਿਣ ਦੇ ਹੁਕਮਾਂ ਦੀ ਮਿਆਦ 'ਚ ਅਨਮਿਥੇ ਸਮੇਂ ਲਈ ਵਾਧਾ ਕਰ ਦਿੱਤਾ ਹੈ। ਨਿਊਯਾਰਕ ਦੇ ਗਵਰਨਰ ਐਂਡਰਿਊ ਕੋਮੋ ਨੇ ਕਾਰੋਬਾਰ ਸਟੋਰਾਂ ਵਿਚ ਦਾਖਲ ਹੋਣ ਲਈ ਮਾਸਕ ਪਹਿਨਣਾ ਲਾਜਮੀ ਕਰ ਦਿੱਤਾ ਹੈ। ਕੋਰੋਨਾ ਮਹਾਮਾਰੀ ਕਾਰਨ 124 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਬੋਸਟਨ ਮੈਰਾਥਾਨ ਰੱਦ ਕਰਨੀ ਪਈ ਹੈ।

# ਅਮਰੀਕਾ ਵਿੱਚ ਪੁਲਿਸ ਹਿਰਾਸਤ' ਚ ਕਾਲੇ ਵਿਅਕਤੀ ਦੀ ਮੌਤ ਹੋਣ ਉਪਰੰਤ ਵੱਖ ਵੱਖ ਸਥਾਨਾਂ 'ਤੇ ਜੋਰਦਾਰ ਪ੍ਰਦਰਸ਼ਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਪੁਲਿਸ ਹਿਰਾਸਤ ਵਿਚ ਜਾਰਜ ਫਲਾਇਡ ਨਾਮੀ ਕਾਲੇ ਵਿਅਕਤੀ ਦੀ ਮੌਤ ਹੋਣ ਉਪਰੰਤ ਮਿਨੀਐਪੋਲਿਸ ਤੇ ਨਿਊਯਾਰਕ ਸ਼ਹਿਰ ਸਮੇਤ ਅਮਰੀਕਾ ਦੇ ਹੋਰ ਸਥਾਨਾਂ 'ਤੇ ਜੋਰਦਾਰ ਪ੍ਰਦਰਸ਼ਨ ਹੋਏ ਹਨ। ਮਿਨੀਐਪੋਲਿਸ ਵਿਚ ਹਜਾਰਾਂ ਪ੍ਰਦਰਸ਼ਨਕਾਰੀਆਂ ਨੇ ਸ਼ਹਿਰ ਦੇ ਅੰਦਰਲੇ ਖੇਤਰ ਵਿਚਦੀ ਰੈਲੀ ਕੱਢੀ ਜਿਸ ਕਾਰਨ ਆਵਾਜਾਈ ਠੱਪ ਹੋ ਗਈ। ਪ੍ਰਦਰਸ਼ਨਕਾਰੀ ''ਨਿਆਂ ਨਹੀਂ- ਸ਼ਾਂਤੀ ਵੀ ਨਹੀਂ'' ਵਰਗੇ ਨਾਹਰੇ ਲਾ ਰਹੇ ਸਨ। ਪ੍ਰਦਰਸ਼ਨਕਾਰੀ ਮੰਗ ਕਰ ਰਹੇ ਸਨ ਕਿ ਜਿੰਮੇਵਾਰ ਪੁਲਿਸ ਅਧਿਕਾਰੀਆਂ ਵਿਰੁੱਧ ਮੁਕੱਦਮਾ ਚਲਾਇਆ ਜਾਵੇ। ਹੈਨਪਿਨ ਕਾਊਂਟੀ ਸਰਕਾਰੀ ਸੈਂਟਰ ਵਿਚ ਬੁਲਾਰਿਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਕਾਲੇ ਲੋਕਾਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਸਥਾਨਕ ਕਾਰਕੁੰਨ ਮੈਲ ਰੀਵਸ ਨੇ ਲੋਕਾਂ ਨੂੰ ਅਮਨ ਬਣਾਈ ਰਖਣ ਦੀ ਅਪੀਲ ਕਰਦਿਆਂ ਕਿਹਾ ਕਿ ਪੁਲਿਸ ਦੀ ਬਰਬਰਤਾ ਤੋਂ ਧਿਆਨ ਲਾਂਭੇ ਕਰਨ ਲਈ ਉਹ ਪ੍ਰਦਰਸ਼ਨਕਾਰੀਆਂ ਨੂੰ ਹਿੰਸਾ ਲਈ ਉਕਸਾ ਰਹੀ ਹੈ। ਉਨਾਂ ਕਿਹਾ ਕਿ ਪੁਲਿਸ ਪਸ਼ੂਆਂ ਵਾਂਗ ਵਿਵਹਾਰ ਕਰਦੀ ਹੈ ਤੇ ਸਾਨੂੰ ਪਸ਼ੂ ਸਮਝਦੀ ਹੈ। ਪ੍ਰਦਰਸ਼ਨਕਾਰੀਆਂ ਨੂੰ ਸੈਂਟਰ ਵਿਚ ਦਾਖਲ ਹੋਣ ਤੋਂ ਰੋਕਣ ਲਈ ਭਾਰੀ ਤਾਦਾਤ ਵਿਚ ਪੁਲਿਸ ਤਾਇਨਾਤ ਸੀ।



# ਖੱਬੇ ਪੱਖੀ 'ਅੰਟੀਫਾ' ਨੂੰ ਅੱਤਵਾਦੀ ਜਥੇਬੰਦੀ ਐਲਾਨਿਆ ਜਾਵੇਗਾ- ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕਰਕੇ ਐਲਾਨ ਕੀਤਾ ਹੈ ਕਿ ਉਸ ਦਾ ਵਿਚਾਰ ਹੈ ਕਿ ਮਿਨੀਐਪੋਲਿਸ ਵਿਖੇ ਪੁਲਿਸ ਹਿਰਾਸਤ ਵਿਚ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਹੋਈ ਮੌਤ ਤੋਂ ਬਾਅਦ ਹੋ ਰਹੀ ਹਿੰਸਾ ਪਿੱਛੇ ਖੱਬੇ ਪੱਖੀ ਗਰੁੱਪ 'ਅੰਟੀਫਾ' ਦਾ ਹੱਥ ਹੈ। ਉਹ 'ਅੰਟੀਫਾ' ਨੂੰ ਅੱਤਵਾਦੀ ਜਥੇਬੰਦੀ ਕਰਾਰ ਦੇ ਦੇਣਗੇ। 'ਅੰਟੀਫਾ' ਜਿਸ ਨੂੰ 'ਐਂਟੀ ਫਾਸਿਸਟ' ਗਰੁੱਪ ਵਜੋਂ ਜਾਣਿਆ ਜਾਂਦਾ ਹੈ, ਪਿਛਲੇ ਸਾਲਾਂ ਦੌਰਾਨ ਕੁਝ ਹਿੰਸਕ ਝੜਪਾਂ ਵਿਚ ਸ਼ਾਮਿਲ ਰਿਹਾ ਹੈ। ਇਸ ਤੋਂ ਪਹਿਲਾਂ ਕੈਨੇਡੀ ਸਪੇਸ ਸੈਂਟਰ ਵਿਚ ਰਾਸ਼ਟਰਪਤੀ ਨੇ ਕਿਹਾ ਸੀ ਕਿ ਹਿੰਸਾ ਫੈਲਾਉਣ ਦੀ ਅਗਵਾਈ 'ਅੰਟੀਫਾ' ਤੇ ਹੋਰ ਖੱਬੇ ਪੱਖੀ ਗਰੁੱਪ ਕਰ ਰਹੇ ਹਨ। ਇਹ ਗਰੁੱਪ ਲੋਕਾਂ ਵਿਚ ਡਰ ਪੈਦਾ ਕਰ ਰਹੇ ਹਨ, ਨੌਕਰੀਆਂ ਖਤਮ ਕਰ ਰਹੇ ਹਨ,ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ ਤੇ ਸਾੜਫੂਕ ਕਰ ਰਹੇ ਹਨ। ਇਨਾਂ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇਗਾ।

ਇਸੇ ਦੌਰਾਨ ਜਾਰਜ ਫਲਾਇਡ ਦੀ ਮੌਤ ਲਈ ਜਿੰਮੇਵਾਰ 3 ਹੋਰ ਪੁਲਿਸ ਅਧਿਕਾਰੀਆਂ ਦੀ ਗ੍ਰਿਫਤਾਰੀ ਤੇ ਪੁਲਿਸ ਵਿਭਾਗ ਵਿਚ ਸੁਧਾਰਾਂ ਨੂੰ ਲੈ ਕੇ ਤਕਰੀਬਨ ਪੂਰੇ ਦੇਸ਼ ਵਿਚ ਪ੍ਰਦਰਸ਼ਨਾਂ ਦਾ ਸਿਲਸਿਲਾ ਜਾਰੀ ਰਿਹਾ। ਹਾਲਾਤ ਨੂੰ ਕਾਬੂ ਹੇਠ ਕਰਨ ਲਈ 15 ਹੋਰ ਸ਼ਹਿਰਾਂ ਵਿਚ ਕਰਫਿਊ ਲਾ ਦਿੱਤਾ ਗਿਆ ਹੈ। ਇਸ ਤਰਾਂ ਹੁਣ ਤੱਕ 40 ਸ਼ਹਿਰਾਂ ਕਰਫਿਊ ਹੇਠ ਆ ਗਏ ਹਨ। ਹਾਲਾਂ ਕਿ ਜਿਆਦਾਤਰ ਪ੍ਰਦਰਸ਼ਨ ਸ਼ਾਂਤਮਈ ਰਹੇ ਪਰ ਕਈ ਥਾਵਾਂ 'ਤੇ ਵਾਹਣਾਂ ਨੂੰ ਸਾੜਨ ਤੇ ਲੁੱਟਮਾਰ ਦੀਆਂ ਘਟਨਾਵਾਂ ਵਾਪਰਨ ਉਪਰੰਤ ਪੁਲਿਸ ਨੇ ਭੀੜ ਉਪਰ ਕਾਬੂ ਪਾਉਣ ਲਈ ਅਥਰੂ ਗੈਸ ਦੇ ਗੋਲੇ ਛੱਡੇ ਤੇ ਲਾਠੀਚਾਰਜ ਕੀਤਾ। ਸ਼ਿਕਾਗੋ ਦੇ ਹੇਠਲੇ ਖੇਤਰ ਵਿਚ ਹਜਾਰਾਂ ਲੋਕਾਂ ਨੇ ਪ੍ਰਦਰਸ਼ਨ ਵਿਚ ਹਿੱਸਾ ਲਿਆ। ਹਾਲਾਂ ਕਿ ਪ੍ਰਦਰਸ਼ਨ ਸ਼ਾਤਮਈ ਸ਼ੁਰੂ ਹੋਇਆ ਸੀ ਪਰ ਰਾਤ ਭਰ ਸ਼ਿਕਾਗੋ ਤੇ ਨਾਲ ਲੱਗਦੇ ਖੇਤਰਾਂ ਵਿਚ ਹਿੰਸਾ ਤੇ ਭੰਨਤੋੜ ਦਾ ਸਿਲਸਿਲਾ ਚਲਦਾ ਰਿਹਾ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵਾਹਣਾਂ ਨੂੰ ਅੱਗਾਂ ਲਾਈਆਂ ਤੇ ਕਾਰੋਬਾਰੀ ਬਿਲਡਿੰਗਾਂ ਦੇ ਸ਼ੀਸ਼ੇ ਤੇ ਖਿੜਕੀਆਂ ਤੋੜ ਦਿੱਤੀਆਂ। ਭੀੜ ਉਪਰ ਕਾਬੂ ਪਾਉਣ ਲਈ ਪੁਲਿਸ ਨੇ ਲਾਠੀਚਾਰਜ ਕੀਤਾ। ਸਾਂਤਾ ਮੋਨਿਕਾ (ਕੈਲੀਫੋਰਨੀਆ) , ਲਾਸ ਏਂਜਲਸ , ਸਾਵਨਾਹ (ਜਾਰਜੀਆ), ਫਿਲਾਡੈਲਫੀਆ ਤੇ ਹੋਰ ਥਾਵਾਂ 'ਤੇ ਹਿੰਸਾ ਤੇ ਲੁੱਟਖੋਹ ਦੀਆਂ ਘਟਨਾਵਾਂ ਹੋਈਆਂ ਹਾਲਾਂ ਕਿ ਮੌਕੇ ਉਪਰ ਪੁਲਿਸ ਤੇ ਹੋਰ ਸੁਰੱਖਿਆ ਜਵਾਨ ਮੌਜੂਦ ਸਨ। ਪ੍ਰਦਰਸ਼ਨਕਾਰੀ ਮੰਗ ਕਰ ਰਹੇ ਹਨ ਕਿ ਜਾਰਜ ਫਲਾਇਡ ਦੀ ਮੌਤ ਦੇ ਮਾਮਲੇ 'ਚ ਤਿੰਨ ਹੋਰ ਪੁਲਿਸ ਅਧਿਕਾਰੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ ਤੇ ਉਨਾਂ ਵਿਰੁੱਧ ਸਖਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ।

# ਦੀਵਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੀ ਚਿੱਠੀ

## ਉਦਯੋਗਾਂ ਨੂੰ ਮੁੜ ਪੱਟੜੀ ਤੇ ਲਿਆਉਣ ਲਈ ਵਿਚਾਰ ਰੱਖੇ



**ਨਿਊਯਾਰਕ/ਲੁਧਿਆਣਾ (ਰਾਜ ਗੋਗਨਾ)-** ਪੰਜਾਬ ਲਾਰਜ ਇੰਡਸ-ਟਰੀਅਲ ਡਿਵਲਪਮੇਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਲਿੱਖ ਕੇ ਕੋਰੋਨਾ ਮਹਾਮਾਰੀ ਕਰਕੇ ਤਾਲਾਬੰਦੀ ਦੌਰਾਨ ਨੁਕਸਾਨ ਝੱਲਣ ਵਾਲੇ ਉਦਯੋਗਾਂ ਨੂੰ ਮੁੜ ਪੱਟੜੀ ਤੇ ਲਿਆਉਣ ਲਈ ਇੰਡਸਟਰੀ ਤੇ ਮਜ਼ਦੂਰਾਂ ਨਾਲ ਜੁੜੇ ਕੁਝ ਵਿਚਾਰ ਰੱਖੇ ਹਨ। ਮੁੱਖ ਮੰਤਰੀ ਨੂੰ ਲਿੱਖੀ ਚਿੱਠੀ ਵਿਚ ਦੀਵਾਨ ਨੇ ਸੰਬੋਧਨ ਕਰਦਿਆਂ ਕਿਹਾ ਹੈ ਕਿ ਆਪ ਜੀ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਨੇ ਕੋਰੋਨਾ ਮਹਾਮਾਰੀ ਨੂੰ ਹਰਾ ਕੇ ਸੂਬੇ ਨੂੰ ਇਕ ਵਾਰ ਫਿਰ ਤੋਂ ਉਦਯੋਗਿਕ ਤਰੱਕੀ ਦੀ ਰਾਹ ਤੇ ਤੋਰਿਆ ਹੈ। ਜਿਸ ਨਾਲ ਜਿਥੇ 78 ਪ੍ਰਤੀਸ਼ਤ ਉਦਯੋਗ ਮੁੜ ਚੱਲ ਪਏ ਹਨ ਅਤੇ 68 ਪ੍ਰਤੀਸ਼ਤ ਪ੍ਰਵਾਸੀ ਮਜ਼ਦੂਰਾਂ ਨੇ ਸੂਬੇ ਵਿਚ ਹੀ ਰੁੱਕਣ ਦਾ ਫੈਸਲਾ ਲਿਆ ਹੈ। ਅਜਿਹੇ ਵਿਚ ਉਦਯੋਗਾਂ ਨਾਲ ਜੁੜੇ ਕੁਝ ਹੋਰ ਮਸਲਿਆਂ ਦਾ ਵੀ ਜੇਕਰ ਹੱਲ ਕਰ ਦਿੱਤਾ ਜਾਵੇ, ਤਾਂ ਵਿਕਾਸ ਦੀ ਰਫਤਾਰ ਹੋਰ ਵੱਧ ਸਕਦੀ ਹੈ।ਦੀਵਾਨ ਨੇ ਇੰਡਸਟਰੀ ਨਾਲ ਜੁੜੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਹੇਠ ਲਿੱਖੇ ਵਿਚਾਰਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿਚ ਘਾਟੇ ਵਿਚ ਚੱਲ ਰਹੀ ਇੰਡਸਟਰੀ ਦੀ ਮਦੱਦ ਲਈ ਨਵੇਂ ਉਦਯੋਗਾਂ ਦੀ ਤਰਜ਼ ਤੇ ਪੁਰਾਣੀ ਇੰਡਸਟਰੀ ਨੂੰ ਵੀ 31 ਮਾਰਚ, 2020 ਤੱਕ ਜੀ. ਐੱਸ. ਟੀ ਅਤੇ ਬਿਜਲੀ ਦੇ ਬਿੱਲਾਂ ਉਪਰ ਰਿਆਇਤਾਂ ਦਿ-ਤੀਆਂ ਜਾਣ ਸਮੇਤ ਉਦਯੋਗਾਂ ਦਾ ਬਹੁਤ ਸਾਰਾ ਵੈਟ ਸਰਕਾਰ ਵੱਲ ਬਕਾਏ ਦੀ ਉਸਦੀ ਅਦਾਇਗੀ ਕਰਵਾਈ ਜਾਣ, ਕੇਂਦਰ ਸਰਕਾਰ ਤੋਂ ਉਦਯੋਗਾਂ ਨੂੰ ਲੋੜੀਂਦਾ ਰਾਹਤ ਪੈਕੇਜ ਦਿਲਾਉਣ ਦੀ ਮੰਗ ਸ਼ਾਮਲ ਹੈ, ਤਾਂ ਜੋ ਤਾਲਾਬੰਦੀ ਦੇ ਦੌਰਾਨ ਇੰਡਸਟਰੀ ਦੇ ਬਿਨ੍ਹਾਂ ਚੱਲੇ ਲੇਬਰ ਨੂੰ ਕੀਤੀ ਗਈ ਅਦਾਇਗੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ ਦੀ ਕੁਝ ਭਰਪਾਈ ਹੋ ਸਕੇ। ਇਸੇ ਤਰ੍ਹਾਂ, ਲੇਬਰ ਜਾਣ ਕਾਰਨ ਉਦਯੋਗ ਪ੍ਰਭਾਵਿਤ ਹੋਏ ਹਨ ਅਤੇ ਉ-ਦਯੋਗਿਕ ਨਗਰੀ ਲੁਧਿਆਣਾ ਵਿਚੋਂ ਹੀ ਕਰੀਬ 3 ਲੱਖ ਮਜ਼ਦੂਰ ਪਿਤਰੀ ਸੂਬਿਆਂ ਨੂੰ ਪਰਤ ਚੁੱਕੇ ਹਨ ਅਤੇ ਕਈ ਹੋਰ ਜਾਣ ਲਈ ਤਿਆਰ ਹਨ, ਅਜਿਹੇ ਵਿਚ ਮਜ਼ਦੂਰਾਂ ਦੀ ਪੰਜਾਬ ਵਾਪਿਸੀ ਲਈ ਯੋਗ ਪ੍ਰਬੰਧ ਕਰਵ-ਾਇਆ ਜਾਵੇ। ਉਨ੍ਹਾਂ ਕਿਹਾ ਕਿ ਪਿਤਰੀ ਸੂਬਿਆਂ ਨੂੰ ਜਾਣ ਵਾਲੇ ਮਜ਼ਦੂਰਾਂ ਦੀ ਜਾਣਕਾਰੀ ਪ੍ਰਸ਼ਾਸਨ ਕੋਲ ਮੌਜੂਦ ਹੈ, ਜਿਸ ਨਾਲ ਐਪ ਜਾਂ ਕਿਸੇ ਹੈਲਪ ਲਾਈਨ ਰਾਹੀਂ ਉਨ੍ਹਾਂ ਵਾਪਿਸ ਆਉਣ ਦਾ ਵਿਕਲਪ ਦਿੱਤਾ ਜਾ ਸਕਦਾ ਹੈ। ਇਥੋਂ ਤੱਕ ਕਿ ਲੇਬਰ ਦੀ ਕਮੀ ਨੂੰ ਪੂਰਾ ਕਰਨ ਵਾਸਤੇ ਰੋਜ਼ਗਾਰ ਦਫਤਰਾਂ ਵਿਚ ਰਜਿਸਟਰ ਬੇਰੁਜਗਾਰਾਂ ਨੂੰ ਕੰਮਾਂ ਤੇ ਲਗਾਇਆ ਜਾ ਸਕਦਾ ਹੈ, ਇਸ ਨਾਲ ਸੂਬੇ ਦੇ ਨੌਜਵਾਨਾਂ ਨੂੰ ਫਾਇਦਾ ਮਿਲੇਗਾ। ਇਸੇ ਤਰ੍ਹਾਂ ਜਿਹੜੇ ਬੇਰੁਜ਼ਗਾਰ ਨੌਜਵਾਨ ਰਜਿਸਟਰ ਨਹੀਂ ਹਨ, ਉਨ੍ਹਾਂ ਖੁਦ ਨੂੰ ਰਜਿਸਟਰ ਕਰਵਾਉਣ ਲਈ ਪ੍ਰੇਰਿਆ ਜਾਵੇ। ਉਨ੍ਹਾਂ ਸੂਬੇ ਅੰਦਰ ਫਾਰਮਾਸੂਟੀਕਲ ਇੰਡਸਟਰੀ ਨੂੰ ਉਤਸਾਹਿਤ ਕਰਨ ਲਈ ਰੂਪਨਗਰ ਜ਼ਿਲ੍ਹੇ ਵਿਚ ਇਕ ਮੈਗਾ ਫਾਰਮਾਸੂਟੀਕਲ ਪਾਰਕ ਬਣਾਏ ਜਾਣ ਦਾ ਸੁਝਾਅ ਦਿੱਤਾ। ਇਸ ਨਾਲ ਹੋਰ ਦੇਸ਼ਾਂ ਤੋਂ ਇੰਡਸਟਰੀ ਨੂੰ ਸੂਬੇ ਵੱਲ ਲਿਆਉਣ ਵਿਚ ਵੀ ਮਦੱਦ ਮਿ-ਲੇਗੀ। ਜਿਹੜਾ ਹਿਮਾਚਲ ਪ੍ਰਦੇਸ਼ ਦੇ ਨਾਲ ਲੱਗਦਾ ਇਲਾਕਾ ਹੈ। ਜਦਕਿ ਕੇਂਦਰ ਸਰਕਾਰ ਵੱਲੋਂ ਉਦਯੋਗਾਂ ਨੂੰ ਲੋਨ ਮੁਹੱਈਆ ਕਰਵਾਉਣ ਲਈ ਐਲਾਨੇ ਪੈਕੇਜ ਨੂੰ ਸਹੀ ਤਰੀਕੇ ਨਾਲ ਲਾਗੂ ਕਰਵਾਉਣ ਲਈ ਜ਼ਿਲ੍ਹਾ ਪੱਧਰ ਤੇ ਕਮੇਟੀਆਂ ਬਣਾਏ ਜਾਣ ਦੀ ਮੰਗ ਕੀਤੀ ਹੈ।

ਜਿਨ੍ਹਾਂ ਵਿਚ ਲੀਡ ਬੈਂਕ ਦੇ ਚੇਅਰਮੈਨ ਸਣੇ ਜਿਲ੍ਹਾ ਪ੍ਰਸ਼ਾਸਨ, ਇੰਡਸਟਰੀ ਵਿਭਾਗ ਅਤੇ ਉਦਯੋਗਿਕ ਜਥੇਬੰਦੀਆਂ ਦੇ ਮੈਂਬਰ ਵੀ ਨੁਮਾਇੰਦੇ ਹੋਣ। ਜਿਹੜੇ ਉਦਯੋਗਾਂ ਨੂੰ ਦਿੱਤੇ ਜਾਣ ਵਾਲੇ ਲੋਨ ਦੀ ਨਿਗਰਾਨੀ ਰੱਖ ਸਕਣ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਮੁੱਖ ਮੰਤਰੀ ਇਨ੍ਹਾਂ ਵਿਚਾਰਾਂ ਉਪਰ ਧਿਆਨ ਦੇਣਗੇ, ਤਾਂ ਜੋ ਤਾਲਾਬੰਦੀ ਦੌਰਾਨ ਨੁਕਸਾਨ ਝੱਲਣ ਵਾਲੇ ਉਦਯੋਗਾਂ ਨੂੰ ਮੁੜ ਪੱਟੜੀ ਤੇ ਲਿਆਇਆ ਜਾ ਸਕੇ।

# ਕਰਮਨ ਸ਼ਹਿਰ ਦੇ 'ਵਾਲਮਾਰਟ' ਸੀਨੀਅਰ ਗਰੇਜ਼ੂਏਟ ਸਮਾਗਮ



**ਕਰਮਨ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਕੋਵਿਡ-19 ਦੇ ਚੱਲਦਿਆਂ ਦੁਨੀਆ ਭਰ ਦੇ ਸਕੂਲ ਬੰਦ ਹੋ ਗਏ ਅਤੇ ਸਾਰੀ ਪੜਾਈ ਆਨ-ਲਾਈਨ ਕਰ ਦਿੱਤੀ ਗਈ। ਜਿਸ ਕਾਰਨ ਸਾਲ 2020 ਦੌਰਾਨ ਸਾਰੇ ਸਕੂਲਾ ਵਿੱਚ ਹੋਣ ਵਾਲੇ ਗਰੇਜੂਏਸ਼ਨ ਸਮਾਗਮ ਰੱਦ ਹੋ ਗਏ। ਜਦ ਕਿ ਇੱਥੋ ਦੇ ਬੱਚਿਆ, ਮਾਪਿਆ ਅਤੇ ਅਧਿਆਪਕਾ ਲਈ ਹਾਈ ਸਕੂਲ ਤੋਂ ਗਰੇਜੂਏਸਨ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਸਕੂਲਾਂ ਵਿੱਚ ਵੱਡੇ ਪੱਧਰ 'ਤੇ ਸਮਾਗਮ ਹੁੰਦੇ ਹਨ। ਜਿਸ ਦੌਰਾਨ ਸਾਰੇ ਗਰੇਜੂਏਟ ਬੱਚਿਆ ਨੂੰ ਉਨ੍ਹਾਂ ਦੇ ਹਾਈ ਸਕੂਲ ਡਿਪਲੋਮੇ ਦੇਣ ਤੋਂ ਇਲਾਵਾ ਹੋਰ ਵੱਖ-ਵੱਖ ਅਕਾਦਮਿਕ ਅਤੇ ਖੇਡਾਂ ਵਿੱਚ ਮਾਣ ਪ੍ਰਾਪਤ ਕਰਨ 'ਤੇ ਸਨਮਾਨਿਤ ਕੀਤਾ ਜਾਂਦਾ ਹੈ। ਯੋਗ ਬੱਚਿਆ ਨੂੰ ਅਗਲੀ ਪੜਾਈ ਲਈ ਵਜ਼ੀਫ਼ੇ ਵੀ ਦਿੱਤੇ ਜਾਂਦੇ ਹਨ। ਪਰ ਇਸ ਸਾਲ ਕਰੋਨਾ ਵਾਇਰਸ ਕਰਕੇ ਇਹ ਸਮਾਗਮ ਨਹੀਂ ਹੋ ਸਕੇ, ਪਰ ਸ਼ੋਸ਼ਲ ਡਿਸਟਿਸ ਨੂੰ ਮੁੱਖ ਰੱਖਦੇ ਹੋਏ ਬੱਚਿਆ ਡਿਪਲੋਮੇ ਅਤੇ ਬਾਕੀ ਸਨਮਾਨ ਦਿੱਤੇ।

ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਸੁਪਰ ਸਟੋਰ 'ਵਾਲਮਾਰਟ' (Walmart) ਨੇ ਜਿੱਥੇ ਹਾਈ ਸਕੂਲ ਦੇ ਬਹੁਤ ਸਾਰੇ ਬੱਚਿਆ ਨੂੰ ਸਕੂਲ ਬੰਦ ਦੌਰਾਨ ਕੰਮ ਦਿੱਤਾ, ਉੱਥੇ ਉਨ੍ਹਾਂ ਦੇ ਸਨਮਾਨ ਵਿੱਚ ਆਪਣੇ ਕਰਮਨ ਵਾਲੇ ਸਟੋਰ ਦੇ ਅੰਦਰ ਉਚੇਚਾ ਸਮਾਗਮ ਕੀਤਾ। ਜਿੱਥੇ ਬੱਚੇ ਆਪਣੇ ਕੈਪ ਅਤੇ ਗਾਊਨ (Cap and Gown) ਪਾ ਕੇ ਅੰਦਰ ਦਾਖਲ ਹੋਏ ਅਤੇ ਉੱਥੇ ਉਨ੍ਹਾਂ ਦੀ ਪਹਿਚਾਣ ਕਰਾਉਦੇ ਹੋਏ ਸਰਟੀਫ਼ਿਕੇਟ ਅਤੇ ਗਿਫਟ ਕਾਰਡ ਦਿੱਤੇ ਗਏ।

ਇਸ ਤਰ੍ਹਾਂ ਬੱਚਿਆ ਨੂੰ ਮਾਣ-ਸਨਮਾਨ ਦਿੱਤੇ ਹੋਏ, ਉਨ੍ਹਾ ਦੀ ਖ਼ੁਸ਼ੀ ਨੂੰ ਹੋਰ ਵਧਾਇਆ। ਜਿਸ ਤੋਂ ਬੱਚੇ ਅਤੇ ਬੱਚਿਆ ਦੇ ਮਾਪੇ ਬਹੁਤ ਖੁਸ਼ ਸਨ। ਵਾਲਮਾਰਟ (Walmart) ਦੇ ਇਸ ਉਪਰਾਲੇ ਦੀ ਸਭ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

# ਭਿਆਨਕ ਤੂਫਾਨ ਦਾ ਸਾਹਮਣਾ ਕਰੇਗਾ ਮੁੰਬਈ

**ਨਵੀਂ ਦਿੱਲੀ-** ਚੱਕਰਵਾਤੀ ਤੂਫਾਨ 'ਨਿਸਰਗ' ਗੁਜਰਾਤ ਦੇ ਤਟ 'ਤੇ 3 ਜੂਨ ਨੂੰ ਦਸਤਕ ਦੇ ਸਕਦਾ ਹੈ। ਇਸ ਦੇ ਮੱਦੇਨਜ਼ਰ ਮਹਾਰਾਸ਼ਟਰ, ਗੁਜਰਾਤ, ਗੋਆ, ਦਮਨ-ਦੀਵ ਤੇ ਦਾਦਰਾ ਨਗਰ ਹਵੇਲੀ ਵਿਚ ਅਲਰਟ ਜਾਰੀ ਕੀਤਾ ਗਿਆ ਹੈ। ਇਸ ਨਾਲ ਹੋਣ ਵਾਲੀ ਤਬਾਹੀ ਦੀ ਸੰਭਾਵਨਾ ਨੂੰ ਦੇਖਦੇ ਹੋਏ ਸੂਬਾ ਸਰਕਾਰਾਂ ਨੇ ਹੇਠਲੇ ਸਥਾਨਾਂ 'ਤੇ ਰਹਿਣ ਵਾਲੇ ਲੋਕਾਂ ਨੂੰ ਕੱਢਣ ਦਾ ਹੁਕਮ ਦਿੱਤਾ ਹੈ। ਨਾਲ ਹੀ ਅੱਧਾ ਦਰਜਨ ਤੋਂ ਜ਼ਿਆਦਾ ਜ਼ਿਲ੍ਹਿਆਂ ਵਿਚ ਨੈਸ਼ਨਲ ਡਿਜਾਸਟਰ ਰਿਸਪਾਂਸ ਫੋਰਸ (ਐੱਨਡੀਆਰਐੱਫ) ਦੀਆਂ 10 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਨਿਸਰਗ ਦੇ ਖਤਰੇ ਨਾਲ ਨਿਪਟਣ ਲਈ ਕੁੱਲ ਐੱਨਡੀਆਰਐੱਫ ਦੀਆਂ 23 ਟੀਮਾਂ ਨੂੰ ਤਾਇਨਾਤ ਕੀਤਾ ਗਿਆ ਹੈ। ਐੱਨਡੀਆਰਐੱਫ ਦੀਆਂ 5 ਟੀਮਾਂ ਨੂੰ ਬਠਿੰਡਾ ਤੋਂ ਗੁਜਰਾਤ ਲਈ ਏਅਰਲਿਫਟ ਕੀਤਾ ਗਿਆ ਹੈ। ਚੱਕਰਵਾਤ ਮੁੰਬਈ ਅਤੇ ਪਾਲਘਰ ਦੇ ਨੇੜੇ ਪਹੁੰਚ ਗਿਆ ਹੈ। ਇਹ ਮੁੰਬਈ ਵਿਚ ਸਮੁੰਦਰੀ ਤਟ ਨੂੰ ਹਿਟ ਕਰਨ ਵਾਲਾ ਹੈ। ਮੁੰਬਈ ਲਈ ਇਹ ਪਹਿਲਾ ਗੰਭੀਰ ਚੱਕਰਵਾਤ ਹੋਵੇਗਾ।





ਦੇਸ਼ ਦੁਆਬਾ

## SRI GURU RAVIDASS TEMPLE PITTSBURG REOPENED NATIONWIDE RACIAL UNREST & CORONAVIRUS VERSUS SOCIALVIRUS

After a long period of lock-down for over ten weeks, Sri Guru Ravidass Temple, Pittsburg (CA) was partially reopened on May 31st, 2020 (Sunday). As advised by the Contra Costa County Administration CDC guidelines were strictly followed by the devoted members of the congregation who attended the religious services which included recitation of Path Sukhmani Sahib, Shabad Kirtan followed by ARDAS. About 35 people attended the services which started at 10:00 AM and concluded at 1.00 P.M. Kitchen and Dining hall remained closed. Guru Ghar for now will open for Sangat on Sundays only with a maximum attendance of one hundred people.

**35th ANNIVERSARY OF SRI GURU RAVIDASS TEMPLE PITTSBURG:-** Today 2nd June, 2020 Sri Guru Ravidass Temple, Pittsburg completes 35 years of its existence at present location and hearty congratulations to the entire Sangat on this historic and auspicious occasion.

**NATIONWIDE UNREST:-** It is very sad to observe that racial tensions and resentment across USA flared up because of Police brutality in an incident resulting in the death, by suffocation, of George Floyd, a black person in Police custody in Minneapolis, Minnesota on May 25th, 2020. Multiple city protests against this homicide are going on in most of the states of USA. **Former Presidents George W. Bush and Barack Obama** have also expressed their displeasure and serious concerns on this tragic incident. President Bush has said that it was time for America to examine its failures. President Obama stated that Americans should work together to create 'New Normal' in which the legacy of bigotry and unequal treatment no longer infect our institutions or our hearts.While endorsing the views of the former presidents I will like to add that America is a country where rule of law and accountability are supreme and the law should take its due course to deal with any situation but resorting to violence and disruptive behavior and lawlessness as we observe on the part of protestors should not be encouraged and every effort should be made to de-escalate the situation so that normalcy returns and a dialogue to remove the hardened crust of racial separatism in American society starts.

**CORONAVIRUS VERSUS SOCIALVIRUS:-**
While we are still faced with Coronavirus pandemic all over the world this socialvirus of racial and communal tensions should be completely kept out of our lives. This can be possible only if we listen to the inner call of our conscience, a creative latent power, which if invoked and nurtured, can bring about a healthy transformation in our thoughts, actions and behavior. It is, therefore, very important that we first realize what barriers and divisions are keeping us apart from each other. We need to build bridges of mutual understanding and work together to create a fertile ground to sow the seeds of love for all and hatred for none.

**Ambedkar Times & Desh Doaba** weekly newspapers also heartily share concerns mentioned above with congratulations on Gurughar's 35th Anniversary.

With prayers

**- O.P. Balley**

Invited Editorial

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-136

## ਚੌਰਾਸੀ ਨਰਕ ਤੇ ਚਉਰਾਸੀ ਲੱਖ ਜੂਨਾਂ ਬਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

"ਨਰਕ" ਸੰਸਕ੍ਰਿਤਕ ਸ਼ਬਦ ਤੇ ਅਰਥ ਮੰਨੀ ਗਈ ਉਹ ਥਾਂ ਜਿੱਥੇ ਪਾਪੀਆਂ ਨੂੰ ਮੌਤ ਤੋਂ ਬਾਅਦ ਸਜ਼ਾ ਵਜੋਂ ਰੱਖਿਆ ਜਾਂਦਾ ਤੇ ਇਸ ਦਾ ਮੁਖੀ ਯਮਰਾਜ ਹੈ। ਮਿੱਥ ਮੁਤਾਬਿਕ ਇਹ ਬ੍ਰਹਿਮੰਡ ਦੇ ਦੱਖਣ 'ਚ ਧਰਤੀ ਥੱਲੇ ਸਥਿਤ ਹੈ। ਨਰਕਾਂ ਦੀ ਗਿਣਤੀ, ਨਾਮ ਅਤੇ ਉੱਥੇ ਭੇਜੇ ਜਾਣ ਵਾਲੇ ਪਾਪੀਆਂ ਬਾਰੇ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਵਿਚਾਰ ਦਿੱਤੇ ਗਏ ਹਨ। ਮੌਤ ਤੋਂ ਬਾਅਦ, ਯਮ ਦੇ ਸੰਦੇਸ਼ਵਾਹਕ ਜਿਨ੍ਹਾਂ ਨੂੰ ਯਮਦੂਤ ਕਹਿੰਦੇ ਨੇ ਸਭ ਰੂਹਾਂ ਨੂੰ ਉਸ ਦੀ ਹਜੂਰੀ ਵਿੱਚ ਪੇਸ਼ ਕਰਦੇ ਹਨ ਜਿੱਥੇ "ਯਮ" ਉਨ੍ਹਾਂ ਦੇ ਗੁਣਾਂ ਅਤੇ ਅਵਗੁਣਾਂ ਨੂੰ ਵੇਖਦੇ ਹੋਏ ਫੈਸਲਾ ਸੁਣਾਉਂਦੇ ਤੇ ਨੇਕੀ ਕਰਨ ਵਾਲਿਆਂ ਨੂੰ ਸਵਰਗ ਅਤੇ ਪਾਪੀਆਂ ਨੂੰ ਕਰਮਾਂ ਅਧਾਰਤ ਵੱਖ-ਵੱਖ ਨਰਕਾਂ ਵਿੱਚ ਭੇਜਿਆ ਜਾਂਦਾ ਹੈ। ਕੁਝ ਕੁ ਲਿਖਤਾਂ ਵਿੱਚ ਨਰਕ ਨੂੰ ਹਨੇਰੇ ਦੇ ਇੱਕ ਡੂੰਘੇ ਟੋਏ ਵਜੋਂ ਦੱਸਿਆ ਗਿਐ ਜਿੱਥੇ ਰੂਹ ਹਮੇਸ਼ਾਂ ਲਈ ਕੈਦ ਅਤੇ ਪੁਨਰ ਜਨਮ ਤੋਂ ਵੰਚਿਤ ਰਹਿੰਦੀ ਹੈ।

ਪੁਜਾਰੀਆਂ ਨੇ ਨਰਕ ਦੇ ਡਰਾਵੇ ਦੇ ਪੂਜਾ ਪਾਠ ਜਾਂ ਮੰਤ੍ਰ ਜਾਪ ਕਰਕੇ ਵੱਧ ਤੋਂ ਵੱਧ ਦਾਨ ਪੁੰਨ ਕਰਕੇ ਨਰਕਾਂ ਤੋਂ ਬਚਾਵ ਲਈ ਆਪਣੇ ਹਲਵਾਮੰਡੇ ਦੀ ਲੁੱਟ ਪੱਕੀ ਕੀਤੀ ਤੇ ਪੁਜਾਰੀਆਂ ਨੇ ਨਰਕਾਂ ਦੀ ਗਿਣਤੀ ਵੀ ਵੱਖ-ਵੱਖ ਦੱਸੀ ਹੋਈ ਹੈ। ੮੪ ਲੱਖ ਗਿਣਤੀ ਕਿਤੇ ਵੀ ਨਹੀਂ ਮਿਲਦੀ ਕੇਵਲ "ਬ੍ਰਹਮਵੈਵਰਤ ਪੁਰਾਨ" ਵਿੱਚ ਇਹ ਗਿਣਤੀ ੮੬ ਲੱਖ ਹੈ। ਗੁਰੂ ਨਾਨਕ ਸਾਹਿਬ ਨੇ ਮਨੌਤ ਅਨੁਸਾਰ ਚਉਰਾਸੀ ਨਰਕਾਂ ਦਾ ਉਲੇਖ ਕੀਤਾ-ਚਉਰਾਸੀ ਨਰਕ ਸਾਕਤੁ ਭੋਗਾਈਐ॥ ਜੈਸਾ ਕੀਚੈ ਤੈਸਾ ਪਾਈਐ॥ ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੈ॥(੧੦੨੮) ਇੱਥੇ ਗੁਰੂ ਜੀ ਅਨੁਸਾਰ ਕੁਕਰਮ ਤੇ ਔਗੁਣ ਹੀ ਨਰਕ ਹਨ। ਗੁਰ ਰਹਿਮਤ ਸਦਕਾ ਗਿਆਨਵਾਨ ਭਲੇ ਪੁਰਖਾਂ ਨੇ ਪੁਜਾਰੀ ਵੱਲੋਂ ਮੰਨੇ ਗਏ ਨਰਕ ਤੇ ਸਵਰਗ ਰੱਦ ਕਰ ਦਿੱਤੇ-ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥ ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥ (ਕਬੀਰ-੯੬੯) ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥ ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥(ਕਬੀਰ-੩੩੭) ਇਉਂ ਗੁਰਮਤਿ ਕਲਪੇ ਨਰਕਾਂ ਸੁਵਰਗਾਂ ਦਾ ਭਰਵਾਂ-ਖੰਡਨ ਕਰਦੀ ਹੈ।

ਚਉਰਾਸੀ ਲੱਖ ਜੂਨਾਂ-ਜੋਨ ਸੰਸਕ੍ਰਿਤ ਦੇ ਜੋਨਿ ਸ਼ਬਦ ਦਾ ਅਪਭ੍ਰੰਸ਼ ਰੂਪ ਹੈ। ਪੁਰਾਤਨ ਭਾਰਤੀ ਗ੍ਰੰਥਾਂ ਅਨੁਸਾਰ ੮੪ ਲੱਖ ਜੂਨਾਂ ਹਨ। ਇਨ੍ਹਾਂ 'ਚ ਜਲ, ਥਲ, ਵਾਯੂ ਅਤੇ ਅਕਾਸ਼ ਵਿੱਚ ਉੱਡਣ ਵਾਲੇ ਸਾਰੇ ਪ੍ਰਾਣੀ ਸ਼ਾਲਮ ਹਨ। ਗੁਰੂ ਸਾਹਿਬ ਤਾਂ ਜੂਨਾਂ ਦੀ ਗਿਣਤੀ ਅਣਗਿਣਤ ਦੱਸਦੇ ਹਨ-ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥(ਜਪੁ) ਜੂਨਾਂ ਦੀ ਉਤਪਤੀ ਨੂੰ ਚਾਰ ਖਾਣੀਆਂ ਅੰਡਜ, ਜੇਰਜ, ਉਤਭੁਜ ਤੇ ਸੇਤਜ ਵਿੱਚ ਵੰਡਿਆ ਗਿਆ ਹੈ-ਅੰਡਜ ਜੇਰਜ ਉਤਭੁਜ ਸੇਤਜ ਤੇਰ ਕੀਤੇ ਜੰਤਾ॥(ਮ:੫-੫੯੬) ਮੱਧ-ਯੁੱਗ ਦੇ ਭਗਤ ਸਕਾਲਰਾਂ ਨੇ ੮੪ ਲੱਖ ਜੂਨਾਂ ਦੀ ਗਿਣਤੀ ਨੂੰ ਇਕ ਮੁਹਾਵਰੇ ਵਜੋਂ ਸਵੀਕਾਰਿਐ ਪਰ ਗੁਰੂ ਸਾਹਿਬ ਨੇ ਮਨੁੱਖਾ ਜੂਨ ਨੂੰ ਉੱਤਮ ਮੰਨਿਐਂ-ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥(ਮ:੩-੩੭੪)

ਆਮ ਤੌਰ 'ਤੇ ਮਨੁੱਖ ਅਤੇ ਪਸ਼ੂ-ਪੰਛੀਆਂ ਨੂੰ ਅਲਗ-ਅਲਗ ਜੂਨਾਂ ਸਮਝਿਆ ਜਾਂਦਾ ਹੈ। ਸਰੀਰਕ ਰੂਪ 'ਚ ਵੇਖਣ ਨੂੰ ਮਨੁੱਖ ਅਤੇ ਪਸ਼ੂ-ਪੰਛੀ ਵੱਖੋ-ਵੱਖਰੇ ਹਨ। ਆਦਮੀ ਭਾਵੇਂ ਆਪਣੇ ਆਪ ਨੂੰ ਉੱਤਮ ਪਿਆ ਸਮਝੇ ਲੇਕਿਨ ਸ਼ਬਦ ਗੁਰੂ ਗ੍ਰੰਥ ਸਾਹਿਬ ਤੇ ਸਰਬਵਿਆਪੀ ਗਿਆਨ ਦੇ ਨਜ਼ਰੀਏ 'ਚ ਕਰਨੀ ਤੇ ਸੋਚਣੀ ਕਰਕੇ, ਉਹ ਹਰ ਵੇਲੇ ਮਨੁੱਖ ਨਹੀਂ ਹੈ। ਦੇਖੋ-ਜਿਨ੍ਹਾਂ ਮਨੁੱਖਾਂ ਨੇ ਸਤਿਗੁਰ ਅਨੁਸਾਰ ਸਵੈ-ਪੜਚੋਲ ਕਰਕੇ ਆਪਣੀਆਂ ਕਰਨੀ-ਕਰਤੂਤਾਂ ਨੂੰ ਸੋਧਿਆ ਨਹੀਂ ਉਹ ਲਗਦੇ ਭਾਵੇਂ ਮਨੁੱਖ ਪਰ ਕਰਨੀਆਂ ਕਰਕੇ ਪਸ਼ੂ ਢੋਰ ਗਵਾਰ ਹੀ ਹਨ-ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥ ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ॥(੧੪੧੮) ਕੇਵਲ ਬਾਹਰੋਂ ਚਮੜੀ ਹੀ ਮਨੁੱਖਾਂ ਵਾਲੀ ਪਰ ਅੰਦਰੋਂ ਪਸ਼ੂ ਹਨ-ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ॥ ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ॥(੧੨੮੪) ਰਤਨ ਵਰਗੀ ਮਤ ਤਿਆਗ ਕੇ ਨੀਵੀਂ ਮਤ ਕਾਰਨ ਮਨੁੱਖ ਵੀ ਪਸ਼ੂ ਹੈ-ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ॥(੫੪੭) ਲੋਭ ਕਾਰਨ ਹਲਕੇ ਕੁੱਤੇ ਦੀ ਨਿਆਈਂ ਹੈ-ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥(੯੮੩) ਮਨੁੱਖ ਪਸ਼ੂਆਂ ਵਾਲੇ ਕੰਮ ਕਰਦੈ ਪਰ ਆਪਣੇ ਆਪ ਨੂੰ ਪਛਾਣਦਾ ਨਹੀਂ ਹੈ-ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ॥(੧੧੩੨) ਜਦੋਂ ਮਨੁੱਖ ਕਿਸੇ ਵੀ ਕਿਸਮ ਦੇ ਰਾਜ ਅਭਿਮਾਨ ਕਾਰਨ ਦੂਜਿਆਂ ਤੇ ਹਾਵੀ ਹੁੰਦੈ ਉਹ ਆਤਮਕ ਤੌਰ 'ਤੇ ਓਦੋਂ ਹੀ, ਅੱਜ ਹੀ ਨਰਕਪਾਤੀ ਕੁੱਤਾ ਹੈ-ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥(੨੭੮) ਰੱਬੀ ਗੁਣਾਂ ਤੋਂ ਬਿਨਾ ਮਨੁੱਖ ਹਲਕੇ ਕੁੱਤੇ ਦੀ ਵਾਂਗ ਹੈ-ਬਿਨੁ ਸਿਮਰਨ ਕੂਕਰ ਹਰਕਾਇਆ॥(੨੩੯) ਜੋ ਸੱਚ ਨਾਲ ਨਹੀਂ ਜੁੜਦਾ ਮਾਨੋ ਉਸ ਦਾ ਸਰੀਰ ਸੂਰ ਤੇ ਕੁੱਤਾ ਹੀ ਹੈ-ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥ ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥(੧੪੨੮) ਸੱਚ ਤੋਂ ਮੁਨਕਰ ਮਨੁੱਖ ਗਧੇ ਵਰਗਾ ਹੀ ਹੈ-ਬਿਨੁ ਸਿਮਰਨ ਗਰਧਭ ਕੀ ਨਿਆਈ॥(੨੩੯) ਜੋ ਮਨੁੱਖ ਪ੍ਰਭੂ ਜਸ ਨਹੀਂ ਸੁਣਦਾ ਉਹ ਪਸੂ-ਪੰਖੀ ਤੇ ਤ੍ਰਿਗਦ ਜੋਨ ਤੋਂ ਵੀ ਮੰਦਾ ਹੈ-ਜੋ ਨ ਸੁਨਹਿ ਜਸੁ ਪਰਮਾਨੰਦਾ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥ (੧੯੮) ਗੁਣਹੀਣ ਹੰਕਾਰੀ ਮਨੁੱਖ ਹੁਣੇ ਹੀ ਖੋਤੇ ਵਰਗਾ ਹੈ-ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥(੧੪੧੧) ਆਪਣਾ ਮੂਲ ਨ ਬੁਝਨ ਵਾਲਾ ਮਨੁੱਖ ਪਸ਼ੂ ਢੋਰ ਹੀ ਹੈ-ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥(੫੧) ਉਹ ਕੂੜੇ ਮਨੁੱਖ ਮਾਨੋਂ ਕੁੱਤੇ ਤੇ ਸੂਰ ਦੀ ਜੂਨ ਭੋਗ ਰਹੇ ਨੇ ਜੋ ਥਾਂ ਥਾਂ ਨਿੰਦਿਆਂ ਦੀ ਗੰਦਗੀ ਖਾਂਦੇ ਲੋਕਾਂ ਨੂੰ ਬੁਰ-ਭਲਾ ਬੋਲਦੇ ਹਨ-ਕੂਕਰ ਸੂਕਰ ਕਹੀਅਹਿ ਕੂੜਿਆਰਾ॥ ਭਉਕਿ ਮਰਹਿ ਭਉ ਭਉ ਭਉ ਹਾਰਾ। (੧੦੨੯) ਗੁਰ-ਉਪਦੇਸ਼ ਨਾਂ ਕਮਾਉਣ ਵਾਲੇ ਮਨੁੱਖ ਦਾ ਜਨਮ ਧ੍ਰਿਗ ਤੇ ਭ੍ਰਿਸ਼ਟ ਹੈ। ਮਾਨੋਂ ਉਹ ਕੁੱਤਿਆਂ, ਸੂਰਾਂ, ਗਧਿਆਂ, ਕਾਵਾਂ ਅਤੇ ਸੱਪਾਂ ਆਦਿਕ ਬਰਾਬਰ ਹੈ-ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥(੧੩੫੬) "ਸ਼ਬਦ ਗੁਰੂ ਗ੍ਰੰਥ" ਵਿਖੇ ਐਸੇ ਅਨੇਕਾਂ ਪ੍ਰਮਾਣ ਜਿਨ੍ਹਾਂ 'ਚ ਪ੍ਰੌਢਾਵਾਦੀ ਢੰਗ ਨਾਲ ਪਸ਼ੂ-ਪੰਛੀਆਂ ਦੇ ਲਫਜ਼ ਵਰਤ ਕੇ ਮਨੁੱਖ ਨੂੰ ਸਤਿਗੁਰ ਨੇ ਦ੍ਰਿੜ ਕਰਵਾਇਐ ਕਿ ਮਾਨਸ-ਜਾਤ ਮਨੁੱਖ ਕਰਤੂਤਾਂ ਪਸ਼ੂਆਂ ਵਾਲੀਆਂ ਕਰਦੈ-ਕਰਤੂਤਿ ਪਸੂ ਕੀ ਮਾਨਸ ਜਾਤਿ॥(ਸੁਖਮਨੀ) ਜੇਕਰ ਮਨੁੱਖ ਸੱਚੇ ਗਿਆਨ (ਯੂਨੀਵਰਸਲ ਟਰੁੱਥ) ਅਨੁਸਾਰ ਜਿਊਂਦੈ ਤਾਂ ਮਾਨੋ ਉਸਨੇ ਮਨੁੱਖਾ ਦੇਹੀ ਪ੍ਰਾਪਤ ਕੀਤੀ ਹੈ-ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥(੧੧੫੯) ਵਰਨਾ ਮਨੁੱਖੀ ਸਰੀਰ ਪ੍ਰਾਪਤ ਕਰਕੇ ਵੀ ਉਹ ਕਰਤੂਤਾਂ ਕਾਰਨ ਪਸ਼ੂ ਹੀ ਹੈ। ਭਾਵ ਆਦਮੀ ਤੇ ਔਰਤ ਕੋਲ ਮਨੁੱਖਾਂ ਵਾਲਾ ਸਰੀਰ ਤਾਂ ਹੈ ਪਰ ਅੰਦਰਲੀ ਬਿਰਤੀ, ਸੋਚ ਕਾਰਨ ਪਸ਼ੂ, ਪੰਛੀ, ਸੱਪ, ਖੋਤਾ ਹੀ ਹੈ। ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਪ੍ਰੌਢਾਵਾਦੀ ਢੰਗ ਨਾਲ ਮਨੁੱਖ ਅਤੇ ਪਸ਼ੂ-ਪੰਛੀ ਅਵਸਥਾ ਦੀਆਂ ਜੂਨੀਆਂ ਨੂੰ ਬਿਆਨ ਕਰਦੇ ਹੋਏ ਮਨੁੱਖ ਨੂੰ ਉੱਚੀ-ਸੁੱਚੀ ਕਰਨੀ ਵੱਲ ਪ੍ਰੇਰਿਤ ਕਰਦੀ ਹੈ।

"ਸ਼ਬਦ ਗੁਰੂ ਗ੍ਰੰਥ ਸਾਹਿਬ" ਅਨੁਸਾਰ ਕੁੱਤਾ ਵੀ ਚੰਗੈ ਪਰ ਜਿਹੜਾ ਮਨੁੱਖ ਇਨਸਾਨੀਅਤ ਭਰਪੂਰ ਜ਼ਿੰਦਗੀ ਨਾ ਜਿਊ ਕੇ ਪਸ਼ੂਆਂ ਵਾਲੀਆਂ ਕਰਤੂਤਾਂ ਕਰਦੈ ਉਸ ਦੀ ਮਨੁੱਖਾ-ਜੂਨ ਵੀ ਬੇਕਾਰ ਹੈ-ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥(੧੪੨੮) ਭੈੜੇ ਮਨੁੱਖਾਂ ਨਾਲੋਂ ਪਸ਼ੂ ਚੰਗੇ ਨੇ ਜੋ ਘਾਹ-ਫੂਸ ਖਾ ਕੇ ਦੁੱਧ ਰੂਪ ਅੰਮ੍ਰਿਤ ਦਿੰਦੇ ਤੇ ਪ੍ਰਭੂ ਨਿਯਮ ਦੀ ਪਾਲਣਾ ਨਾ ਕਰਨ ਵਾਲੇ ਕੁਕਰਮੀਆਂ ਦਾ ਜੀਵਨ ਫਿਟਕਾਰਯੋਗ ਹੈ-ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥ (੪੮੯)

"ਸ਼ਬਦ ਗੁਰੂ ਗ੍ਰੰਥ" ਵਿਖੇ ਐਸੇ ਅਨੇਕਾਂ ਪ੍ਰਮਾਣ ਜੋ ਇਹ ਦ੍ਰਿੜਾਉਂਦੇ ਹਨ ਕਿ ਮਨੁੱਖਾ ਸਰੀਰ "ਮਾਨਸ ਜੂਨ" ਨਹੀਂ ਸਗੋਂ ਮਾੜੀਆਂ ਕਰਤੂਤਾਂ ਕਰਕੇ ਮਾਨਸਕ ਰੂਪ 'ਚ "ਪਸ਼ੂ-ਪੰਛੀ" ਦੀ ਜੂਨ ਵਿਚ ਹੀ ਹੈ। ਸਤਿਗੁਰ ਅਨੁਸਾਰ ਉੱਚੇ-ਜੀਵਨ ਵਾਲੇ ਮਨੁੱਖ ਬਣਨ ਨਾਲ ਜੋ ਆਤਮਕ ਅਵਸਥਾ ਪ੍ਰਾਪਤ ਹੁੰਦੀਏ ਉਸ ਨੂੰ ਹੀ "ਮਾਨਸ ਜੂਨ" ਆਖੀਦੈ ਇਹ ਸੋਝੀ ਸ਼ਬਦ ਗੁਰੂ ਗ੍ਰੰਥ ਸਾਹਿਬ ਅਤੇ ਸਰਬਸਾਂਝੇ ਸੱਚੇ ਗਿਆਨ ਤੋਂ ਲਈ ਜਾ ਸਕਦੀ ਹੈ। ਬੁਰੇ ਕਰਮ ਤੇ ਸੁਭਾਅ ਇੱਥੇ ਹੀ ਨਰਕ ਤੇ ਜੂਨਾਂ ਹਨ। ਇਸ ਲਈ ਸਾਨੂੰ ਪੁਜਾਰੀਆਂ ਦੇ ਕਲਪੇ ਨਰਕਾਂ ਅਤੇ ਆਵਾ-ਗਵਣ ਜੂਨਾਂ ਤੋਂ ਡਰਨਾ ਨਹੀਂ ਚਾਹੀਦਾ।

# ਕੀ ਇਸ ਵਰ੍ਹੇ ਪੰਜਾਬ ਦੇ ਸਕੂਲਾਂ ਕਾਲਜਾਂ ਦੇ ਖੇਡ ਵਿੰਗ ਚਾਲੂ ਹੋਣਗੇ ?

ਕਰੋਨਾ ਵਾਇਰਸ ਕਾਰਨ ਪੰਜਾਬ ਦਾ ਸਿੱਖਿਆ ਤੰਤਰ ਅਤੇ ਖੇਡ ਢਾਂਚਾ ਪੂਰੀ ਤਰ੍ਹਾਂ ਅਜੇ ਤੱਕ ਡੈਂਡ ਹੈ ਮਾਰਚ ਮਹੀਨੇ ਤੋਂ ਬਾਅਦ ਸਕੂਲਾਂ ਅਤੇ ਕਾਲਜਾਂ ਦੀਂ ਹਰ ਗਤੀਵਿਧੀ ਪੂਰੀ ਤਰ੍ਹਾਂ ਠੱਪ ਹੋਈ ਪਈ ਹੈ । ਪੰਜਾਬ ਸਰਕਾਰ ਅਜੇ ਵੀ ਸਕੂਲਾਂ ਅਤੇ ਕਾਲਜਾਂ ਨੂੰ ਖੋਲ੍ਹਣ ਬਾਰੇ ਕੋਈ ਫ਼ੈਸਲਾ ਨਹੀਂ ਲੈ ਸਕੀ ਇੱਥੋਂ ਤੱਕ ਕਿ ਕੁਝ ਅਹਿਮ ਕਲਾਸਾਂ ਦੇ ਪੇਪਰ ਰੱਦ ਕਰਨੇ ਪਏ ਅਤੇ ਕੁਝ ਕਲਾਸਾਂ ਦੇ ਅਜੇ ਵਿਚਾਰ ਅਧੀਨ ਹਨ ਇਹ ਪਹਿਲੀ ਵਾਰ ਹੋਇਆ ਹੈ ਕਿ ਬੱਚਿਆਂ ਦੇ ਬਿਨਾਂ ਪੇਪਰ ਲਏ ਉਨ੍ਹਾਂ ਨੂੰ ਪਾਸ ਕਰਕੇ ਅਗਲੀਆਂ ਕਲਾਸਾਂ ਵਿੱਚ ਭੇਜਣਾ ਪਿਆ ਹੈ ।



ਸਕੂਲਾਂ ਕਾਲਜਾਂ ਦੀ ਪੜ੍ਹਾਈ ਵਾਲਾ ਤਾਣਾ ਬਾਣਾ ਬੁਰੀ ਤਰ੍ਹਾਂ ਉਲਝਿਆ ਪਿਆ ਹੈ ਨਵਾਂ ਸੈਸ਼ਨ ਸ਼ੁਰੂ ਹੋ ਚੁੱਕਾ ਹੈ ਕਿ ਕੀ ਪੰਜਾਬ ਦਾ ਖੇਡ ਵਿਭਾਗ ਅਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਇਸ ਵਰ੍ਹੇ ਆਪਣੀਆਂ ਖੇਡ ਸਰਗਰਮੀਆਂ ਨੂੰ ਜਾਰੀ ਰੱਖ ਸਕੇਗਾ ਕਿ ਸਕੂਲਾਂ ਕਾਲਜਾਂ ਦੇ ਖੇਡ ਵਿੰਗ ਇਸ ਵਰ੍ਹੇ ਚੱਲਣਗੇ? ਇਕ ਇਸ 2020 ਵਰ੍ਹੇ ਦਾ ਵੱਡਾ ਸਵਾਲ ਹੈ ।

ਜਿੱਥੋਂ ਤੱਕ ਪੰਜਾਬ ਖੇਡ ਵਿਭਾਗ ਦੀ ਗੱਲ ਹੈ ਕਿ ਉਸ ਨੇ ਆਪਣੇ ਖੇਡ ਵਿੰਗਾਂ ਲਈ ਖਿਡਾਰੀਆਂ ਦੇ ਚੋਣ ਟਰਾਇਲ ਜਨਵਰੀ ਫਰਵਰੀ ਮਹੀਨੇ ਲੈ ਲਏ ਸਨ ਅਤੇ ਉਨ੍ਹਾਂ ਦੀ ਅਗਲੀ ਯੋਜਨਾ ਵੀ ਘੜ ਲਈ ਸੀ ਜੋ ਕਿ ਅਪ੍ਰੈਲ ਮਹੀਨੇ ਤੋਂ ਖੇਡ ਵਿੰਗ ਚਾਲੂ ਹੋ ਜਾਣੇ ਸਨ ਪਰ ਕਰੋਨਾ ਵਾਇਰਸ ਦੇ ਆਉਣ ਨਾਲ ਖੇਡ ਵਿੰਗਾਂ ਦਾ ਸਾਰਾ ਮਸਲਾ ਦਫ਼ਤਰਾਂ ਅਤੇ ਰਜਿਸਟਰਾਂ ਤੱਕ ਹੀ ਸੀਮਤ ਰਹਿ ਗਿਆ ਹੈ ਉਸ ਤੋਂ ਬਾਅਦ ਪੰਜਾਬ ਸਕੂਲ ਸਿੱਖਿਆ ਵਿਭਾਗ ਜੋ ਵੱਖ ਵੱਖ ਸਕੂਲਾਂ ਵਿੱਚ ਆਪਣੇ ਖੇਡ ਵਿੰਗ ਚਲਾਉਂਦਾ ਹੈ ਉਸ ਦੀ ਅਜੇ ਕੋਈ ਨੀਤੀ ਹੀ ਨਹੀਂ ਬਣੀ ਸੀ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਖੇਡ ਵਿੰਗ ਪਿਛਲੇ ਸਾਲ ਸਤੰਬਰ ਮਹੀਨੇ ਚੱਲੇ ਸਨ ਇਸ ਵਾਰ ਅਧਿਕਾਰੀ ਇਹ ਦਾਅਵਾ ਕਰ ਰਹੇ ਸਨ ਕਿ ਅਸੀਂ ਸਕੂਲਾਂ ਦੇ ਖੇਡ ਵਿੰਗ ਅਪ੍ਰੈਲ ਜਾਂ ਮਈ ਮਹੀਨੇ ਸ਼ੁਰੂ ਕਰ ਦੇਣੇ ਹਨ ਪਰ ਕਰੋਨਾ ਮਹਾਂਮਾਰੀ ਕਾਰਨ ਸਾਰਾ ਸਿਸਟਮ ਠੱਪ ਹੋ ਕੇ ਰਹਿ ਗਿਆ ਹੈ ਕਿਸੇ ਨੂੰ ਕਸੂਰਵਾਰ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਕੁਦਰਤੀ ਆਫ਼ਤਾਂ ਅੱਗੇ ਇਨਸਾਨ ਦਾ ਕੋਈ ਜ਼ੋਰ ਨਹੀਂ ਹੁੰਦਾ ਇਸ ਵਕਤ ਪੰਜਾਬ ਸਰਕਾਰ ਅਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਨੂੰ ਸਕੂਲ ਖੁੱਲ੍ਹਣ ਦੇ ਲਾਲੇ ਪਏ ਹੋਏ ਹਨ ਕਿ ਕਿਸ ਤਰ੍ਹਾਂ ਸਕੂਲਾਂ ਦਾ ਪੜ੍ਹਾਈ ਦਾ ਸਿਸਟਮ ਸ਼ੁਰੂ ਕੀਤਾ ਜਾਵੇ ਭਾਵੇਂ ਥੋੜ੍ਹਾ ਬਹੁਤਾ ਸਿਸਟਮ ਆਨਲਾਈਨ ਚਲਾਇਆ ਹੈ ਪਰ ਗੱਲ ਨਹੀਂ ਬਣ ਰਹੀ ਹੈ ਇਸ ਤੋਂ ਇਲਾਵਾ ਬੱਚਿਆਂ ਦੇ ਮਾਪਿਆਂ ਅਤੇ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਵਿਚਕਾਰ ਫੀਸਾਂ ਲੈਣ ਜਾਂ ਫੀਸਾਂ ਮੁਆਫ਼ ਕਰਨ ਦੀ ਕਸ਼ਮਕਸ਼ ਚੱਲ ਰਹੀ ਹੈ ਬੱਚਿਆਂ ਦੇ ਮਾਪੇ ਪਿੱਟ ਰਹੇ ਹਨ ਕਿ ਕਾਰੋਬਾਰ ਬੁਰੀ ਤਰ੍ਹਾਂ ਠੱਪ ਹੋ ਗਏ ਹਨ ਸਕੂਲਾਂ ਵਿੱਚ ਕੋਈ ਪੜ੍ਹਾਈ ਨਹੀਂ ਹੋਈ ਅਸੀਂ ਫੀਸਾਂ ਕਿੱਥੋਂ ਦੇਈਏ ,ਸਕੂਲਾਂ ਦੀਆਂ ਪ੍ਰਬੰਧਕੀ ਕਮੇਟੀਆਂ ਆਪਣਾ ਚੀਕ ਚਿਹਾੜਾ ਪਾ ਰਹੀਆਂ ਹਨ ਕਿ ਅਸੀਂ ਟੀਚਰਾਂ, ਦੀਆਂ ਮੁਲਾਜ਼ਮਾਂ ਦੀਆਂ ਤਨਖ਼ਾਹ ਕਿੱਥੋਂ ਅਤੇ ਕਿਵੇਂ ਦੇਵਾਂਗੇ ਸਿਸਟਮ ਬੁਰੀ ਤਰ੍ਹਾਂ ਠੱਪ ਹੋ ਚੁੱਕਾ ਹੈ ਪੈਸਾ ਕਿਸੇ ਪਾਸਿਓਂ ਆ ਨਹੀਂ ਰਿਹਾ ਸਰਕਾਰ ਬੇਵੱਸ ਹੈ ਪਬਲਿਕ ਸਕੂਲਾਂ ਦੀਆਂ ਪ੍ਰਬੰਧਕੀ ਕਮੇਟੀਆਂ ਪੂਰੀ ਤਰ੍ਹਾਂ ਡਾਵਾਂਡੋਲ ਹਨ ਸਾਰੇ ਮੁਲਾਜ਼ਮ ਤਨਖ਼ਾਹ ਦੀ ਉਡੀਕ ਵਿੱਚ ਹਨ ਬੱਚਿਆਂ ਦੇ ਮਾਪਿਆਂ ਨੂੰ ਹਰ ਪਾਸੇ ਹਨੇਰਾ ਹੀ ਦਿੱਸਦਾ ਹੈ ਗੱਲ ਹੈ ਇੱਥੇ ਮੁੱਕਦੀ ਹੈ ਕਿ ਜੇਕਰ ਸਿੱਖਿਆ ਤੰਤਰ ਹੀ ਸਹੀ ਤਰੀਕੇ ਨਾਲ ਨਹੀ ਚੱਲ ਰਿਹਾ ਫੇਰ ਖੇਡ ਸਰਗਰਮੀਆਂ ਜਾਂ ਖੇਡ ਵਿੰਗ ਕਿਸ ਤਰ੍ਹਾਂ ਸ਼ੁਰੂ ਹੋ ਸਕਦੇ ਹਨ ਸਕੂਲਾਂ ਤੋਂ ਇਲਾਵਾ ਕਾਲਜਾਂ ਦਾ ਦਾ ਵੀ ਸਾਰਾ ਸਿਸਟਮ ਕਰੋਨਾ ਵਾਇਰਸ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਪਿਆ ਹੈ।ਇਸ ਕਰਕੇ ਇਸ ਸਾਲ ਦੇ ਵਿੱਚ ਬਹੁਤ ਹੀ ਮੁਸ਼ਕਿਲ ਜਾਪ ਰਿਹਾ ਹੈ ਕਿ ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਦੇ ਖੇਡ ਵਿੰਗ ਚੱਲਣਗੇ ਬਾਕੀ ਪ੍ਰਮਾਤਮਾ ਹੱਥ ਵਾਗਡੋਰ ਹੈ ਅਤੇ ਵਕਤ ਦੀ ਮੌਜ ਹੈ ਕਿ ਆਉਣ ਵਾਲਾ ਸਮਾਂ ਕਿਸ ਤਰ੍ਹਾਂ ਦਾ ਬਣਦਾ ਹੈ ਉਸ ਉੱਤੇ ਹੀ ਨਿਰਭਰ ਹੈ ਜੇਕਰ ਮਾਹੌਲ ਸੁਹਾਵਨਾ ਹੋ ਗਿਆ ਅਤੇ ਦੁਨੀਆਂ ਦੀ ਗੱਡੀ ਲੀਹ ਤੇ ਆ ਗਈ ਫਿਰ ਤਾਂ ਸਕੂਲਾਂ ਦੀਆਂ ਰੌਣਕਾਂ ਵਾਪਸ ਆਉਣਗੀਆਂ ਸਿੱਖਿਆ ਪ੍ਰਣਾਲੀ ਸ਼ੁਰੂ ਹੋਵੇਗੀ ਅਤੇ ਖੇਡ ਵਿੰਗਾਂ ਦੀ ਧੜੱਲੇਦਾਰ ਵਾਪਸੀ ਹੋਵੇਗੀ ਬਾਕੀ ਸਮਾਂ ਹੀ ਦੱਸੇਗਾ ਕਿ ਪ੍ਰਮਾਤਮਾ ਨੂੰ ਕੀ ਮਨਜ਼ੂਰ ਹੈ ਇਸ ਵਰ੍ਹੇ ਸਕੂਲਾਂ ਅਤੇ ਕਾਲਜਾਂ ਦੇ ਖੇਡ ਵਿੰਗਾਂ ਦਾ ਰੱਬ ਹੀ ਰਾਖਾ ਹੈ ।



- ਜਗਰੂਪ ਸਿੰਘ ਜਰਖੜ
91-98143-00722


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗੁਰੂ ਰਵਿਦਾਸ ਦੀ ਮੂਰਤੀ ਗੰਗਾ ਵਿਚ ਸੁੱਟਣ ਵਾਲਾ ਪਕੜਿਆ

**ਹਰਿਦੁਆਰ–** ਚਾਰ ਦਿਨ ਪਹਿਲਾਂ ਚੰਡੀਪਾਟ ਸਥਿਤ ਨਮਾਮਿ ਗੰਗੇ ਘਾਟ ’ਤੇ ਰੱਖੀ ਗੁਰੂ ਰਵਿਦਾਸ ਮਹਾਰਾਜ ਦੀ ਮੂਰਤੀ ਨੂੰ ਗੰਗਾ ਵਿਚ ਸੁੱਟਣ ਵਾਲੇ ਦੋਸ਼ੀ ਨੂੰ ਸ਼ਿਆਨਪੁਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ, ਜਿਸਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

ਸ਼ਿਆਮਪੁਰ ਐਸ. ਓ. ਦੀਪਕ ਕਠੈਤ ਮੁਤਾਬਕ 26 ਮਈ ਨੂੰ ਅਣਪਛਾਤੇ ਵਿਅਕਤੀ ਨੇ ਚੰਡੀਘਾਟ ਸਥਿਤ ਨਮਾਮਿ ਗੰਗੇ ਘਾਟ ਤੇ ਸਥਾਪਤ ਗੁਰੂ ਰਵਿਦਾਸ ਦੀ ਮੂਰਤੀ ਨੂੰ ਗੰਗਾ ਵਿਚ ਸੁੱਟ ਦਿੱਤਾ ਸੀ, ਜਿਸਦੇ ਸਬੰਧ ਵਿਚ ਵਿਸ਼ਵ ਮਹਾਂਪੀਠ ਦੇ ਪ੍ਰਦੇਸ਼ ਪ੍ਰਧਾਨ ਰਾਮ ਕਿਸ਼ਨ ਦੁਆਰਾ ਸ਼ਿਆਮਪੁਰ ਵਿਚ ਅਣਪਛਾਤੇ ਵਿਅਕਤੀ ਦੇ ਖ਼ਿਲਾਫ਼ ਮੁਕੱਦਮਾ ਦਰਜ ਕਰਵਾਇਆ ਸੀ। ਪੁਲਿਸ ਨੇ ਸ਼ਨੀਵਾਰ ਨੂੰ ਮੁਖ਼ਬਰ ਦੀ ਸੂਚਨਾ ਤੇ ਮੂਰਤੀ ਸੁੱਟਣ ਵਾਲੇ ਹੈਪੀ ਪੁੱਤਰ ਓਮਪ੍ਰਕਾਸ਼ ਨਿਵਾਸੀ ਚੰਡੀਘਾਟ ਮਾਜਰਾ ਸ਼ਿਆਮਪੁਰ ਹਰਿਦੁਆਰ ਨੂੰ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੇ ਦੌਰਾਨ ਦੋਸ਼ੀ ਨੇ ਸੰਤ ਦੀ ਮੂਰਤੀ ਗੰਗਾ ਵਿਚ ਸੁੱਟਣਾ ਸਵੀਕਾਰ ਕੀਤਾ। ਪੁਲਿਸ ਨੇ ਦੋਸ਼ੀ ਦੇ ਖਿਲਾਫ਼ ਸਬੰਧਤ ਧਾਰਾਵਾਂ ਵਿਚ ਮੁਕੱਦਮਾ ਦਰਜ ਕਰਦੇ ਹੋਏ ਅਦਾਲਤ ਵਿਚ ਪੇਸ਼ ਕੀਤਾ, ਜਿੱਥੋਂ ਇਸਨੂੰ ਜੇਲ੍ਹ ਭੇਜ ਦਿੱਤਾ।

# ਤੀਜੇ ਫੇਜ਼ ਅਨੁਸਾਰ ਜੂਨ-ਜੁਲਾਈ ਮਹੀਨੇ ’ਚ ਇੰਡੀਆ ਤੋਂ 5 ਹੋਰ ਫਲਾਈਟਾਂ-ਹਾਈ ਕਮਿਸ਼ਨ ਵੱਲੋਂ ਲਿਸਟ ਜਾਰੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਇੰਡੀਆ ਤੋਂ ਪਹਿਲੀ ਫਲਾਈਟ 4 ਜੂਨ ਨੂੰ ਔਕਲੈਂਡ ਆ ਰਹੀ ਹੈ ਅਤੇ 7 ਜੂਨ ਨੂੰ ਵਾਪਿਸ ਦਿੱਲੀ ਜਾ ਰਹੀ ਹੈ। ਇਸਦੇ ਲਈ ਟਿਕਟਾਂ ਦਾ ਪ੍ਰੋਸੈਸ ਚੱਲ ਰਿਹਾ ਹੈ। ਅੱਜ ਭਾਰਤੀ ਹਾਈ ਕਮਿਸ਼ਨ ਵਲਿੰਗਟਨ ਨੇ ਨਿਊਜ਼ੀਲੈਂਡ ਤੋਂ ਭਾਰਤ ਪਰਤਣ ਵਾਲੀਆਂ ਅਗਲੀਆਂ 5 ਹੋਰ ਫਲਾਈਟਾਂ ਦੀ ਲਿਸਟ ਜਾਰੀ ਕਰ ਦਿੱਤੀ।

ਇਸ ਨਵੀਂ ਲਿਸਟ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਦੂਜੀ ਫਲਾਈਟ (ਦੂਜੀ) 14 ਜੂਨ ਨੂੰ ਦਿੱਲੀ ਤੋਂ ਔਕਲੈਂਡ ਨੂੰ ਆਉਂਦੀ ਵਿਖਾਈ ਦੇ ਰਹੀ ਹੈ 17 ਜੂਨ ਨੂੰ ਤੜਕੇ-ਤੜਕੇ 4 ਵਜੇ ਇਹ ਫਲਾਈਟ ਵਾਪਿਸ ਭਾਰਤੀਆਂ ਨੂੰ ਲੈ ਕੇ ਦਿੱਲੀ 13.30 ਵਜੇ ਪਹੁੰਚੇਗੀ ਅਤੇ ਫਿਰ 2 ਘੰਟੇ ਬਾਅਦ 15.30 ’ਤੇ ਚੰਡੀਗੜ੍ਹ ਪਰਤੇਗੀ। ਇਸੇ ਤਰ੍ਹਾਂ ਤੀਜੀ ਫਲਾਈਟ 17 ਜੂਨ ਨੂੰ ਦਿੱਲੀ ਤੋਂ ਔਕਲੈਂਡ ਆਉਂਦੀ ਵਿਖਾਈ ਗਈ ਹੈ ਅਤੇ ਇਹ 20 ਜੂਨ ਨੂੰ ਸਵੇਰੇ 11.30 ਔਕਲੈਂਡ ਤੋਂ ਦਿੱਲੀ ਨੂੰ ਜਾਏਗੀ ਅਤੇ ਅਤੇ ਫਿਰ 3 ਘੰਟੇ ਬਾਅਦ ਅਹਿਮਦਾਬਾਦ ਜਾਵੇਗੀ।

ਚੌਥੀ ਫਲਾਈਟ 21 ਜੂਨ ਨੂੰ ਦਿੱਲੀ ਤੋਂ ਔਕਲੈਂਡ ਆ ਰਹੀ ਹੈ ਅਤੇ 24 ਜੂਨ ਨੂੰ ਤੜਕੇ 4 ਵਜੇ ਵਾਪਿਸ ਦਿੱਲੀ ਅਤੇ ਫਿਰ 2 ਘੰਟੇ ਬਾਅਦ ਹੈਦਰਬਾਦ ਬੈਂਗਲੂਰ ਜਾ ਰਹੀ ਹੈ। ਪੰਜਵੀਂ 25 ਜੂਨ ਨੂੰ ਦਿੱਲੀ ਤੋਂ ਔਕਲੈਂਡ ਆਵੇਗੀ ਪਰ ਵਾਪਿਸੀ ਉਤੇ 28 ਜੂਨ ਨੂੰ ਮੁੰਬਈ ਵਾਪਿਸ ਪਰਤੇਗੀ।

ਛੇਵੀਂ ਫਲਾਈਟ 29 ਜੂਨ ਨੂੰ ਇਕ ਬੰਬੇ ਤੋਂ ਔਕਲੈਂਡ ਆਵੇਗੀ ਅਤੇ ਇਕ ਜੁਲਾਈ ਨੂੰ ਔਕਲੈਂਡ ਤੋਂ ਦਿੱਲੀ, ਫਿਰ ਸਾਢੇ 4 ਘੰਟੇ ਬਾਅਦ ਤ੍ਰਿਵੰਦਰਮ ਅਤੇ ਫਿਰ ਉਥੋਂ 2 ਘੰਟੇ ਬਾਅਦ ਚੇਨਈ ਜਾਵੇਗੀ।

# ਅਮਰੀਕਾ ਵਿਖੇ 46 ਸਾਲਾ ਜਾਰਜ਼ ਫਲੋਇਡ ਦੀ ਮੌਤ ਬਾਅਦ ਭੜਕੇ ਦੰਗਿਆਂ ਦਾ ਅਸਰ ਨਿਊਜ਼ੀਲੈਂਡ ਪਹੁੰਚਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** 25 ਮਈ ਨੂੰ ਇਕ 46 ਸਾਲਾ ਕਾਲੇ ਰੰਗ ਦੇ ਵਿਅਕਤੀ ਜਾਰਜ਼ ਫਲੋਇਡ ਨੂੰ ਮਾਈਨਾਪੋਲਿਸ ਦੀ ਪੁਲਿਸ ਨੇ ਇਸ ਕਰਕੇ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਨਕਲੀ 20 ਡਾਲਰ ਦੇ ਨਾਲ ਇਕ ਦੁਕਾਨ ਤੋਂ ਸਿਗਰਟ ਖਰੀਦ ਰਿਹਾ ਸੀ। ਪੁਲਿਸ ਨੇ ਭਾਵੇਂ ਉਸਨੂੰ ਕਾਬੂ ਕਰ ਲਿਆ ਸੀ ਪਰ ਇਸ ਵਾਸਤੇ ਬਹੁਤ ਜ਼ੋਰ ਅਜਮਾਈ ਕਰਨੀ ਪਈ ਅਤੇ ਇਕ ਪੁਲਿਸ ਅਫਸਰ ਨੇ ਉਸਦੀ ਧੌਣ ਨੂੰ ਗੋਡੇ ਥੱਲੇ ਓਨੀ ਦੇਰ ਤੱਕ ਕਾਬੂ ਰੱਖਿਆ ਜਦੋਂ ਤੱਕ ਐਂਬੂਲੈਂਸ ਨਹੀਂ ਆ ਗਈ। ਇਸ ਘਟਨਾ ਦੇ ਵਿਚ ਚਾਰ ਪੁਲਿਸ ਮੁਲਾਜ਼ਮ ਸ਼ਾਮਿਲ ਸਨ ਜਿਨ੍ਹਾਂ ਨੂੰ ਨੌਕਰੀ ਤੋਂ ਬਰਖ-ਾਸਤ ਕਰ ਦਿੱਤਾ ਗਿਆ ਹੈ ਤੇ ਮਾਮਲਾ ਦਰਜ ਕਰ ਦਿੱਤਾ ਗਿਆ। ਇਸ ਤੋਂ ਬਾਅਦ ਕਾਲੇ ਰੰਗ ਦੇ ਲੋਕਾਂ ਦਾ ਵਿਦਰੋਹ ਵਧਣ ਲੱਗਿਆ ਅਤੇ ਪੂਰੇ ਅਮਰੀਕਾ ਦੇ ਵਿਚ ਦੰਗੇ ਭੜਕ ਗਏ, ਸੈਂਕੜੇ ਦੁਕਾਨਾਂ ਲੁੱਟ ਲਈਆਂ ਗਈਆਂ, ਪੁਲਿਸ ਦੀਆਂ ਗੱਡੀਆਂ ਸਾੜ ਦਿੱਤੀਆਂ ਗਈਆਂ। ਕਾਲੇ ਲੋਕਾਂ ਨੇ ਇਸ ਇਸ ਸਾਰੇ ਘਟਨਾਕ੍ਰਮ ਦੇ ਰੋਸ ਨੂੰ ’ਬਲੈਕ ਲਾਈਵਜ਼ ਮੈਟਰ’ ਦਾ ਨਾਂਅ ਦਿੱਤਾ ਹੈ ਅਤੇ ਪੂਰੇ ਵਿਸ਼ਵ ਵਿਚ ਏਕਤਾ ਵਿਖਾਈ ਜਾ ਰਹੀ ਹੈ। ਕਾਲੇ ਲੋਕ ਇਸ ਸਾਰੇ ਘਟਨਾ ਕ੍ਰਮ ਨੂੰ ਨਸਲਵਾਦੀ ਫਿਰਕਾਪ੍ਰਸਤੀ ਦੇ ਵਿਚੋਂ ਨਿਕਲਿਆ ਮੰਨਦੇ ਹਨ। ਅੱਜ ਅਮਰੀਕਾ ਦਾ ਸੇਕ ਨਿਊਜ਼ੀਲੈਂਡ ਵੀ ਪਹੁੰ-ਚਿਆ। ਔਕਲੈਂਡ ਵਿਖੇ ਇਕ ਰੋਸ ਮੁਜਾਹਰੇ ਦੇ ਵਿਚ ਬਹੁਤ ਸਾਰੇ ਲੋਕ ਇਕੱਤਰ ਹੋਏ ਇਕ ਵਿਅਕਤੀ ਨੇ



ਪੁਲਿਸ ਉਤੇ ਹਮਲਾ ਕੀਤਾ। ਪੁਲਿਸ ਅਫਸਰ ਨੇ ਪੀਅਪਰ ਸਪਰੇਅ ਅਤੇ ਟੇਜ਼ਰ ਗੰਨ ਦੀ ਵਰਤੋਂ ਕੀਤੀ ਅਤੇ ਉਸਨੂੰ ਕਾਬੂ ਕੀਤਾ। ਇਸ ਨੂੰ ਹੁਣ ਅਦਾਲਤ ਦੇ ਵਿਚ ਪੇਸ਼ ਕਰਕੇ ਮੁਕੱਦਮਾ ਚਲਾਇਆ ਜਾਵੇਗਾ। ਅਮਰੀਕਾ ਦੂਤਾਵਾਸ ਤੱਕ ਇਹ ਰੋਸ ਮਾਰਚ ਕੀਤਾ ਗਿਆ। ਇਸੀ ਤਰ੍ਹਾਂ ਵਲਿੰਗਟਨ ਵਿਖੇ ਵੀ ਹਜ਼ਾਰਾਂ ਅਮਰੀਕੀ ਲੋਕ ਪਾਰਲੀਮੈਂਟ ਸਾਹਮਣੇ ਇਕੱਠੇ ਹੋਏ ਅਤੇ ਜਾਰਜ ਦੀ ਮੌਤ ਪ੍ਰਤੀ ਰੋਸ ਪ੍ਰਗਟ ਕੀਤਾ। ਕ੍ਰਾਈਸਟਚਰਚ ਵਿਖੇ ਵੀ ਅਜਿਹਾ ਰੋਸ ਮੁਜ਼ਾਹਰਾ ਕੀਤਾ ਗਿਆ। ਸੋ ਇਹੋ ਜਿਹੇ ਰੋਸ ਮੁਜਾਹਰੇ ਅਤੇ ਹੋ ਰਹੇ ਦੰਗੇ ਕਿਤੇ ਨਾ ਕਿਤੇ ਸਰਕਾਰਾਂ ਨੂੰ ਅੱਗੇ ਵਾਸਤੇ ਸਬਕ ਸਿਖਾਉਣ ਲਈ ਸ਼ਾਇਦ ਕੀਤੇ ਜਾਂਦੇ ਹਨ ਤਾਂ ਕਿ ਜ਼ਿੰਦਗੀ ਤਾਂ ਆਖਿਰ ਜ਼ਿੰਦਗੀ ਹੈ ਚਾਹੇ ਉਹ ਕਾਲੇ ਦੀ ਹੋਵੇ ਚਾਹੇ ਗੋਰੇ ਦੀ।

# ਬਹੁਜਨ ਸਮਾਜ ਪਾਰਟੀ ਦੇ ਮਿਸ਼ਨਰੀ ਗਾਇਕ ਸਰਬਜੀਤ ਛੱਲਾ ਦੀ ਬੇਵਕਤੀ ਮੌਤ ਨਾਲ ਮਿਸ਼ਨ ਬਹੁਤ ਵੱਡਾ ਘਾਟਾ ਪਿਆ: ਮਲਕੀਤ ਚੂੰਬਰ

**ਫਗਵਾੜਾ (ਕਮਲ ਰਾਏ)–** ਬਹੁਜਨ ਸਮਾਜ ਪਾਰਟੀ ਦੇ ਜਝਾਰੂ ਮਿਸ਼ਨਰੀ ਨਿਧੱੜਕ ਸਾਥੀ ਮਿਸ਼ਨਰੀ ਗਾਇਕ ਸਰਬਜੀਤ ਛੱਲਾ ਦੀ ਹੋਈ ਮੌਤ ਨਾਲ ਬਹੁਜਨ ਸਮਾਜ ਪਾਰਟੀ ਨੂੰ ਬਹੁਤ ਵੱਡਾ ਘਾਟਾ ਪਿਆ ਅਸੀ ਇੱਕ ਅਨਮੋਲ ਹੀਰਾ ਗੁਆ ਲਿਆ ਬਾਬਾ ਸਾਹਿਬ ਜੀ ਆਪਣੇ ਚਰਨਾਂ ਵਿੱਚ ਇਸ ਹੀਰੇ ਨੂੰ ਨਿਵਾਸ ਦੇਣ ਇਸ ਦੁੱਖ ਦੀ ਘੜੀ ਵਿੱਚ ਬਹੁਜਨ ਸਮਾਜ ਪਾਰਟੀ ਵਿਧਾਨਸਭਾ ਹਲਕਾ ਨਕੋਦਰ ਵਲੋਂ ਬੇਵਕਤੀ ਮੌਤ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਇਸ ਮੌਕੇ ਗੁਰਮੇਲ ਚੁੰਬਰ ਜਨਰਲ ਸਕੱਤਰ ਪੰਜਾਬ ਜਗਦੀਸ਼ ਸੇਰਪੁਰੀ ਜੋਨ ਇੰਨਚਾਰਜ ਡਾਂ ਦਵਿੰਦਰ ਜੱਖੂ ਇੰਨਚਾਰਜ ਜਿਲਾ ਜਲੰਧਰ ਦੇਬ ਰਾਜ ਸੁੰਮਨ ਪ੍ਰਧਾਨ ਵਿਧਾਨ ਸਭਾ ਨਕੋਦਰ ਸੁਖਵਿੰਦਰ ਗੜਵਾਲ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਸਾਬਕਾ ਪ੍ਰਧਾਨ ਨਛਿੱਤਰ ਥਾਪਰ ਸਾਬਕਾ ਪ੍ਰਧਾਨ ਰਵੀ ਮਹੇਰਾ ਸੁਰਿੰਦਰ ਸੂੰਨੜ ਸਤਨਾਮ ਕੰਦੋਲਾ ਦਲਵੀਰ ਛ ਬਿਲਗਾ ਸਵਰਨ ਸਿੰਘ ਸੱਗੂ ਦੀਦਾਰ ਸਿੰਘ ਸੁਰਜੀਤ ਬਿਲਗਾ ਬਲਵੀਰ ਬਿਲਗਾ ਰੀਨਾ ਰਾਣੀ ਜਿਲਾ ਪ੍ਰੀਸ਼ਦ ਮੈਂਬਰ ਕਮਲਜੀਤ ਕੌਰ ਸੰਮਤੀ ਮੈਂਬਰ ਕੰਵਲ ਸੋਨੀਆ ਸੰਮਤੀ ਮੈਂਬਰ ਚਰਨਜੀਤ ਬਜੂਹੇ ਸੰਮਤੀ ਮੈਂਬਰ ਸਤਪਾਲ ਸੰਮਤੀ ਮੈਂਬਰ ਆਸਾ ਰਾਣੀ ਸੰਮਤੀ ਮੈਂਬਰ ਸਾਂਤੀ ਦੇਵੀ ਸੰਮਤੀ ਮੈਂਬਰ ਰਾਜ ਰਾਣੀ ਲਿੱਤਰਾਂ ਮਨਜੀਤ ਸਿਧਵਾਂ ਮੰਗਤ ਸਿੰਘ ਮੈਟੀ ਮਾਸਟਰ ਗੁਰਦੇਵ ਬੀਰ ਪਿੰਡ ਰਾਮ ਦਾਸ ਸਰਪੰਚ ਮਾਉਵਾਲ ਰਾਮ ਪਾਲ ਸਿਧਵਾਂ ਡਾਂ ਬਿੱਟੂ ਸਿੱਧਵਾ ਮਹਿੰਦਰ ਲਿੱਤਰਾਂ ਗੁਰਮਿੰਦਰ ਮੀਰਪੁਰ ਸੁੱਖਾ ਮਾਹੂੰਵਾਲ ਜਗਦੀਸ਼ ਕਲੇਰ ਹਰਮੇਸ਼ ਰੱਤੂ ਹਰਬੰਸ ਲਾਲ



ਸੁਰਖਰੂ ਚੁੰਬਰ ਹਰਮੇਸ਼ ਬੰਗੜ ਵਿਜੈ ਮਡਾਸ ਅਮਿਤ ਕੁਮਾਰ ਡੀ ਡੀ ਆਹੀਰ ਨਕੋਦਰ ਦਰਸ਼ਨ ਮੈਹਿਮੀ ਪਾਲ ਕੈਲੇ ਰਾਣਾ ਤੱਲਵਣ ਹਰੀਸ਼ ਤੱਲਵਣ ਕੁਲਦੀਪ ਔਜਲਾ ਕਸ਼ਮੀਰੀ ਚੁੰਬਰ ਸਰਪੰਚ ਮਹਿੰਦਰ ਬਜੂਹੇ ਗੁਰਦਿਆਲ ਨਕੋਦਰ ਸੀਲਾ ਰਵੀ ਪੰਡੋਰੀ ਰਵੀ ਬੋਪਾਰਾਏ ਵਿਪਨ ਮੈਹਿਮੀ ਅਰਵਿੰਦਰ ਬਿੱਟੂ ਗੁਰਦਿਆਲ ਬੋਪਾਰਾਏ ਅਸ਼ੋਕ ਲਾਲੀ ਸਾਬਕਾ ਸਰਪੰਚ ਬਾਠਾਂ ਬੱਬੂ ਬਾਠ ਕਲਾ ਕੁਲਵਿੰਦਰ ਸਰਪੰਚ ਬਾਠਾਂ ਸਿੰਦਰ ਸਿਧਵਾਂ ਸਿੰਦਾ ਚਾਨੀਆਂ ਅਤੇ ਸਾਰੀ ਵਿਧਾਨ ਸਭਾ ਵੱਲੋਂ ਵਿਛੜੇ ਹੋਏ ਮਿਸ਼ਨਰੀ ਸਾਥੀ ਨੂੰ ਸਰਧਾਂਜਲੀ ਭੇਂਟ ਕੀਤੀ ਗਈ।


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸਿੱਖ ਪੰਥ ਸਾਰੀ ਦੁਨੀਆਂ ਵਿਚ ਆਪਾ ਵਾਰਨ ਵਿਚ ਮੋਹਰੀ- ਜਥੇਦਾਰ ਸ਼੍ਰੀ ਕੇਸਗੜ੍ਹ ਸਾਹਿਬ

**ਸ਼ਾਮਚੁਰਾਸੀ, (ਚੁੰਬਰ)–** ਸ਼ਹੀਦਾਂ ਦੇ ਸਿਰਤਾਜ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਤਲਵੰਡੀ ਅਰਾਈਆਂ ਵਿਖੇ ਸਮਾਗਮ ਕਰਵਾਇਆ ਗਿਆ।

ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਦੇਵ ਸਿੰਘ ਤਲਵੰਡੀ ਅਰਾਈਆਂ ਦੀ ਦੇਖ-ਰੇਖ ਹੇਠ ਹੋਏ ਇਸ ਸਮਾਗਮ ਮੌਕੇ ਪਾਠ ਦੇ ਭੋਗ ਉਪਰੰਤ ਦੀਵਾਨ ਨੂੰ ਸੰਬੋਧਨ ਕਰਦੇ ਹੋਏ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਨੇ ਕਿਹਾ ਕਿ ਸਾਡੇ ਮਹਾਨ ਗੁਰੂਆਂ ਨੇ ਕੌਮ ਦੀ ਖਾਤਰ ਹੱਸ-ਹੱਸ ਕੇ ਸ਼ਹਾਦਤ ਦਾ ਜਾਮ ਪੀਣ ਦਾ ਜਿਹੜਾ ਇਤਿਹਾਸ ਰਚਿਆ ਹੈ ਉਸ ਦੀ ਪ੍ਰੇਰਨਾ ਨਾਲ ਗੁਰੂ ਕਾ ਸੱਚਾ ਸਿੱਖ ਆਪਣਾ ਜੀਵਨ ਧਾਰਨ ਉਪਰੰਤ ਹੀ ਆਪਣੀ ਜਿੰਦਗੀ ਦੇਸ਼ ਕੌਮ ਲਈ ਵਾਰਨ ਦਾ ਸੰਕਲਪ ਲੈਂਦਾ ਹੈ।



ਇਹੀ ਕਾਰਨ ਹੈ ਕਿ ਸਿੱਖ ਪੰਥ ਸਾਰੀ ਦੁਨੀਆਂ ਵਿਚ ਆਪਾ ਵਾਰਨ ਵਿਚ ਮੋਹਰੀ ਗਿਣਿਆ ਜਾਂਦਾ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਕੁਰਬਾਨੀ ਆਉਣ ਵਾਲੀਆਂ ਪੀੜੀਆਂ ਲਈ ਇੱਕ ਬਹੁਤ ਵੱਡੀ ਮਿਸਾਲ ਹੈ। ਇਸ ਤੋ ਪਹਿਲਾਂ ਮੈਨੇਜਰ ਕਰਨੈਲ ਸਿੰਘ ਅਤੇ ਗੁਰਮੇਲ ਸਿੰਘ ਮੂੰਡੀਆਂ ਦੀ ਮੰਚ ਸੰਚਾਲਨਾ ਤਹਿਤ ਪੰਥ ਦੇ ਮਹਾਨ ਰਾਗੀ, ਢਾਡੀ, ਕਥਾਵਾਚਕਾਂ ਅਤੇ ਪ੍ਰਚਾਰਕ ਨੇ ਸਿੱਖ ਪੰਥ ਦਾ ਸ਼ਹੀਦੀ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ।

ਇਨ੍ਹਾਂ ਵਿਚ ਭਾਈ ਵਰਿੰਦਰ ਸਿੰਘ ਕਥਾਵਾਚਕ, ਭਾਈ ਜਸਵਿੰਦਰ ਸਿੰਘ ਪਰਮਾਰ, ਭਾਈ ਸੁਰਿੰਦਰਪਾਲ ਸਿੰਘ, ਭਾਈ ਕਰਮਜੀਤ ਸਿੰਘ ਦੇ ਢਾਡੀ ਜਥੇ ਦੇ ਨਾਂਅ ਵਰਨਣਯੋਗ ਹਨ। ਇਸ ਸਮਾਗਮ ਵਿਚ ਹੋਰਨਾਂ ਤੋ ਇਲਾਵਾ ਗੁਰਜੀਤ ਸਿੰਘ ਪਾਬਲਾ, ਮਾਸਟਰ ਗੁਰਮੀਤ ਸਿੰਘ ਨੰਦਾਚੌਰ, ਇੰਦਰਜੀਤ ਸਿੰਘ ਗੋਲਡੀ, ਸੁਰਿੰਦਰ ਸਿੰਘ ਸਰਪੰਚ, ਪਿਆਰਾ ਸਿੰਘ, ਹਰਭਜਨ ਸਿੰਘ, ਰਵਿੰਦਰ ਸਿੰਘ ਜੱਜ, ਸਰਵਣ ਸਿੰਘ, ਬਲਦੇਵ ਸਿੰਘ, ਜਰਨੈਲ ਸਿੰਘ, ਗੁਰਮੇਲ ਸਿੰਘ ਸਰਪੰਚ, ਹਰਵਿੰਦਰ ਸਿੰਘ, ਸੁਰਜੀਤ ਸਿੰਘ, ਸੁਖਦੇਵ ਸਿੰਘ, ਕੁਲਵਿੰਦਰ ਸਿੰਘ, ਗੁਰਮੇਜ ਸਿੰਘ, ਭੁਪਿੰਦਰ ਸਿੰਘ, ਗੁਰਨਾਮ ਸਿੰਘ ਵੀ ਸ਼ਾਮਿਲ ਹੋਏ।

# ਕਰਮਨ ਸ਼ਹਿਰ ਦੇ 'ਵਾਲਮਾਰਟ' ਸੀਨੀਅਰ ਗਰੈਜ਼ੂਏਟ ਸਮਾਗਮ

**ਕਰਮਨ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕੋਵਿਡ-19 ਦੇ ਚੱਲਦਿਆਂ ਦੁਨੀਆ ਭਰ ਦੇ ਸਕੂਲ ਬੰਦ ਹੋ ਗਏ ਅਤੇ ਸਾਰੀ ਪੜਾਈ ਆਨ-ਲਾਈਨ ਕਰ ਦਿੱਤੀ ਗਈ। ਜਿਸ ਕਾਰਨ ਸਾਲ 2020 ਦੌਰਾਨ ਸਾਰੇ ਸਕੂਲਾ ਵਿੱਚ ਹੋਣ ਵਾਲੇ ਗਰੇਜੂਏਸ਼ਨ ਸਮਾਗਮ ਰੱਦ ਹੋ ਗਏ। ਜਦ ਕਿ ਇੱਥੋ ਦੇ ਬੱਚਿਆ, ਮਾਪਿਆ ਅਤੇ ਅਧਿਆਪਕਾ ਲਈ ਹਾਈ ਸਕੂਲ ਤੋਂ ਗਰੇਜੂਏਸਨ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਸਕੂਲਾਂ ਵਿੱਚ ਵੱਡੇ ਪੱਧਰ 'ਤੇ ਸਮਾਗਮ ਹੁੰਦੇ ਹਨ। ਜਿਸ ਦੌਰਾਨ ਸਾਰੇ ਗਰੇਜੂਏਟ ਬੱਚਿਆ ਨੂੰ ਉਨ੍ਹਾਂ ਦੇ ਹਾਈ ਸਕੂਲ ਡਿਪਲੋਮੇ ਦੇਣ ਤੋਂ ਇਲਾਵਾ ਹੋਰ ਵੱਖ-ਵੱਖ ਅਕਾਦਮਿਕ ਅਤੇ ਖੇਡਾਂ ਵਿੱਚ ਮਾਣ ਪ੍ਰਾਪਤ ਕਰਨ 'ਤੇ ਸਨਮਾਨਿਤ ਕੀਤਾ ਜਾਂਦਾ ਹੈ। ਯੋਗ ਬੱਚਿਆ ਨੂੰ ਅਗਲੀ ਪੜਾਈ ਲਈ ਵਜ਼ੀਫ਼ੇ ਵੀ ਦਿੱਤੇ ਜਾਂਦੇ ਹਨ। ਪਰ ਇਸ ਸਾਲ ਕਰੋਨਾ ਵਾਇਰਸ ਕਰਕੇ ਇਹ ਸਮਾਗਮ ਨਹੀਂ ਹੋ ਸਕੇ, ਪਰ ਸ਼ੋਸ਼ਲ ਡਿਸਟਿਸ ਨੂੰ ਮੁੱਖ ਰੱਖਦੇ ਹੋਏ ਬੱਚਿਆ ਡਿਪਲੋਮੇ ਅਤੇ ਬਾਕੀ ਸਨਮਾਨ ਦਿੱਤੇ।






ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਸੁਪਰ ਸਟੋਰ 'ਵਾਲਮਾਰਟ' (ੱਅਲਮਅਰਟ) ਨੇ ਜਿੱਥੇ ਹਾਈ ਸਕੂਲ ਦੇ ਬਹੁਤ ਸਾਰੇ ਬੱਚਿਆ ਨੂੰ ਸਕੂਲ ਬੰਦ ਦੌਰਾਨ ਕੰਮ ਦਿੱਤਾ, ਉੱਥੇ ਉਨ੍ਹਾਂ ਦੇ ਸਨਮਾਨ ਵਿੱਚ ਆਪਣੇ ਕਰਮਨ ਵਾਲੇ ਸਟੋਰ ਦੇ ਅੰਦਰ ਉਚੇਚਾ ਸਮਾਗਮ ਕੀਤਾ। ਜਿੱਥੇ ਬੱਚੇ ਆਪਣੇ ਕੈਪ ਅਤੇ ਗਾਊਨ (ਛਅਪ ਅਨਦ ਘੌਨ) ਪਾ ਕੇ ਅੰਦਰ ਦਾਖਲ ਹੋਏ ਅਤੇ ਉੱਥੇ ਉਨ੍ਹਾਂ ਦੀ ਪਹਿਚਾਣ ਕਰਾਉਦੇ ਹੋਏ ਸਰਟੀਫ਼ਿਕੇਟ ਅਤੇ ਗਿਫਟ ਕਾਰਡ ਦਿੱਤੇ ਗਏ। ਇਸ ਤਰ੍ਹਾਂ ਬੱਚਿਆ ਨੂੰ ਮਾਣ-ਸਨਮਾਨ ਦਿੱਤੇ ਹੋਏ, ਉਨ੍ਹਾ ਦੀ ਖ਼ੁਸ਼ੀ ਨੂੰ ਹੋਰ ਵਧਾਇਆ। ਜਿਸ ਤੋਂ ਬੱਚੇ ਅਤੇ ਬੱਚਿਆ ਦੇ ਮਾਪੇ ਬਹੁਤ ਖੁਸ਼ ਸਨ। ਵਾਲਮਾਰਟ (ੱਅਲਮਅਰਟ) ਦੇ ਇਸ ਉਪਰਾਲੇ ਦੀ ਸਭ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।




Proud of Ravinder Singh - he has planted 49 forests as part of EcoSikh team. Amazing achievement of planting 49 Guru Nanak Sacred Forests in Punjab and other states in India! May God bless such humble servants and protectors of Mother Earth! Planting a forest in Punjab saves region's biodiversity, helps clean the pollution, renews the soil as well restoring the ecological balance. This is the most vital work for present and future generations. Salute to our eco-warriors! total of 145 forests planted by EcoSikh so far since March 2019 and 25 such forest makers have been launched! Support EcoSikh - www.ecosikh.org

# ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਸ਼ੁਰੂ ਕਰਵਾਇਆ ਭਗਤਪੁਰਾ-ਭਾਣੋਕੀ ਰੋਡ ਦੀ ਉਸਾਰੀ ਦਾ ਕੰਮ

**ਫਗਵਾੜਾ (ਬੀ.ਕੇ.ਰੱਤੂ)** ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅੱਜ ਫਗਵਾੜਾ ਦੇ ਮੁਹੱਲਾ ਭਗਤਪੁਰਾ ਤੋਂ ਭਾਣੋਕੀ ਨੂੰ ਜਾਣ ਵਾਲੀ ਮੁੱਖ ਸੜਕ ਦੀ ਉਸਾਰੀ ਦੇ ਕੰਮ ਦਾ ਸ਼ੁਭ ਆਰੰਭ ਰਿਬਨ ਕੱਟ ਕੇ ਕਰਵਾਇਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਉਪਰ 21.97 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ। ਜਿਸ ਵਿਚ ਮੁੱਖ ਸੜਕ ਦੇ ਨਾਲ ਗਲੀਆਂ ਨੂੰ ਪੱਕਾ ਕਰਨਾ ਵੀ ਸ਼ਾਮਲ ਹੈ। ਕੋਵਿਡ-19 ਕੋਰੋਨਾ ਆਫਤ ਦੀ ਵਜ੍ਹਾ ਨਾਲ ਕੰਮ ਸ਼ੁਰੂ ਕਰਵਾਉਣ ਵਿਚ ਦੇਰੀ ਹੋਈ ਹੈ ਪਰ ਹੁਣ ਬਹੁਤ ਜਲਦੀ ਇਸ ਸੜਕ ਅਤੇ ਗਲੀਆਂ ਦੀ ਉਸਾਰੀ ਦੇ ਕੰਮ ਨੂੰ ਮੁਕੱਮਲ ਕਰ ਲਿਆ ਜਾਵੇਗਾ। ਉਨ੍ਹਾਂ ਸਬੰਧਤ ਠੇਕੇਦਾਰ ਅਤੇ ਲੇਬਰ ਨੂੰ ਵੀ ਹਦਾਇਤ ਕੀਤੀ ਕਿ ਜੰਗੀ ਪੱਧਰ ਤੇ ਕੰਮ ਨੂੰ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਭਗਤਪੁਰਾ ਅਤੇ ਭਾਣੋਕੀ ਰੋਡ ਤੋਂ ਇਲਾਵਾ ਨਾਲ ਲਗਦੇ ਪ੍ਰੀਤ ਨਗਰ ਸਮੇਤ ਹੋਏ ਇਲਾਕਿਆਂ ਦੇ ਅਧੂਰੇ ਪਏ ਵਿਕਾਸ ਦੇ ਕੰਮ ਵੀ ਜਲਦੀ ਸ਼ੁਰੂ ਕਰਵਾਏ ਜਾਣਗੇ। ਇਸ ਮੌਕੇ ਇਲਾਕੇ ਦੇ ਵਸਨੀਕ ਡਾ. ਰਮਨ ਸ਼ਰਮਾ, ਸਾਬਕਾ ਕੌਂਸਲਰ ਪਵਿੱਤਰ ਸਿੰਘ, ਅਸ਼ਵਨੀ ਸ਼ਰਮਾ, ਸਾਬਕਾ ਡੀ.ਐਸ.ਪੀ. ਗੈਂਦਾ ਸਿੰਘ ਸਮੇਤ ਹੋਰਨਾ ਨੇ ਸੜਕ ਦੀ ਉਸਾਰੀ ਸਮੇਤ ਵਿਕਾਸ ਕਾਰਜਾਂ ਨੂੰ ਸ਼ੁਰੂ ਕਰਵਾਉਣ ਲਈ ਵਿਧਾਇਕ ਧਾਲੀਵਾਲ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪਵਿੱਤਰ ਸਿੰਘ ਅਤੇ ਡਾ. ਰਮਨ ਸ਼ਰਮਾ ਨੇ ਦੱਸਿਆ ਕਿ ਕਾਫੀ ਸਮੇਂ ਤੋਂ ਭਗਤਪੁਰਾ-ਭਾਣੋਕੀ ਰੋਡ ਦੀ ਹਾਲਤ ਬਹੁਤ ਤਰਸਯੋਗ ਸੀ ਪਰ ਹੁਣ ਉਹਨਾਂ ਨੂੰ ਤਸੱਲੀ ਹੈ ਕਿ ਜਲਦੀ ਹੀ ਉਸਾਰੀ ਦਾ ਕੰਮ ਪੂਰਾ ਹੋ ਜਾਵੇਗਾ ਅਤੇ ਇੱਥੋਂ ਰੋਜਾਨਾ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਭਾਰੀ ਰਾਹਤ ਮਿਲੇਗੀ। ਇਸ ਮੌਕੇ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਸੰਜੀਵ ਬੁੱਗਾ, ਸਾਬਕਾ ਪ੍ਰਧਾਨ ਗੁਰਜੀਤ ਪਾਲ ਵਾਲੀਆ, ਸਾਬਕਾ ਕੌਂਸਲਰ ਦਰਸ਼ਨ ਲਾਲ ਧਰਮਸੋਤ, ਬੱਬੂ ਠੇਕੇਦਾਰ, ਯੂਥ ਪ੍ਰਧਾਨ ਫਗਵਾੜਾ ਕਰਮਦੀਪ ਸਿੰਘ ਕੰਮਾ, ਸੰਜੀਵ ਸ਼ਰਮਾ ਟੀਟੂ, ਗੁਰਦਿਆਲ ਸਿੰਘ, ਸੰਤੋਖ ਸਿੰਘ, ਵਿਜਯਾ ਰਾਣੀ, ਮਹਿੰਦਰ ਕੌਰ, ਨਰਿੰਦਰ ਕੌਰ, ਲਵਲੀ, ਹੈਪੀ, ਟੋਨੀ ਤੋਂ ਇਲਾਵਾ ਪੀ.ਡਬਲਯੂ.ਡੀ. ਦੇ ਜੇ.ਈ. ਪਰਮਿੰਦਰ ਸਿੰਘ ਆਦਿ ਹਾਜਰ ਸਨ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

BERKSHIRE HATHAWAY
Home Services
Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ

7412 Elsie Ave., Sacramento, CA 95828

# ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਵੱਲੋਂ ਦਲਿਤਾਂ ਦੇ ਹਾਲਾਤ ਬਾਰੇ ਸਰਕਾਰ ਨੂੰ ਪੱਤਰ

**ਜਲੰਧਰ–** ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਵੱਲੋਂ ਦਲਿਤਾਂ ਦੀ ਪੰਜਾਬ ਵਿਚ ਹਾਲਤ ਤੇ ਸਰਕਾਰ ਨੂੰ ਜਾਣੂ ਕਰਵਾਉਣ ਲਈ ਇਕ ਪੱਤਰ ਭੇਜਿਆ ਗਿਆ। ਜਿਸ ਮੁਤਾਬਕ ਸਤਿਗੁਰੂ ਰਵਿਦਾਸ ਨਾਮ ਲੇਵਾ ਸੰਗਤ ਵੱਲੋਂ ਸਰਕਾਰ ਦੇ ਧਿਆਨ ਵਿਚ ਦਲਿਤ ਸਮਾਜ ਦੇ ਹਿੱਤਾਂ ਨਾਲ ਸਬੰਧਤ ਬਹੁਤ ਹੀ ਮਹੱਤਵਪੂਰਨ ਮੁੱਦਿਆਂ ਬਾਰੇ ਬਣਦੀ ਕਾਰਵਾਈ ਲਈ ਧਿਆਨ ਦਿਵਾਉਣਾ ਚਾਹੁੰਦੇ ਹਾਂ। ਪੰਜਾਬ ਵਿਚ ਦਲਿਤਾਂ ਦੀ ਜਨਸੰਖਿਆ 40 ਫੀਸਦੀ ਦੇ ਲੱਗਭੱਗ ਹੈ, ਜਿਹਨਾਂ ਵਿਚ ਬਹੁਗਿਣਤੀ ਗਰੀਬ, ਕਮਜ਼ੋਰ ਅਤੇ ਜਾਤ-ਪਾਤ ਦੇ ਹਿੱਤਾਂ ਦੇ ਟਕਰਾਅ ਕਰਕੇ, ਜਾਤ ਪਾਤ ਦ ਗਲਬੇ, ਆਨਰ ਕਿਲਿੰਗ, ਧਾਰਮਿਕ, ਸਮਾਜਿਕ ਅਤੇ ਆਰਥਿਕ ਹਿੱਤਾਂ ਦੇ ਟਕਰਾਅ ਕਰਕੇ ਵਿਤਕਰੇ ਅਤੇ ਤਸ਼ੱਦਦ ਦੀ ਸ਼ਿਕਾਰ ਹੈ ਅਤੇ ਇਸ ਬਹੁਗਿਣਤੀ ਨੂੰ ਦਬਾਅ ਅਤੇ ਤਸ਼ੱਦਦ ਝੱਲਣੀ ਪੈਂਦੀ ਹੈ। ਜਦ ਪੀੜਤ ਆਪਣੇ ਹੱਕਾਂ ਅਤੇ ਇਨਸਾਫ ਲਈ ਸਰਕਾਰੀ ਅਦਾਰਿਆਂ ਵਿਚ ਪਹੁੰਚ ਕਰਦੇ ਹਨ ਤਾਂ ਕਈ ਵਾਰ ਵੇਖਣ ਵਿਚ ਆਉਂਦਾ ਹੈ ਕਿ ਆਪਣੇ ਪ੍ਰਭਾਵ, ਸਬੰਧਾਂ ਅਤੇ ਰਾਜਨੀਤਿਕ ਪਹੁੰਚ ਸਦਕਾ ਕੁਝ ਦੋਸ਼ੀ ਕਾਰਵਾਈਆਂ ਤੋਂ ਬਚ ਜਾਣ ਵਿਚ ਸਫਲ ਹੋ ਜਾਂਦੇ ਹਨ, ਜਿਸ ਨਾਲ ਜਿੱਥੇ ਮਾਹੌਲ ਖਰਾਬ ਹੁੰਦਾ ਹੈ, ਉਥੇ ਰਾਜਨੀਤੀ ਵੀ ਹੁੰਦੀ ਹੈ। ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਜਿੱਥੇ ਬਰਾਬਰੀ ਦਾ ਹੱਕ ਦਿੰਦਾ ਹੈ, ਉਥੇ ਇਸ ਦੀ ਪਾਲਣਾ ਲਈ ਸਮਾਜ ਦੇ ਹਰ ਵਰਗ ਦੀ ਬਣਦੀ ਨੁਮਾਇੰਦਗੀ ਵੀ ਲਾਜ਼ਮੀ ਕਰਦਾ ਹੈ ਜੋ ਕਿ ਮੌਜੂਦਾ



ਦੌਰ ਵਿਚ ਗੈਰ-ਵਾਜਬ ਢੰਗ ਨਾਲ ਘੱਟ ਹੈ। ਜੇਕਰ ਹੈ ਵੀ ਤਾਂ ਖੂੰਜੇ ਲੱਗੀ ਪ੍ਰਤੀਤ ਹੁੰਦੀ ਹੈ। ਅੱਜ ਪੰਜਾਬ ਦੇ ਲੱਗਭੱਗ ਹਰ ਮਹਿਕਮੇ ਵਿਚ ਇਹ ਨੁਮਾਇੰਦਗੀ ਨਾਦਾਰਦ ਹੈ ਅਤੇ ਕੁੰਜੀਵਤ ਪ੍ਰਸ਼ਾਸਨਿਕ ਅਸਾਮੀਆਂ ਤੇ ਦਲਿਤ ਸਮਾਜ ਨਹੀਂ ਦਿੱਸਦਾ।

ਜੇਕਰ ਕਿਤੇ ਹੈ ਵੀ ਤਾਂ ਉਸ ਨੂੰ ਦਬਾਉਣ ਅਤੇ ਪ੍ਰਭਾਵਹੀਣ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਜਾਰੀ ਹਨ। ਮਾਣਯੋਗ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਹੋਏ ਵਿਤਕਰੇ ਦਾ ਮਾਮਲਾ ਇਸ ਗੱਲ ਦਾ ਤਾਜ਼ਾ ਉਦਾਹਰਣ ਹੈ। ਇਹਨਾਂ ਸਾਰੀਆਂ ਘਟਨਾਵਾਂ ਅਤੇ ਰੁਝਾਨਾਂ ਕਰਕੇ ਪ੍ਰਭਾਵਸ਼ਾਲੀ ਅਮੀਰ, ਜਗੀਰੂ ਅਤੇ ਉਚ ਜਾਤੀ ਦੇ ਕੁਝ ਵਰਗਾਂ ਦਾ ਸਰਕਾਰ ਅਤੇ ਪ੍ਰਸ਼ਾਸਨ ਵਿਚ ਗਲਬਾ ਅਤੇ ਦਬਦਬਾ ਦਿਸਦਾ ਹੀ ਨਹੀਂ ਮਹਿਸੂਸ ਵੀ ਕਰਵਾਇਆ ਜਾ ਰਿਹਾ ਹੈ, ਜਿਸ ਦੀ ਘੋਰ ਨਿੰਦਾ ਕਰਦੇ ਹੋਏ ਅਸੀਂ ਆਪਣੇ ਅਸੰਤੋਸ਼ ਅਤੇ ਵਿਰੋਧ ਦਰਜ ਕਰਦੇ ਹਾਂ ਕਿਉਂਕਿ ਇਹ ਸੰਵਿਧਾਨਕ ਹੱਕਾਂ, ਸਿਧਾਂਤਾਂ ਅਤੇ ਨੁਮਾਇੰਦਗੀ ਦੇ ਵਿਧਾਨ ਦੀ ਉਲੰਘਣਾ ਹੀ ਨਹੀਂ ਸਗੋਂ ਸਾਡੇ ਗੁਰੂਆਂ, ਸੰਤ ਮਹਾਂਪੁਰਸ਼ਾਂ ਦੀ ਸਿੱਖਿਆ, ਸਾਂਝੀਵਾਲਤਾ, ਸਰਬੱਤ ਦੇ ਭਲੇ ਅਤੇ ਬੇਗਮਪੁਰੇ ਦੀ ਸੋਚ ਦੇ ਨਾਲ ਗਦਾਰੀ ਅਤੇ ਧੋਖਾ ਹੈ। ਸਰਕਾਰ ਤੋਂ ਪੁਰਜ਼ੋਰ ਮੰਗ ਹੈ ਕਿ ਪ੍ਰਸ਼ਾਸਨ ਵਿਚ ਇਹਨਾਂ ਵਰਗਾਂ ਦੀ ਬਣਦੀ ਨੁਮਾਇੰਦਗੀ ਦਿੱਤੀ ਜਾਵੇ।

**ਮੁੱਖ ਸੇਵਾਦਾਰ**
**ਸੰਤ ਸੁਰਿੰਦਰ ਦਾਸ**

# Memorandum submitted to the Prime Minister regarding the care of Buddhist Relics

Jalandhar- Ambedkar Mission Society Punjab (Reg.), Ambedkar Bhavan Trust (Reg.), All India Samata Sainik Dal (Regd.) Punjab Unit, Dr. BR Ambedkar Memorial Trust (Reg.) Buddha Vihara Siddharth Nagar, Dr. Ambedkar Welfare Society, Ambedkar Buddha Vihara Maqsoodan Jalandhar and Punjab Buddhist Society (Reg.) submitted a joint memorandum to the Prime Minister Shri Narendra Modi through the Honorable Deputy Commissioner, Jalandhar. Requested in the memorandum that the Buddhist remains found at the Ayodhya site during the construction at the ground



level for the construction of the Ram Temple are Buddhist heritage and should be subject to the Archaeological Survey of India (ASI). However, these antiquities are learnt to be getting destroyed in crusher by the private party there in contravention to Section 30, Clause (1) Sub Clause (i) of The Ancient Monuments and Archaeological Sites and Remains Act 1958 (ACT No. 24 of 1958) amended in 2010.

The memorandum urges the Prime Minister to take immediate action to ensure that these Buddhist remains remain in the custody and protection of the ASI. Madam Sudesh Kalyan, Varinder Kumar, Baldev Raj Bhardwaj, Jaswinder Variana, Ram Lal Das, Sham Lal Jasal, Baldev Raj Jasal, Advocate Kuldip Bhatti, Advocate Harbhajan Sampla and Advocate Rajinder Azad were present on the occasion.

# ਬੁੱਧ ਪੂਰਨਿਮਾ ਮਹਾਂਉਤਸਵ ਬਹੁਤ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ ਗਿਆ









**ਜਲੰਧਰ (ਬਿਊਰੋ)–** ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵੱਲੋਂ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ 'ਬੁੱਧ ਪੂਰਨਿਮਾ' ਮਹਾਂਉਤਸਵ ਬਹੁਤ ਸ਼ਰਧਾ ਅਤੇ ਧੂੰਮ ਧਾਮ ਨਾਲ ਮਨਾਇਆ ਗਿਆ। ਇਸ ਸ਼ੁਭ ਮੌਕੇ ਤੇ ਐਡਵੋਕੇਟ ਹਰਭਜਨ ਸਾਂਪਲਾ, ਸਕੱਤਰ ਬੁੱਧ ਵਿਹਾਰ ਟਰੱਸਟ ਨੇ ਕਿਹਾ ਕਿ ਭਗਵਾਨ ਬੁੱਧ ਦਾ ਜਨਮ, ਗਿਆਨ ਪ੍ਰਾਪਤੀ ਅਤੇ ਮਹਾਂਪ੍ਰੀਨਿਰਵਾਣ ਇਸ ਦਿਨ ਹੀ ਹੋਇਆ ਸੀ, ਜਿਸ ਨੂੰ 'ਬੁੱਧ ਪੂਰਨਿਮਾ' ਦੇ ਤੌਰ ਤੇ ਸੰਸਾਰ ਵਿਚ ਮਨਾਇਆ ਜਾਂਦਾ ਹੈ। ਇਸ ਮੌਕੇ ਤੇ ਤਥਾਗਤ ਬੁੱਧ ਦੀਆਂ ਸਿੱਖਿਆਵਾਂ ਅਤੇ ਫਲਸਫੇ ਉਪਰ ਚੱਲਣ ਲਈ ਪ੍ਰਣ ਕੀਤਾ ਗਿਅ। 2564ਵੇਂ ਬੁੱਧ ਪੂਰਨਿਮਾ ਮੌਕੇ ਸ੍ਰੀ ਗੁਰਮੀਤ ਲਾਲ



ਸਾਂਪਲਾ, ਨੰਬਰਦਾਰ ਰੂਪ ਲਾਲ, ਸੋਢੀ ਲਾਲ ਬੋਧੀ, ਪ੍ਰਿੰਸੀਪਲ ਪਰਮਜੀਤ, ਚਮਨ ਸਾਂਪਲਾ, ਪ੍ਰੀਅੰਕਾ ਸੋਫੀਆ ਅਤੇ ਵਾਰੁਣ ਸਾਂਪਲਾ ਨੇ ਵੀ ਸਭ ਨੂੰ ਵਧਾਈ ਦਿੱਤੀ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦੀ ਸ਼ੁਰੂਆਤ 'ਬੁੱਧ ਵੰਦਨਾ' ਤਰੀਸ਼ਰਣ ਅਤੇ ਪੰਚਸ਼ੀਲ ਦਾ ਪਾਠ ਕਰਕੇ ਕੀਤੀ ਗਈ। ਸ਼ਰਧਾਲੂਆਂ ਨੇ ਬੁੱਧ ਦੀ ਫੋਟੋ ਮੂਹਰੇ ਅਗਰਬੱਤੀਆਂ ਅਤੇ ਮੋਮਬੱਤੀਆਂ ਜਲਾਈਆਂ ਅਤੇ ਫੁੱਲਾਂ ਦੀ ਵਰਖਾ ਕਰਕੇ ਬੁੱਧ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਅੰਤ ਵਿਚ ਖੀਰ ਅਤੇ ਕੜਾਹ ਦਾ ਪ੍ਰਸ਼ਾਦ ਵਰਤਾਇਆ ਗਿਆ। ਇਸ ਮੌਕੇ ਤੇ ਚਮਨਦਾਸ ਸਾਂਪਲਾ ਨੇ ਮੰਚ ਸੰਚਾਲਨ ਵਧੀਆ ਤਰੀਕੇ ਨਾਲ ਕੀਤਾ। ਸ਼ਰਧਾਲੂਆਂ ਵਿਚ ਗੁਰਮੀਤ ਸਾਂਪਲਾ, ਨੰਬਰਦਾਰ ਰੂਪ ਲਾਲ, ਐਡਵੋਕੇਟ ਹਰਭਜਨ ਸਾਂਪਲਾ, ਲੈਂਬਰ ਰਾਮ ਬੰਗੜ, ਸੋਢੀ ਲਾਲ ਬੋਧੀ, ਸਤਨਾਮਝੀਰ, ਮਾਸਟਰ ਸੁਸ਼ੀਲ ਕੁਮਾਰ, ਪਵਨ ਸਾਂਪਲਾ, ਰਾਮ ਲਾਲ, ਪ੍ਰਿੰਸੀਪਲ ਪਰਮਜੀਤ ਜੱਸਲ, ਜਸਵਿੰਦਰ ਬਲ, ਵਾਰੂਣ ਸਾਂਪਲਾ, ਸੋਫੀਆ, ਕਾਨਤਾ ਕੁਮਾਰੀ, ਪ੍ਰਿਅੰਕਾ, ਮਨਜੀਤ ਕੌਰ, ਕਮਲੇਸ਼, ਜਸਵਿੰਦਰ ਕੌਰ ਅਤੇ ਬਹੁਤ ਸਾਰੀਆਂ ਸੰਗਤਾਂ ਹਾਜ਼ਰ ਸਨ।

# ਮੌਨ ਧਾਰ ਕੇ ਭਿਖਸ਼ੂਆਂ ਨੂੰ ਦਿੱਤੀ ਸ਼ਰਧਾਂਜਲੀ





**ਲਧਿਆਣਾ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਜਲੰਧਰ, ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਵਿਖੇ ਐਡਵੋਕੇਟ ਹਰਭਜਨ ਸਾਂਪਲਾ ਦੀ ਪ੍ਰਧਾਨਗੀ ਵਿਚ ਹੋਈ ਮੀਟਿੰਗ ਵਿਚ ਬੀਤੇ ਦਿਨੀਂ ਪਹਿਲੇ ਪੰਜਾਬੀ ਭਿਖਸ਼ੂ ਜਗਤਾਨੰਦ ਜੀ ਦੀ ਅਤੇ ਡਾ. ਓਮ ਪ੍ਰਕਾਸ਼ ਸਾਂਪਲਾ, ਸਾਬਕਾ ਪ੍ਰੋਫੈਸਰ ਆਈ. ਆਈ. ਟੀ. ਕਾਨਪੁਰ ਦੀ ਹੁਸ਼ਿਆਰਪੁਰ ਵਿਚ ਹੋਈ ਮੌਤ ਤੇ ਸ਼ਰਧਾਂਜਲੀ ਭੇਂਟ ਕੀਤੀ ਅਤੇ ਦੋ ਮਿੰਟ ਦਾ ਮੌਨ ਧਾਰਿਆ ਗਿਆ। ਇਸ ਮੌਕੇ ਸ੍ਰੀ ਸੋਹਣ ਲਾਲ ਸਾਂਪਲਾ ਅਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਕਿਰਨ ਸਾਂਪਲਾ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਸ੍ਰੀ ਸੋਹਣ ਲਾਲ ਸਾਂਪਲਾ ਨੇ ਇਕ ਲੱਖ ਰੁਪਏ ਮਾਤਾ ਰਾਮਾਈ ਅੰਬੇਡਕਰ ਕਮਿਊਨਿਟੀ ਸੈਂਟਰ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਦੇ ਨਿਰਮਾਣ ਲਈ ਦਾਨ ਦਿੱਤੇ। ਇਹ ਦਾਨ ਉਹਨਾਂ ਨੇ ਆਪਣੀ ਮਾਤਾ ਪੂਰੋ ਸਾਂਪਲਾ ਅਤੇ ਪਿਤਾ ਸ੍ਰੀ ਰਾਵਲ ਚੰਦ ਸਾਂਪਲਾ ਦੀ ਮਿੱਠੀ ਯਾਦ ਵਿਚ ਦਿੱਤਾ।

ਸ੍ਰੀ ਸੋਹਣ ਲਾਲ ਸਾਂਪਲਾ ਪ੍ਰਧਾਨ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਯੂ+ਪ ਮੁੱਖ ਦਫਤਰ ਜਰਮਨੀ ਨੇ ਕਿਹਾ ਕਿ ਅਯੁੱਧਿਆ ਵਿਚ ਜੋ ਤਥਾਗਤ ਬੁੱਧ ਦੇ ਅਵਸ਼ੇਸ਼, ਅਸ਼ੋਕ ਚੱਕਰ, ਬੁੱਧ ਵਿਹਾਰ ਅਤੇ ਹੋਰ ਚਿੰਨ ਮਿਲੇ ਹਨ, ਉਹਨਾਂ ਨੂ ਸੁਰੱਖਿਅਤ ਰੱਖਿਆ ਜਾਵੇ ਅਤੇ ਪੁਰਾਤਤਵ ਵਿਭਾਗ ਇਸ ਬੋਧੀ ਧਰੋਹਰਾਂ ਨੂੰ ਸਾਂਭ ਕੇ ਰੱਖੇ ਅਤੇ ਨਸ਼ਟ ਨਾ ਹੋਣ ਦਿੱਤਾ ਜਾਵੇ।ਇਸ ਮੌਕੇ ਸ੍ਰੀ ਸ਼ਾਮ ਲਾਲ ਜੱਸਲ, ਮੋਹਣ ਲਾਲ, ਸੰਜੈ ਕੁਮਾਰ ਰਾਓ, ਰਾਮਦਾਸ ਗੁਰ, ਓਮ ਪ੍ਰਕਾਸ਼ ਬੋਧ, ਲਖਬੀਰ ਸਿੰਘ, ਕਿਰਨ ਸਾਂਪਲਾ ਅਤੇ ਭਿਖਸ਼ੂ ਪ੍ਰਗਿਆ ਬੋਧੀ, ਅਵਤਾਰ ਚੰਦ, ਪਰਮਜੀਤ ਸਿੰਘ ਅਤੇ ਲਵਲੀ ਤੇ ਸਿਮਰਨ ਅਤੇ ਹੋਰ ਮੈਂਬਰ ਹਾਜ਼ਰ ਸਨ।


## ਲੜਕੀ ਦੀ ਲੋੜ

Boy 30 Years, 5'10", Handsome Punjabi Hindu M.Sc. Plant Biotechnology, Bio-Medical Engineer Born and Educated in USA. Looking for beautiful, well-educated girl.

Please E-mail: cbob255@gmail.com your Bio-Data

Call us at Tel: 1-847-809-5340

## ਲੜਕੀ ਦੀ ਲੋੜ

ਕਮਲ ਬਾਬਰ, ਜਨਮ 1989 (ਜਲੰਧਰ), ਕੱਦ 5 ਫੁੱਟ 8 ਇੰਚ, ਜਾਤੀ ਬਾਬਰ, ਗੋਤਰ ਖੋਸਲ, ਬੀ ਏ ਪਾਸ ਬਿਜਨਸਮੈਨ, ਕੁਆਰੇ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕਾ ਮੰਗਲੀਕ ਹੈ, ਜੋ ਕਿ ਸੱਤਕਰਤਾਰ ਐਨਕਲੇਵ ਜਲੰਧਰ ਵਿਖੇ ਰਹਿੰਦਾ ਹੈ। ਪਿਤਾ ਦਾ ਨਾਂ ਅਸ਼ਵਨੀ ਬਾਬਰ (ਬਿਜਨਸਮੈਨ), ਮਾਤਾ ਘਰੇਲੂ ਔਰਤ। ਲੜਕੇ ਦਾ ਇਕ ਭਰਾ ਅਮਰੀਕਾ ਵਿਚ ਸੈਟਲ ਹੈ ਅਤੇ ਦੋ ਭੈਣਾਂ ਵਿਆਹੀਆਂ ਹੋਈਆਂ ਹਨ। ਪਰਿਵਾਰ ਮਾਡਰਨ ਅਤੇ ਵੈਜੀਟੇਰੀਅਨ ਹੈ। ਅਮਰੀਕਾ ਵਿਚ ਸੈਟਲ ਲੜਕੀ ਨੂੰ ਤਰਜੀਹ।

ਸੰਪਰਕ ਕਰੋ: 1-718-709-1908

# ਮੁਹਾਲੀ, ਹੁਸ਼ਿਆਰਪੁਰ ਅਤੇ ਕਪੂਰਥਲਾ ਵਿੱਚ ਨਵੇਂ ਮੈਡੀਕਲ ਕਾਲਜ਼ ਸ਼ੁਰੂ ਹੋਣ ਮਗਰੋ ਪੰਜਾਬ ਦਾ ਸਿਹਤ ਢਾਂਚਾ ਹੋਰ ਜ਼ਿਆਦਾ ਵਿਕਸਿਤ ਹੋਵੇਗਾ - ਸਿੱਧੂ



ਮੁਹਾਲੀ, ਹੁਸ਼ਿਆਰਪੁਰ ਅਤੇ ਕਪੂਰਥਲਾ ਵਿੱਚ ਨਵੇਂ ਮੈਡੀਕਲ ਕਾਲਜ਼ ਸ਼ੁਰੂ ਹੋਣ ਮਗਰੋ ਪੰਜਾਬ ਦਾ ਸਿਹਤ ਢਾਂਚਾ ਹੋਰ ਜ਼ਿਆਦਾ ਵਿਕਸਿਤ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿਹਤ ਮੰਤਰੀ ਪੰਜਾਬ ਬਲਬੀਰ ਸਿੰਘ ਸਿੱਧੂ ਨੇ ਅੱਜ ਵਿਧਾਨ ਸਭਾ ਸਪੀਕਰ ਰਾਣਾ ਕੇ ਪੀ ਸਿੰਘ ਦੀ ਨੰਗਲ ਵਿਖੇ ਸਰਕਾਰੀ ਕੋਠੀ ਵਿਚ ਸਿਹਤ ਅਧਿਕਾਰੀਆਂ ਨਾਲ ਹੋਈ ਬੈਠਕ ਵਿੱਚ ਕੀਤਾ। ਇਸ ਮੌਕਜਿਲ੍ਹਾ ਰੋਪੜ ਵਿਚਲੀਆ ਸਿਹਤ ਸਹੂਲਤਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਕੋਰੋਨ ਮਹਾਮਾਰੀ ਦੌਰਾਨ ਦੇਸ਼ ਵਿਚ ਪੰਜਾਬ ਦੀਆਂ ਸਿਹਤ ਹੂਲਤਾਂ ਮੋਹਰੀ ਰਹੀਆਂ ਹਨ ਅਤੇ ਲੋਕਾਂ ਦਾ ਸਰਕਾਰੀ ਹਸਪਤਾਲਾਂ ਤੇ ਹੋਰ ਜਿਆਦਾ ਵਿਸ਼ਵਾਸ਼ ਵੱਧਿਆ ਹੈ। ਉਨ੍ਹਾਂ ਦੱਸਿਆ ਕਿ ਜਲਦੀ ਹੀ ਚੰਡੀਗੜ ਨੰਗਲ ਮੁੱਖ ਮਾਰਗ ਤੇ ਸ਼੍ਰੀ ਕੀਰਤਪੁਰ ਸਾਹਿਬ ਵਿਖੇ ਇਕ ਟਰੋਮਾਂ ਸੈਂਟਰ ਬਣਾਇਆ ਜਾਵੇਗਾ ਤਾਂ ਜੋ ਆਸ ਪਾਸ ਤੇ ਇਲਾਕਿਆਂ ਨੂੰ ਹੋਰ ਬੇਹਤਰ ਸਿਹਤ ਸਹੂਲਤ। ਮਿਲ ਸਕਣ। ਇਸ ਮੌਕੇ ਤੇ ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਨੰਗਲ ਵਿਚ ਜਲਦੀ ਹੀ ਜਰੂਰੀ ਸਟਾਫ ਦੀ ਨਿਯੁਕਤੀ ਕੀਤੀ ਜਾਵੇਗੀ ਅੱਤੇ ਹੋਰ ਘਾਟਾ ਪੂਰਾ ਕੀਤਾ ਜਾਵੇਗਾ ਅਤੇ ਇਸ ਹਸਪਤਾਲ ਵਿਚ ਪੋਸਟਮਾਰਟਮ ਦੀ ਸੁਵਿਧਾ ਵੀ ਹੋਵੇਗੀ। ਇਸ ਮੌਕੇ ਤੇ ਵਿਧਾਨ ਸਭਾ ਸਪੀਕਰ ਰਾਣਾ ਕੇ ਪੀ ਸਿੰਘ ਨੇ ਕਿਹਾ ਕਿ ਸਿਹਤ ਮੰਤਰੀ ਪੰਜਾਬ ਬਲਬੀਰ ਸਿੰਘ ਸਿੱਧੂ ਦੇ ਦੋਰੇ ਮਗਰੋਂ ਸਿਵਲ ਹਸਪਤਾਲ ਨੰਗਲ ਦੀ ਨੁਹਾਰ ਬਦਲੇਗੀ ਅਤੇ ਇਲਾਕੇ ਦੇ ਲੋਕਾਂ ਨੂੰ ਬੇਹਤਰ ਇਲਾਜ਼ ਸਸਤੀਆਂ ਦਵਾਈਆਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਲਈ ਜਰੂਰੀ ਸਮਾਨ ਅਤੇ ਮਸ਼ੀਨਰੀ ਆ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਉਹ ਇਲਾਕੇ ਦੇ ਲੋਕਾਂ ਨਾਲ ਕੀਤੇ ਆਪਣੇ ਹਰ ਵਾਅਦੇ ਨੂੰ ਪੂਰਾ ਕਰਨਗੇ। ਇਸ ਮੋਕੇ ਤੇ ਡਿਪਟੀ ਕਮਿਸ਼ਨਰ ਮੈਡਮ ਸੋਨਾਲੀ ਗਿਰੀ, ਸਿਵਲ ਸਰਜਨ ਡਾਕਟਰ ਐਚ ਐਨ ਸ਼ਰਮਾ, ਐਸ ਐਮ ਓ ਸਿਵਲ ਹਸਪਤਾਲ ਨੰਗਲ, ਡਾਕਟਰ ਨਰੇਸ਼, ਪੀ ਐਮ ਓ ਬੀ ਬੀ ਐਮ ਬੀ ਹਸਪਤਾਲ ਡਾਕਟਰ ਸ਼ਾਲੀਨੀ ਚੌਧਰੀ, ਡਿਪਟੀ ਚੀਫ਼ ਇੰਜੀ ਬੀ ਬੀ ਐਮ ਬੀ ਹੁਸਨ ਲਾਲ ਕੰਬੋਜ, ਐਸ ਡੀ ਐਮ ਮੈਡਮ ਕੰਨੂ ਗਰਗ, ਡੀ ਐਸ ਪੀ ਯੂ ਸੀ ਚਾਵਾਲਾ, ਅਮਰਪਾਲ ਬੈਂਸ ਮੀਡੀਆ ਸਲਾਹਕਾਰ, ਕਾਰਜਕਾਰੀ ਅਧਿਕਾਰੀ ਨਗਰ ਕੌਂਸਲ ਮਨਜਿੰਦਰ ਸਿੰਘ, ਸਤਨਾਮ ਸਿੰਘ ਏ ਪੀ ਆਰ ਓ ਬੀ ਬੀ ਐਮ ਬੀ, ਬਲਾਕ ਕਾਂਗਰਸ ਨੰਗਲ ਪ੍ਰਧਾਨ ਸੰਜੇ ਸਾਹਨੀ ਆਦਿ ਸਮੇਤ ਇਲਾਕੇ ਦੇ ਕਾਂਗਰਸੀ ਆਗੂ ਹਾਜਰ ਸਨ।

**- ਕੁਲਦੀਪ ਚੰਦ ਨੰਗਲ**

## ਬਸਪਾ ਨੇ 35 ਪਰਿਵਾਰਾਂ ਨੂੰ ਕੀਤਾ ਰਾਸ਼ਨ ਤਕਸੀਮ



**ਸ਼ਾਮਚੁਰਾਸੀ (ਚੁੰਬਰ)-** ਬਹੁਜਨ ਸਮਾਜ ਪਾਰਟੀ ਹਲਕਾ ਸ਼ਾਮਚੁਰਾਸੀ ਵਲੋਂ ਪਿੰਡ ਤਲਵੰਡੀ ਅਰਾਈਆਂ ਅਤੇ ਫੰਬੀਆਂ ਵਿਖੇ ਸਾਥੀਆਂ ਦੇ ਸਹਿਯੋਗ ਨਾਲ ਇੰਜ. ਮਹਿੰਦਰ ਸਿੰਘ ਸੰਧਰਾਂ ਦੀ ਪ੍ਰਧਾਨਗੀ ਹੇਠ 35 ਪਰਿਵਾਰਾਂ ਨੂੰ ਰਾਸ਼ਨ ਮੁਹ-ਈਆਂ ਕਰਵ-ਾਇਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਉਕਤ ਮਹਾਂਮਾਰੀ ਕਾਰਨ ਲੋਕ ਕੰਮਾਂ ਕਾਰਾਂ ਤੋਂ ਵਿਹਲੇ ਹੋ ਗਏ, ਜਿਸ ਕਾਰਨ ਉਹ ਰੋਟੀ ਪਾਣੀ ਤੋਂ ਵੀ ਆਵਾਜਾਰ ਨੇ। ਲੋਕਾਂ ਦੀ ਇਸ ਸੇਵਾ ਨਾਲ ਪਾਰਟੀ ਦੇ ਸਾਰੇ ਵਰਕਰਾਂ ਨੂੰ ਅੱਗੇ ਤੋਂ ਸਮਾਜ ਸੇਵਾ ਹਿੱਤ ਸੇਵਾ ਕਰਨ ਦੀ ਪ੍ਰੇਰਨਾ ਮਿਲੀ। ਹੋਰਨਾਂ ਤੋਂ ਇਸ ਮੌਕੇ ਦਲਜੀਤ ਰਾਏ ਸਕੱਤਰ ਪੰਜਾਬ, ਅਵਤਾਰ ਬਸਰਾ ਸਕੱਤਰ ਪੰਜਾਬ ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ, ਹੈਪੀ ਫੰਬੀਆਂ ਵਾਈਸ ਪ੍ਰਧਾਨ ਹਲਕਾ ਸ਼ਾਮ-ਚੁਰਾਸੀ, ਡਾ. ਜੱਸੀ ਜਨਰਲ ਸਕੱਤਰ, ਮਨਜੀਤ ਜੱਸੀ, ਜਸਕਰਨ ਜੱਸੀ, ਸ਼ਾਦੀ ਲਾਲ, ਮਨਪ੍ਰੀਤ, ਪ੍ਰਸ਼ੋਤਮ ਫੰਬੀਆਂ, ਕੌਸ਼ਲ ਫੰਬੀਆਂ, ਬੀ ਵੀ ਐਫ ਕਨਵੀਨਰ ਹਲਕਾ ਸ਼ਾਮਚੁਰਾਸੀ ਹਾਜ਼ਰ ਸਨ।

## ਮਿਸ਼ਨਰੀ ਗਾਇਕ ਸਰਬਜੀਤ ਛੱਲਾ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ



**ਸ਼ਾਮਚੁਰਾਸੀ (ਚੁੰਬਰ)-** ਸਤਿਗੁਰੂ ਰਵਿਦਾਸ ਮਹਾਰਾਜ, ਭਗਵਾਨ ਵਾਲਮੀਕੀ, ਨਾਮਦੇਵ, ਕਬੀਰ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ, ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਅਤੇ ਹੋਰ ਸਮਾਜਿਕ ਕ੍ਰਾਂਤੀ ਦੇ ਮਹਾਪੁਰਸ਼ਾਂ ਦੀ ਸਮਾਜਿਕ ਦੇਣ ਨੂੰ ਆਪਣੇ ਗੀਤਾਂ ਵਿਚ ਗਾ ਕੇ ਦੱਬੇ ਕੁਚਲੇ ਲੋਕਾਂ ਨੂੰ ਚੇਤਨਾ ਦਾ ਪ੍ਰਕਾਸ਼ ਦੇਣ ਵਾਲੇ ਦਲਿਤ ਕੌਮ ਦੇ ਹੀਰੇ ਮਿਸ਼ਨਰੀ ਗਾਇਕ ਸਰਬਜੀਤ ਛੱਲਾ ਦੀ ਦਿਲ ਦੀ ਗਤੀ ਰੁੱਕ ਜਾਣ ਕਾਰਨ ਹੋਈ ਮੌਤ ਤੇ ਵੱਖ-ਵੱਖ ਮਿਸ਼ਨ ਦੀਆਂ ਹਸਤੀਆਂ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੁੱਖ ਦੇ ਪ੍ਰਗਟਾਵੇ ਦੀ ਕੜੀ ਵਿਚ ਆਪਣਾ ਅਫਸੋਸ ਜਾਹਰ ਕਰਦਿਆਂ ਗੀਤਕਾਰ ਆਸ਼ੀ ਈਸਪੁਰੀ ਅਤੇ ਮਿਸ਼ਨਰੀ ਝੁਜਾਰੂ ਬੀਰ ਚੰਦ ਸੁਰੀਲਾ ਨੇ ਕਿਹਾ ਕਿ ਅਜਿਹੇ ਕਲਾਕਾਰ ਦਾ ਤੁਰ ਜਾਣਾ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ। ਗਾਇਕ ਰਾਜ ਦਦਰਾਲ, ਕੁਲਦੀਪ ਚੁੰਬਰ, ਵਿੱਕੀ ਮੋਰਾਂਵਾਲੀਆਂ, ਜੇ ਐਚ ਤਾਜ਼ਪੁਰੀ, ਪੰਮੀ ਲਾਲੋਮਜਾਰਾ, ਰੱਤੂ ਰੰਧਾਵਾ, ਸੋਹਣ ਸਹਿਜਲ, ਸੁਖਜੀਤ ਝਾਂਸਾ ਵਾਲਾ, ਬਲਦੇਵ ਰਾਹੀ, ਤਾਜ਼ ਨਗੀਨਾ, ਕੁਲਵਿੰਦਰ ਕਿੰਦਾ, ਸੁੱਖਾ ਹਰੀਪੁਰ, ਦਿਨੇਸ਼ ਸ਼ਾਮਚੁਰਾਸੀ, ਬਲਵਿੰਦਰ ਬਿੱਟੂ, ਪ੍ਰੇਮ ਲਤਾ, ਵਿੱਕੀ ਬਹਾਦਰਕੇ, ਐਸ ਬੰਗਾ, ਬਲਵਿੰਦਰ ਸੋਨੂੰ, ਬਲਵਿੰਦਰ ਜੱਗਾ, ਅਸ਼ੋਕ ਚੁੰਬਰ, ਜਖਮੀ ਘੁੜਿਆਲ, ਸੂਫੀ ਸਿਕੰਦਰ, ਕਮਲ ਤੱਲਣ, ਰਜਨੀ ਠੱਕਰਵਾਲ, ਮਹਿੰਦਰ ਮਹੇੜੂ, ਲਵਜੀਤ, ਮਲਕੀਤ ਬਬੇਲੀ, ਜੋਰਾ ਢੱਕੋਵਾਲ, ਸਤਪਾਲ ਸਾਹਲੋਂ, ਰਵੀ ਫਗਲਾਣਾ, ਅਵਤਾਰ ਬਸਰਾ, ਹੈਪੀ ਫੰਬੀਆਂ, ਤਰਸੇਮ ਦੀਵਾਨਾ ਸਮੇਤ ਕਈ ਹੋਰ ਸਾਥੀਆਂ ਨੇ ਸਰਬਜੀਤ ਛੱਲਾ ਦੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## 'ਹੰਟਰਸ' ਟਰੈਕ ਨਾਲ ਹਾਜ਼ਰ ਹੋਏ 'ਸ਼ਿਵ ਮਾਲੜੀ ਅਤੇ ਮਨੀ ਕੁਲਾਰ'




**ਸ਼ਾਮਚੁਰਾਸੀ (ਚੁੰਬਰ)-** ਗੀਤਕਾਰ ਹਰਮਨ ਬਾਠ ਦਾ ਲਿਖਿਆ ਗੀਤ 'ਹੰਟਰਸ' ਆਰ ਬੀ ਪ੍ਰੋਟਕਸ਼ਨ ਯੂ ਕੇ ਵਲੋਂ ਰਿਲੀਜ਼ ਕੀਤਾ ਗਿਆ। ਜਿਸ ਦੀ ਜਾਣਕਾਰੀ ਦਿੰਦਿਆਂ ਇਸ ਤੇ ਗਾਇਕ ਸ਼ਿਵ ਮਾਲੜੀ ਨੇ ਦੱਸਿਆ ਕਿ ਇਸ ਗੀਤ ਵਿਚ ਉਨ੍ਹਾਂ ਦਾ ਸਾਥੀ ਕਲਾਕਾਰ ਮਨੀ ਕੁਲਾਰ ਹੈ। ਇਸ ਗੀਤ ਨੂੰ ਬਰੌਨ ਜੋਰਡੀ ਨੇ ਫਿਲਮਾਇਆ ਹੈ ਜਦਕਿ ਇਸ ਦਾ ਸੰਗੀਤ ਜੱਸੀ ਬ੍ਰਦਰਜ਼ ਨੇ ਦਿੱਤਾ ਹੈ। ਸ਼ਿਵ ਮਾਲੜੀ ਇਸ ਟਰੈਕ ਲਈ ਸਿੱਧੂ ਸਿਧਵਾਂ ਵਾਲਾ, ਦੀਪ ਅਲਾਚੌਰੀਆ, ਕਾਲਾ ਬੋਪਾਰਾਮੀਆਂ, ਯੋਗੀ ਯੂ ਕੇ ਅਤੇ ਹੋਰ ਦੋਸਤਾਂ ਦਾ ਸਪੋਟ ਲਈ ਧੰਨਵਾਦ ਕਰਦੇ ਹਨ। ਇਸ ਟਰੈਕ ਨੂੰ ਸ਼ੋਸ਼ਲ ਮੀਡੀਏ ਤੇ ਪੋਸਟਰ ਰਿਲੀਜ਼ ਕਰਨ ਉਪਰੰਤ ਯੂ ਟਿਊਬ ਚੈਨਲ ਰਾਹੀਂ ਲਾਂਚ ਕਰ ਦਿੱਤਾ ਗਿਆ ਹੈ।

## ਸ. ਗੋਪਾਲ ਸਿੰਘ ਗੋਰਾਇਆ ਨੇ ਬਤੌਰ ਡੀ ਐਸ ਪੀ ਅਪ੍ਰੇਸ਼ਨ ਅਤੇ ਸਕਿਊਰਟੀ ਹੁਸ਼ਿਆਰਪੁਰ ਦਾ ਚਾਰਜ ਸੰਭਾਲਿਆ




**ਸ਼ਾਮਚੁਰਾਸੀ, (ਚੁੰਬਰ) -** ਸ. ਗੋਪਾਲ ਸਿੰਘ ਗੋਰਾਇਆ ਨੇ ਬਤੌਰ ਡੀ ਐਸ ਪੀ ਅਪ੍ਰੇਸ਼ਨ ਅਤੇ ਸਕਿਊਰਟੀ ਹੁਸ਼ਿਆਰਪੁਰ ਦਾ ਚਾਰਜ ਸੰਭਾਲਿਆ ਅਤੇ ਜਿੰਨ੍ਹਾਂ ਨੂੰ ਸਿਟੀ ਟ੍ਰੈਫਿਕ ਦਾ ਵਾਧੂ ਚਾਰਜ ਵੀ ਦਿੱਤਾ ਗਿਆ। ਜਿਨਾਂ ਚਾਰਜ ਸੰਭਾਲਦਿਆਂ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ ਭਾਵੇਂ ਕੋਈ ਸਰਕਾਰੀ ਮੁਲਾਜ਼ਮ ਵੀ ਕਿਉਂ ਨਾ ਹੋਵੇ ਜਾਂ ਕੋਈ ਆਪੇ ਬਣਾਈ ਸੰਸਥਾ ਦਾ ਮੈਂਬਰ ਵੀ ਕਿਉਂ ਨਾ ਹੋਵੇ। ਹਰੇਕ ਗੁਨਾਹਗਾਰ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਗੱਡੀਆਂ ਦੇ ਕਾਲੇ ਸ਼ੀਸ਼ੇ, ਗਲਤ ਪਾਰਕਿੰਗ ਅਤੇ ਪ੍ਰਾਈਵੇਟ ਗੱਡੀਆਂ 'ਚ ਹੂਟਰ ਵਗੈਰਾ ਦੇ ਖ਼ਿਲਾਫ਼ ਵੀ ਵਿਭਾਗ ਸਖ਼ਤ ਕਾਰਵਾਈ ਕਰੇਗਾ। ਕੋਵਿਡ 19 ਦੇ ਬਚਾਓ ਲਈ ਜਿਵੇਂ ਮਾਸਕ ਪਾਉਣਾ ਜ਼ਰੂਰੀ ਬਣਾਇਆ ਜਾਵੇ ਆਮ ਪਬਲਿਕ ਥਾਂਵਾਂ ਤੇ ਨਾ ਥੁੱਕਿਆ ਜਾਵੇ। ਉਲੰਘਣਾਂ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਵੇਗੀ। ਇਸ ਤੋਂ ਇਲਾਵਾ ਉਨ੍ਹਾਂ ਨਸ਼ਾ ਤਸਕਰਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਆਪਣੀਆਂ ਹਰਕਤਾਂ ਤੋਂ ਬਾਜ ਆਉਣ ਨਹੀਂ ਤਾਂ ਉਨ੍ਹਾਂ ਤੇ ਸਖ਼ਤ ਕਾਰਵਾਈ ਹੋਵੇਗੀ। ਉਨ੍ਹਾਂ ਆਮ ਪਬਲਿਕ ਨੂੰ ਅਗਾਹ ਕਰਦਿਆਂ ਕਿਹਾ ਕਿ ਉਹ ਕਾਨੂੰਨ ਦਾ ਦਾਇਰੇ ਵਿਚ ਰਹਿਣ ਅਤੇ ਕਿਸੇ ਵੀ ਹਾਲ ਵਿਚ ਕਾਨੂੰਨ ਦੀ ਉਲੰਘਣਾਂ ਨਾ ਕਰਨ। ਪੰਜਾਬ ਪੁਲਿਸ ਹਰਪਲ ਆਮ ਜਨਤਾ ਦੀ ਜਾਨ ਮਾਲ ਦੀ ਰਾਖੀ ਲਈ ਹਾਜ਼ਰ ਹੈ। ਪਰ ਕਾਨੂੰਨ ਤੋੜਨ ਦੀ ਕਿਸੇ ਨੂੰ ਕੋਈ ਆਗਿਆ ਨਹੀ ਹੈ।

## ਹਾਲੀਵੁੱਡ ਮੂਵੀ 'ਐਵਟਾਰ' ਦੀ ਅਗਲੀ ਸੀਰੀਜ਼ ਲਈ ਵੱਡਾ ਫਿਲਮੀ ਦਲ ਪਹੁੰਚਿਆ



**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੀ ਸਰਕਾਰ ਅਤੇ ਲੋਕਾਂ ਨੇ ਮਿਲ ਕੇ ਵਿਸ਼ਵ ਵਿਆਪੀ ਫੈਲ ਰਹੀ ਕਰੋਨਾ ਦੀ ਮਹਾਂਮਾਰੀ ਦੀ ਲਗਪਗ ਰੋਕਥਾਮ ਕਰ ਲਈ ਹੈ। ਦੇਸ਼ ਨੇ ਮਿਲੀਅਨ ਡਾਲਰ ਇਸ ਬਿਮਾਰੀ ਉਤੇ ਕਾਬੂ ਪਾਉਣ ਲਈ ਖਰਚੇ ਹਨ, ਲੋਕਾਂ ਨੂੰ ਏਕਾਂਤਵਾਸ ਦੇ ਵਿਚ ਤਨਖਾਹ ਦਿੱਤੀ ਗਈ ਅਤੇ ਹੋਰ ਵੱਡੇ ਪ੍ਰਾਜੈਕਟ ਪੇਸ਼ ਕੀਤੇ। ਹੁਣ ਸਰਕਾਰ ਨੇ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਦੇ ਲਈ ਦੇਸ਼ ਦੀਆਂ ਸਰਹੱਦਾਂ ਬੰਦ ਹੋਣ ਦੇ ਬਾਵਜੂਦ ਇਕ ਨਿਯਮ ਤਹਿਤ ਹਾਲੀਵੁੱਡ ਦੀ ਇਕ ਵੱਡੀ 1 ਬਿਲੀਅਨ ਅਮਰੀਕੀ ਡਾਲਰ ਦੀ ਲਾਗਤ ਵਾਲੀ ਫਿਲਮ 'ਐਵਟਾਰ-2' (ਅਵਤਾਰ-2) ਦੀ ਅਗਲੀ ਸੀਰੀਜ਼ ਬਨਾਉਣ ਦੀ ਫਿਲਮੀ ਦੱਲ ਨੂੰ ਇਥੇ ਸੱਦ ਲਿਆ ਹੈ। ਅੱਜ 50 ਮੈਂਬਰੀ ਦਲ ਇਥੇ ਵਲਿੰਗਟਨ ਵਿਖੇ ਪਹੁੰਚਿਆ ਅਤੇ ਫਿਲਮੀ ਦਾ ਹੋਰ ਸਾਮਾਨ ਸਮੁੰਦਰੀ ਜਹਾਜ਼ ਦੇ ਵਿਚ ਆ ਰਿਹਾ ਹੈ। ਫਿਲਮ ਦੇ ਪ੍ਰੋਡਿਊਸਰ ਜੌਨ ਲੈਂਡਾਊ ਨੇ ਇਸ ਸਬੰਧੀ ਸੋਸ਼ਲ ਮੀਡੀਆ ਉਤੇ ਵੀ ਪਾ ਦਿੱਤਾ ਹੈ। ਇਸ ਫਿਲਮੀ ਦਲ ਨੂੰ 14 ਦਿਨਾਂ ਦੇ ਲਈ ਅਲੱਗ ਰੱਖਿਆ ਜਾਵੇਗਾ।

## ਕੈਪਟਨ ਰਾਜ 'ਚ ਬੰਦ ਨਹੀਂ ਹੋਵੇਗੀ ਕਿਸਾਨਾ ਨੂੰ ਫਰੀ ਬਿਜਲੀ ਦੀ ਸੁਵਿਧਾ- ਧਾਲੀਵਾਲ



ਫਗਵਾੜਾ (ਬੀ ਕੇ ਰੱਤੂ) ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਹਮੇਸ਼ਾ ਕਿਸਾਨਾ ਦੇ ਹਿਤਾਂ ਦੀ ਰਾਖੀ ਕੀਤੀ ਹੈ ਅਤੇ ਕੇਂਦਰ ਦੀ ਮੋਦੀ ਸਰਕਾਰ ਦੀ ਸਲਾਹ ਦੇ ਬਾਵਜੂਦ ਵੀ ਕਿਸਾਨਾ ਨੂੰ ਫਰੀ ਬਿਜਲੀ ਦੀ ਸੁਵਿਧਾ ਬੰਦ ਨਹੀਂ ਕੀਤੀ ਗਈ ਜੋ ਕਿ ਕੈਪਟਨ ਸਰਕਾਰ ਦੇ ਸ਼ਲਾਘਾਯੋਗ ਫੈਸਲਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇੱਥੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕੀਤਾ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਚਾਹੁੰਦੀ ਸੀ ਕਿ ਪੰਜਾਬ 'ਚ ਕਿਸਾਨਾ ਨੂੰ ਫਰੀ ਬਿਜਲੀ ਨਾ ਦਿੱਤੀ ਜਾਵੇ ਲੇਕਿਨ ਮੁੱਖਮੰਤਰੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਸ ਸੁਵਿਧਾ ਨੂੰ ਜਾਰੀ ਰੱਖਿਆ ਜਾਵੇਗਾ ਜੋ ਕਿ ਸ਼ਲਾਘਾ ਯੋਗ ਹੈ। ਉਨ੍ਹਾਂ ਵਿਰੋਧੀ ਧਿਰਾਂ ਤੇ ਹਮਲਾਵਰ ਹੁੰਦਿਆਂ ਕਿਹਾ ਕਿ ਅਕਾਲੀ-ਭਾਜਪਾ ਅਤੇ ਦੂਸਰੀਆਂ ਵਿਰੋਧੀ ਧਿਰਾਂ ਪਾਸ ਕੈਪਟਨ ਸਰਕਾਰ ਖਿਲਾਫ ਕਹਿਣ ਨੂੰ ਕੁੱਝ ਵੀ ਨਹੀਂ ਹੈ ਇਸ ਲਈ ਝੂਠਾ ਪ੍ਰਚਾਰ ਕਰਕੇ ਲੋਕਾਂ ਨੂੰ ਵਰਗਲਾਉਣ ਦੀ ਸਾਜਿਸ਼ ਕੀਤੀ ਜਾਂਦੀ ਹੈ ਲੇਕਿਨ ਪੰਜਾਬ ਦੇ ਲੋਕ ਵਿਰੋਧੀ ਧਿਰਾਂ ਵਲੋਂ ਝੂਠ ਦੇ ਬੁਣੇ ਜਾਲ ਵਿਚ ਨਹੀਂ ਫਸਣਗੇ। ਲੋਕ ਕੈਪਟਨ ਸਰਕਾਰ ਤੇ ਪੂਰਣ ਵਿਸ਼ਵਾਸ ਕਰਦੇ ਹਨ ਅਤੇ ਕੋਰੋਨਾ ਲਾਕਡਾਉਨ ਦੇ ਦੌਰਾਨ ਕੈਪਟਨ ਸਰਕਾਰ ਦੀ ਸਮਝਦਾਰੀ ਅਤੇ ਕਾਬਲੀਅਤ ਨੂੰ ਦੇਖ ਕੇ ਇਹ ਵਿਸ਼ਵਾਸ ਪਹਿਲਾਂ ਤੋਂ ਵੀ ਜਿਆਦਾ ਮਜਬੂਤ ਹੋਇਆ ਹੈ। ਉਹਨਾਂ ਕਿਹਾ ਕਿ ਬਾਦਲ ਪਰਿਵਾਰ ਨੇ ਹਮੇਸ਼ਾ ਕਿਸਾਨਾ ਨਾਲ ਝੂਠੇ ਵਾਅਦੇ ਕਰਕੇ ਧੋਖਾ ਕੀਤਾ ਹੈ ਜਦਕਿ ਕੈਪਟਨ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਸੱਭ ਤੋਂ ਪਹਿਲਾਂ ਕਿਸਾਨਾ ਨਾਲ ਕਰਜਾ ਮਾਫ ਕਰਨਾ ਦਾ ਆਪਣਾ ਵਾਅਦਾ ਨਿਭਾਇਆ ਜਿਸ ਕਰਕੇ ਪੰਜਾਬ ਦਾ ਕਿਸਾਨ ਕੈਪਟਨ ਸਰਕਾਰ ਦੇ ਨਾਲ ਹੈ।

ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਵਿਨੋਦ ਵਰਮਾਨੀ, ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਗੁਰਜੀਤ ਪਾਲ ਵਾਲੀਆ, ਅਸ਼ੋਕ ਵਧਵਾ, ਸੁਨੀਲ ਪਰਾਸ਼ਰ, ਸਾਬਕਾ ਕੌਂਸਲਰ ਪਦਮਦੇਵ ਸੁਧੀਰ, ਮਨੀਸ਼ ਪ੍ਰਭਾਕਰ, ਦਰਸ਼ਨ ਲਾਲ ਧਰਮਸੋਤ, ਰਾਮਪਾਲ ਉੱਪਲ, ਜਤਿੰਦਰ ਵਰਮਾਨੀ, ਬੰਟੀ ਵਾਲੀਆ, ਤਜਿੰਦਰ ਬਾਵਾ, ਮਾਸਟਰ ਸੁਦਰਸ਼ਨ, ਰਾਮ ਸਾਂਪਲਾ, ਪਵਿੱਤਰ ਸਿੰਘ, ਕਰਮਦੀਪ ਕੰਮਾ ਪ੍ਰਧਾਨ ਯੂਥ ਕਾਂਗਰਸ ਫਗਵਾੜਾ, ਕਮਲ ਧਾਲੀਵਾਲ, ਹਨੀ ਧਾਲੀਵਾ ਆਦਿ ਹਾਜਰ ਸਨ।

# ਮਾਸਟਰ ਰਾਮਧਨ ਨਾਂਗਲੂ ਜੀ ਨੂੰ ਵੱਖ ਵੱਖ ਸ਼ਖਸੀਅਤਾਂ ਵੱਲੋਂ ਭਾਵ ਭਿੰਨੀ ਸ਼ਰਧਾਂਜਲੀ













ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ. ਦੇ ਪ੍ਰਧਾਨ ਅਤੇ ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਦੇ ਮੀਤ ਪ੍ਰਧਾਨ ਮਾਸਟਰ ਰਾਮਧਨ ਨਾਂਗਲੂ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਨੂੰ ਭਾਵ ਭਿੰਨੀ ਸ਼ਰਧਾਂਜਲੀ ਸ੍ਰੀ ਗੁਰੂ ਰਵਿਦਾਸ ਭਵਨ ਨਵੀਂ ਆਬਾਦੀ ਭੋਗਪੁਰ ਵਿਖੇ ਦਿੱਤੀ ਗਈ। ਇਸ ਮੌਕੇ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਭਾਈ ਦਿਲਬਾਗ ਸਿੰਘ ਅਤੇ ਉਨ੍ਹਾਂ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਨਾਂਗਲੂ ਜੀ ਦੇ ਸਪੁੱਤਰ ਰਾਜ ਕੁਮਾਰ, ਰਕੇਸ਼ ਕੁਮਾਰ ਅਤੇ ਜਵਾਈ ਡਾ. ਧਰਮਵੀਰ ਨੇ ਸੰਗਤਾਂ ਨੂੰ ਜੀ ਆਇਆਂ ਕਿਹਾ।

ਕਰੋਨਾ ਵਾਇਰਸ ਕਾਰਨ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਬਹੁਤ ਸਾਰੀਆਂ ਸੰਗਤਾਂ ਮਾਸਟਰ ਰਾਮਧਨ ਨਾਂਗਲੂ ਜੀ ਦੀ ਤਸਵੀਰ ਨੂੰ ਫੁੱਲ ਅਰਪਿਤ ਕਰਕੇ ਹੀ ਰਵਾਨਾ ਹੋ ਗਈਆਂ। ਇਸ ਸ਼ੋਕ ਸਮਾਗਮ ਵਿੱਚ ਬਹੁਤ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਹਾਜ਼ਰੀ ਭਰੀ।

ਪਰਮਿੰਦਰ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ ਭੋਗਪੁਰ, ਮਹਿੰਦਰ ਸਿੰਘ ਸੈਂਹਬੀ, ਸੇਵਾ ਸਿੰਘ ਟਾਂਡੀ, ਮਹਿੰਦਰ ਸੰਧੂ ਮਹੇੜੂ, ਸੰਤੋਸ਼ ਕੌਰ ਐਮ.ਸੀ., ਰਾਮਪਾਲ ਸਾਬਕਾ ਐਮ. ਸੀ., ਮਨਜੀਤ ਬੱਲਾਂ ਨੇ ਹਾਜ਼ਰੀ ਦਿੱਤੀ। ਪੱਤਰਕਾਰਾਂ ਵਿੱਚ ਬਲਵਿੰਦਰ ਸਿੰਘ ਭੰਗੂ, ਜਸਵੀਰ ਸਿੰਘ ਸੈਣੀ, ਬਾਬਾ ਸੁਰਜੀਤ, ਰਜਿੰਦਰ ਅਰੋੜਾ, ਸਤਿੰਦਰ ਰਾਜਾ, ਸਾਬੀ ਸਰੋਆ ਹਾਜ਼ਰ ਹੋਏ। ਬੁਲਾਰਿਆਂ ਵਿੱਚ ਸ੍ਰੀ ਰੂਪ ਲਾਲ ਭੇਲ ਜ਼ਿਲ੍ਹਾ ਸਿੱਖਿਆ ਅਫ਼ਸਰ (ਰਿਟਾਇਰਡ) ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਮਿਸ਼ਨ ਐਂਡ ਕਵੀ ਦਰਬਾਰ ਕਮੇਟੀ ਪੰਜਾਬ ਤੋਂ ਸ਼੍ਰੀ ਰੌਸ਼ਨ ਭਾਰਤੀ, ਡਾ. ਬਲਬੀਰ ਮੰਨਣ, ਡਾ.ਅੰਬੇਡਕਰ ਚੇਤਨਾ ਮੰਚ ਭੋਗਪੁਰ ਵਲੋਂ ਮਾਸਟਰ ਸੂਰਤੀ ਲਾਲ, ਹਰਜਿੰਦਰ ਗੇਹਲੜਾਂ ਨੇ ਆਪਣੇ ਵਿਚਾਰ ਰੱਖੇ।

ਅਮਰੀਕਾ ਤੋਂ ਦੇਸ਼ ਦੁਆਬਾ ਅਖ਼ਬਾਰ ਦੇ ਸੰਪਾਦਕ ਪੀ. ਕੇ. ਚੁੰਬਰ ਅਤੇ ਲੁਧਿਆਣਾ ਤੋਂ ਸ੍ਰੀ ਗੁਰੂ ਰਵਿਦਾਸ ਬਾਣੀ ਅਤੇ ਆਦਿ ਧਰਮ ਖੋਜ ਕੇਂਦਰ ਦੇ ਬੁੱਧੀਜੀਵੀ ਚਿੰਤਕ ਐਡਵੋਕੇਟ ਪ੍ਰੋਫੈਸਰ ਲਾਲ ਸਿੰਘ ਜੀ ਦਾ ਸ਼ੋਕ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ.ਬਿਨਪਾਲਕੇ ਦੇ ਸਮੂਹ ਮੈਂਬਰਾਂ ਵੱਲੋਂ ਸੰਸਥਾ ਪ੍ਰਤੀ ਮਾਸਟਰ ਰਾਮ ਧਨ ਨਾਂਗਲੂ ਜੀ ਵਲੋਂ ਨਿਭਾਈਆਂ ਸੇਵਾਵਾਂ ਬਦਲੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਨਿਰਮਲਾ ਜੀ ਨੂੰ ਸ਼ਾਲ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਨਾਂਗਲੂ ਜੀ ਦੀਆਂ ਪੁਰਾਣੀਆਂ ਮਿਸ਼ਨਰੀ ਇਤਿਹਾਸਕ ਤਸਵੀਰਾਂ ਅਤੇ ਵੱਖ-ਵੱਖ ਅਖ਼ਬਾਰਾਂ ਵਿੱਚ ਉਨ੍ਹਾਂ ਦੇ ਛਪੇ ਲੇਖਾਂ ਤੇ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਗਈ।

ਸਟੇਜ ਦਾ ਸੰਚਾਲਨ ਚਰਨਜੀਤ ਸਿੰਘ ਬਿਨਪਾਲਕੇ ਨੇ ਕੀਤਾ ਅਤੇ ਅੰਤ ਵਿੱਚ ਸ੍ਰੀ ਗੁਰੂ ਰਵਿਦਾਸ ਭਵਨ ਕਮੇਟੀ ਦੇ ਪ੍ਰਧਾਨ ਇੰਦਰਜੀਤ ਖ਼ਜ਼ਾਨਚੀ ਕਮਲਜੀਤ ਕੌਰ ਅਤੇ ਸ੍ਰੀਮਤੀ ਸ਼ਬੀਨਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਰਿਪੋਰਟ :- ਚਰਨਜੀਤ ਸਿੰਘ ਬਿਨਪਾਲਕੇ**

# ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਬਰਾਬਰੀ ਦਾ ਹੱਕ ਦਿੰਦਾ ਹੈ - ਸੰਤ ਸੁਰਿੰਦਰ ਦਾਸ ਕਠਾਰ

**ਸ਼ਾਮਚੁਰਾਸੀ, (ਚੁੰਬਰ)** – ਸਤਿਗੁਰੂ ਰਵਿਦਾਸ ਨਾਮ ਲੇਵਾ ਸੰਗਤ ਵਲੋਂ ਸਰਕਾਰ ਦੇ ਧਿਆਨ ਵਿਚ ਦਲਿਤ ਸਮਾਜ ਦੇ ਹਿੱਤਾਂ ਨਾਲ ਸਬੰਧਿਤ ਬਹੁਤ ਹੀ ਮਹੱਤਵਪੂਰਨ ਮੁੱਦਿਆਂ ਬਾਰੇ ਬਣਦੀ ਕਾਰਵਾਈ ਲਈ ਧਿਆਨ ਦੁਆਉਂਦਿਆਂ ਸੰਤ ਸੁਰਿੰਦਰ ਦਾਸ ਕਠਾਰ ਵਾਲਿਆਂ ਨੇ ਕਿਹਾ ਕਿ ਪੰਜਾਬ ਵਿਚ ਦਲਿਤਾਂ ਦੀ ਜਨਸੰਖਿਆ 40 ਫੀਸਦੀ ਦੇ ਲਗਭਗ ਹੈ, ਜਿਨ੍ਹਾਂ ਵਿਚ ਬਹੁਗਿਣਤੀ ਗਰੀਬ, ਕਮਜੋਰ ਅਤੇ ਜਾਤਪਾਤ ਦੇ ਹਿੱਤਾਂ ਦੇ ਟਕਰਾਅ ਕਰਕੇ, ਜਾਤ ਪਾਤ ਦੇ ਗਲਬੇ, ਆਨਰ ਕਿਲਿੰਗ, ਧਾਰਮਿਕ, ਸਮਾਜਿਕ ਅਤੇ ਆਰਥਿਕ ਹਿੱਤਾਂ ਦੇ ਟਕਰਾਅ ਕਰਕੇ ਵਿਤਕਰੇ ਅਤੇ ਤਸ਼ਦੱਦ ਦੀ ਸ਼ਿਕਾਰ ਹੈ ਅਤੇ ਇਸ ਬਹੁਗਿਣਤੀ ਨੂੰ ਦਬਾਅ ਅਤੇ ਤਸ਼ੱਦਦ ਝੱਲਣੀ ਪੈਂਦੀ ਹੈ। ਜਦ ਪੀੜਤ ਆਪਣੇ ਹੱਕਾਂ ਅਤੇ ਇਨਸਾਫ ਲਈ ਸਰਕਾਰੀ ਅਦਾਰਿਆਂ ਵਿਚ ਪਹੁੰਚ ਕਰਦੇ ਹਨ ਤਾਂ ਕਈ ਵਾਰ ਵੇਖਣ ਵਿਚ ਆਉਂਦਾ ਹੈ ਕਿ ਆਪਣੇ ਪ੍ਰਭਾਵ ਸਬੰਧਾਂ ਅਤੇ ਰਾਜਨਿਤਿਕ ਪਹੁੰਚ ਸਦਕਾ ਕੁਝ ਦੋਸ਼ੀ ਕਾਰਵਾਈਆਂ ਤੋਂ ਬਚ ਜਾਣ ਵਿਚ ਸਫਲ ਹੋ ਜਾਂਦੇ ਹਨ। ਜਿਸ ਨਾਲ ਜਿਥੇ ਮਹੌਲ ਖਾਰਬ ਹੁੰਦਾ ਹੈ ਉਥੇ ਰਾਜਨੀਤੀ ਵੀ ਹੁੰਦੀ ਹੈ। ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਜਿਥੇ ਬਰਾਬਰੀ ਦਾ ਹੱਕ ਦਿੰਦਾ ਹੈ, ਉਥੇ ਇਸ ਦੀ ਪਾਲਣਾ ਲਈ ਸਮਾਜ ਦੇ ਹਰ ਵਰਗ ਦੀ ਬਣਦੀ ਨੁਮਾਇਸ਼ੰਦਗੀ ਵੀ ਲਾਜ਼ਮੀ ਕਰਦਾ ਹੈ, ਜੋ ਕਿ ਮੌਜੂਦਾ ਦੌਰ ਵਿਚ



ਗੈਰਵਾਜਿਕ ਢੰਗ ਨਾਲ ਘੱਟ ਹੈ, ਜੇਕਰ ਹੈ ਵੀ ਤਾਂ ਖੂੰਜੇ ਲੱਗੀ ਪ੍ਰਤੀਤ ਹੁੰਦੀ ਹੈ। ਅੱਜ ਪੰਜਾਬ ਦੇ ਲੱਗਭਗ ਹਰ ਮਹਿਕਮੇ ਵਿਚ ਇਹ ਨੁਮਾਇੰਦਗੀ ਨਾਦਾਰਦ ਹੈ ਅਤੇ ਕੁੰਜੀਵਤ ਪ੍ਰਸ਼ਾਸ਼ਨਿਕ ਅਸਾਮੀਆਂ ਤੇ ਦਲਿਤ ਸਮਾਜ ਨਹੀਂ ਦਿਸਦਾ, ਜੇਕਰ ਕਿਤੇ ਹੈ ਵੀ ਤਾਂ ਉਸ ਨੂੰ ਦਬਾਉਣ ਅਤੇ ਪ੍ਰਭਾਵਹੀਣ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਜਾਰੀ ਹਨ।

ਮਾਣਯੋਗ ਕੈਬਨਿਟ ਮੰਤਰੀ ਚਰਨਜੀਤ ਸਿੰਘ ਨਾਲ ਹੋਏ ਵਿਤਕਰੇ ਦਾ ਮਾਮਲਾ ਇਸ ਗੱਲ ਦਾ ਤਾਜਾ ਉਦਾਹਰਣ ਹੈ। ਇੰਨ੍ਹਾਂ ਸਾਰੀਆਂ ਘਟਨਾਵਾਂ ਅਤੇ ਰੁਝਾਨਾਂ ਕਰਕੇ ਪ੍ਰਭਾਵਸ਼ਾਲੀ ਅਮੀਰ, ਜਗੀਰੂ ਅਤੇ ਉੱਚ ਜਾਤੀ ਦੇ ਕੁਝ ਵਰਗਾਂ ਦਾ ਸਰਕਾਰ ਅਤੇ ਪ੍ਰਸ਼ਾਸ਼ਨ ਵਿਚ ਗਲਬਾ ਅਤੇ ਦਬਦਬਾ ਦਿਸਦਾ ਹੀ ਨਹੀਂ ਮਹਿਸੂਸ ਵੀ ਕਰਵਾਇਆ ਜਾ ਰਿਹਾ ਹੈ।

ਜਿਸ ਦੀ ਘੋਰ ਨਿੰਦਾ ਕਰਦੇ ਹੋਏ ਅਸੀਂ ਆਪਣਾ ਅਸੰਤੋਸ਼ ਅਤੇ ਵਿਰੋਧ ਦਰਜ ਕਰਦੇ ਹਾਂ ਕਿਉਂਕਿ ਇਹ ਸੰਵਿਧਾਨਿਕ ਹੱਕਾਂ, ਸਿਧਾਂਤਾਂ ਅਤੇ ਨੁਮਾਇੰਦਗੀ ਦੇ ਵਿਧਾਨ ਦੀ ਉਲੰਘਣਾ ਹੀ ਨਹੀਂ ਸਗੋਂ ਸਾਡੇ ਗੁਰੂਆਂ, ਸੰਤ-ਮਹਾਂਪੁਰਸ਼ਾਂ ਦੀ ਸਿੱਖਿਆ, ਸਾਂਝੀਵਾਲਤਾ, ਸਰਬੱਤ ਦੇ ਭਲੇ ਅਤੇ ਬੇਗਮਪੁਰੇ ਦੀ ਸੋਚ ਦੇ ਨਾਲ ਗੱਦਾਰੀ ਅਤੇ ਧੋਖਾ ਹੈ। ਸਰਕਾਰ ਤੋਂ ਪੁਰਜੋਰ ਮੰਗ ਹੈ ਕਿ ਪ੍ਰਸ਼ਾਸ਼ਨ ਵਿਚ ਇੰਨ੍ਹਾਂ ਵਰਗਾ ਨੂੰ ਬਣਦੀ ਨੁਮਾਇੰਦਗੀ ਦਿੱਤੀ ਜਾਵੇ।

# ਸਫਾਈ ਮਜ਼ਦੂਰਾਂ ਨੂੰ ਰਾਸ਼ਨ ਵੰਡਿਆ ਗਿਆ



**ਲੋਹੀਆਂ ਖਾਸ–** ਵਿਸ਼ਵ ਪੱਧਰ 'ਤੇ ਚੱਲ ਰਹੀ ਕਰੋਨਾ ਵਾਇਰਸ ਦੀ ਦਹਿਸ਼ਤ ਕਾਰਨ ਚੱਲ ਰਹੇ ਲਾਕਡਾਊਨ ਕਰਕੇ ਸਭ ਕੁਝ ਬੰਦ ਹੈ। ਰੋਜ਼ਾਨਾ ਮਿਹਨਤ ਕਰਕੇ ਖਾਣ ਵਾਲੇ ਲੋਕਾਂ ਲਈ ਬੜੀ ਵੱਡੀ ਮੁਸੀਬਤ ਬਣੀ ਹੋਈ ਹੈ। ਇਸ ਮੁਸੀਬਤ ਦੇ ਚਲਦਿਆਂ ਲੋਹੀਆਂ ਸ਼ਹਿਰ ਦੇ ਸਫਾਈ ਸੇਵਕ (ਜੋ ਕਿ 20 ਕੁ ਦ ਕਰੀਬ ਪਰਿਵਾਰ ਹਨ) ਨੂੰ ਸ੍ਰੀਮਤੀ ਜਸਵਿੰਦਰ ਕੌਰ ਗਿੱਲ (ਸਾਬਕਾ ਵਾਈਸ ਪ੍ਰਧਾਨ ਨਗਰ ਪੰਚਾਇਤ ਲੋਹੀਆਂ) ਪਤਨੀ ਮਾਸਟਰ ਸੰਤੋਖ ਸਿੰਘ ਗਿੱਲ ਵੱਲੋਂ ਸੁੱਕਾ ਰਾਸ਼ਨ ਮੁਹੱਈਆ ਕਰਵਾਇਆ ਗਿਆ। ਰਾਸ਼ਨ ਦੀ ਵੰਡ ਸ੍ਰੀ ਰਾਜ ਕੁਮਾਰ ਸਾਬਕਾ ਪ੍ਰਧਾਨ, ਪੰ. ਲੋਹੀਆਂ, ਮਨਜੀਤ ਸਿੰਘ ਪੱਤਰਕਾਰ ਅਤੇ ਹੀਰਾ ਲਾਲ ਕੌਂਸਲਰ ਵੱਲੋਂ ਕੀਤੀ ਗਈ। ਵਰਣਨਯੋਗ ਹੈ ਕਿ ਕੁਝ ਦਿਨ ਪਹਿਲਾਂ ਵਾਰਡ ਨੰ: 12 ਵਿਚ ਤਕਰੀਬਨ 50 ਲੋੜਵੰਦ ਪਰਿਵਾਰਾਂ ਨੂੰ ਸੁੱਕਾ ਰਾਸ਼ਨ ਮੁਹੱਈਆ ਕਰਵਾਇਆ ਗਿਆ। ਪਹਿਲਾਂ ਵੀ ਹਮੇਸ਼ਾ ਹੀ ਲੋੜਵੰਦ ਲੋਕਾਂ ਦੀ ਦੁੱਖ ਸੁੱਖ 'ਚ ਮਦਦ ਕਰਦੇ ਰਹਿੰਦੇ ਹਨ। ਸਰਕਾਰੀ ਸਕੂਲਾਂ ਤੇ ਧਾਰਮਿਕ ਸਥਾਨਾਂ 'ਤੇ ਵੀ ਅਕਸਰ ਹੀ ਸੇਵਾ ਕਰਦ ਰਹਿੰਦੇ ਹਨ, ਜਿਵੇਂ ਬੱਚਿਆਂ ਦੀਆਂ ਫੀਸਾਂ, ਕਿਤਾਬਾਂ ਤੇ ਵਰਦੀਆਂ ਜਾਂ ਸਕੂਲ, ਹੋਰ ਲੋੜ ਇਮਾਰਤ ਆਦਿ ਲਈ। ਪ੍ਰੈਸ ਨੂੰ ਇਹ ਜਾਣਕਾਰੀ ਸ੍ਰੀ ਰਾਜ ਕੁਮਾਰ ਸਾਬਕਾ ਪ੍ਰਧਾਨ, ਨਗਰ ਪੰਚਾਇਤ ਲੋਹੀਆਂ ਖਾਸ ਵੱਲੋਂ ਦਿੱਤੀ ਗਈ।

# ਬਸਪਾ ਦੇ ਸੂਬਾ ਜਨਰਲ ਸਕੱਤਰ, ਜ਼ਿਲ੍ਹਾ ਪ੍ਰਧਾਨ, ਜ਼ੋਨ ਇੰਚਾਰਜਾਂ ਤੇ ਵਿਧਾਨ ਸਭਾਵਾਂ ਦੇ ਪ੍ਰਧਾਨਾਂ ਵੱਲੋਂ ਅਸਤੀਫੇ

**ਹੁਸ਼ਿਆਰਪੁਰ–** ਬਹੁਜਨ ਸਮਾਜ ਪਾਰਟੀ ਵਿਚ ਉਸ ਸਮੇਂ ਰਾਜਨੀਤਿਕ ਧਮਾਕਾ ਹੋਇਆ, ਜਦੋਂ ਬਸਪਾ ਸੂਬਾ ਲੀਡਰਸ਼ਿਪ ਅਤੇ ਪੰਜਾਬ ਪ੍ਰਧਾਨ ਦੇ ਤਾਨਾਸ਼ਾਹੀ ਰਵੱਈਏ ਤੋਂ ਨਰਾਜ਼ ਆਗੂਆਂ, ਜਿਹਨਾਂ ਵਿਚ ਪੰਜਾਬ ਜਨਰਲ ਸਕੱਤਰ, ਜ਼ਿਲ੍ਹਾ ਪ੍ਰਧਾਨ, ਜ਼ੋਨ ਇੰਚਾਰਜ ਅਤੇ ਵਿਧਾਨ ਸਭਾਵਾਂ ਦੇ ਪ੍ਰਧਾਨਾਂ, ਸਕੱਤਰਾਂ ਸਮੇਤ ਕਰੀਬ ਚਾਰ ਦਰਜਨ ਅਹੁਦੇਦਾਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਣਧੀਰ ਸਿੰਘ ਬੈਨੀਪਾਲ ਨੂੰ ਭੇਜ ਦਿੱਤੇ।

ਬਸਪਾ ਆਗੂਆਂ ਦੇ ਹੋਏ ਇਕੱਠ ਦੌਰਾਨ ਬਸਪਾ ਪੰਜਾਬ ਦੇ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ਸਿੱਧੂ, ਜ਼ਿਲ੍ਹਾ ਪ੍ਰਧਾਨ ਪ੍ਰਸ਼ੋਤਮ ਅਹੀਰ, ਮਨਿੰਦਰ ਸ਼ੇਰਪੁਰੀ ਜ਼ੋਨ ਇੰਚਾਰਜ, ਮਨਦੀਪ ਕਲਸੀ ਜ਼ੋਨ ਇੰਚਾਰਜ, ਵਿਕਾਸ ਹੰਸ ਸੀਨੀ ਉਪ ਜ਼ਿਲ੍ਹਾ ਪ੍ਰਧਾਨ, ਸਤਪਾਲ ਭਾਰਦਵਾਜ ਪ੍ਰਧਾਨ ਵਿਧਾਨ ਸਭਾ ਹੁਸ਼ਿਆਰਪੁਰ ਸਮੇਤ ਕਈ ਅਹੁਦੇਦਾਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇਣ ਦਾ ਐਲਾਨ ਕੀਤਾ। ਇਸ ਮੌਕੇ ਬਸਪਾ ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੀ ਸਮੁੱਚੀ ਬਸਪਾ ਟੀਮ ਬਹੁਤ ਹੀ ਮਿਹਨਤ, ਇਮਾਨਦਾਰੀ ਨਾਲ ਮਿਸ਼ਨ 2022 ਨੂੰ ਧਿਆਨ ਵਿਚ ਰੱਖ ਕੇ ਕੰਮ ਕਰ ਰਹੀ ਸੀ ਪਰ ਪੰਜਾਬ ਪ੍ਰਧਾਨ ਵੱਲੋਂ ਪਿਛਲੇ ਸਮੇਂ ਤੋਂ ਤਾਨਾਸ਼ਾਹੀ ਰਵੱਈਆ ਅਪਣਾਉਂਦਿਆਂ ਬੇਲੋੜੀ ਦਖਲਅੰਦਾਜ਼ੀ ਕੀਤੀ ਜਾ ਰਹੀ ਸੀ। ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਪ੍ਰਧਾਨ ਚੱਬੇਵਾਲ, ਮਲਕੀਤ ਸਿੰਘ ਪ੍ਰਧਾਨ ਗੜ੍ਹਸ਼ੰਕਰ, ਅਜੇ ਕੁਮਾਰ, ਪ੍ਰਦੀਪ ਚੰਦ, ਸੋਨੂੰ, ਰਾਹੁਲ ਕੁਮਾਰ, ਵਿੱਕੀ, ਰਜਤ ਕੁਮਾਰ ਰਾਜੂ, ਜੱਸੀ ਸਿੰਘ, ਲਵ੍ਹਪੀਤ ਸਿੰਘ, ਬਲਜਿੰਦਰ ਸਿੰਘ, ਸਤੀਸ਼ ਕੁਮਾਰ, ਸਨੀਲ ਕੁਮਾਰ, ਅਮਨਦੀਪ ਸਿੰਘ, ਅਭੀ ਕੁਮਾਰ, ਬੰਟੀ, ਜੀਵਨ ਕੁਮਾਰ, ਮਨਵੀਰ ਸਿੰਘ, ਰਾਹੁਲ ਕੁਮਾਰ, ਸੁਸ਼ੀਲ ਕੁਮਾਰ, ਰਾਮਪਾਲ ਸਿੰਘ, ਸੰਜੇ ਕੁਮਾਰ, ਬਲਜੀਤ ਸਿੰਘ, ਅਮਿਤ ਕੁਮਾਰ, ਨਰੇਸ਼ ਕੁਮਾਰ, ਅਰਵਿੰਦਰ ਕੁਮਾਰ ਸਮੇਤ ਕਈ ਬੂਥ ਕਮੇਟੀਆਂ ਦੇ ਆਗੂ ਵੀ ਹਾਜ਼ਰ ਸਨ।

*(ਧੰਨਵਾਦ ਸਹਿਤ ਅਜੀਤ ਜਲੰਧਰ)*

# ਜਬਰੀ ਜ਼ਿਲ੍ਹਾ ਪ੍ਰਧਾਨ ਲਗਾਉਣ ਤੇ ਤੀਜੇ ਦਿਨ ਵੀ ਦਿੱਤੇ ਅਸਤੀਫ਼ੇ ਬਸਪਾ ਅਹੁਦੇਦਾਰਾਂ ਨੇ

**ਹੁਸ਼ਿਆਰਪੁਰ–** ਬਹੁਜਨ ਸਮਾਜ ਪਾਰਟੀ ਚ ਦਿਨ ਪ੍ਰਤੀ ਦਿਨ ਕਲੇਸ਼ ਖਤਮ ਨਹੀਂ ਹੋ ਰਿਹਾ ਬਸਪਾ ਦੇ ਮੋਜੂਦਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਵਲੋਂ ਬਿਨਾਂ ਕਰਨ ਦੱਸੇ ਜ਼ਿਲ੍ਹਾ ਦਾ ਬਸਪਾ ਢਾਂਚਾ ਭੰਗ ਕਰ ਦਿੱਤਾ ਗਿਆ ਜਨਰਲ ਸਕੱਤਰ ਬਸਪਾ ਪੰਜਾਬ ਨੂੰ ਤੇ ਸਮੂਹ ਅਹੁਦੇਦਾਰਾਂ ਨੂੰ ਨਜ਼ਰਅੰਦਾਜ਼ ਕਰ ਕੇ ਨਵਾਂ ਪ੍ਰਧਾਨ ਥਾਪਣ ਤੇ ਲਗਤਾਰ ਅਪਣੇ ਅਹੁਦੇਆ ਤੋਂ ਅਸਤੀਫੇ ਦਿੱਤੇ ਜਾ ਰਹੇ ਹਨ ਅੱਜ ਯੂਥ ਅਹੁਦੇਦਾਰਾਂ ਸੋਹਣ ਲਾਲ ਹਲਕਾ ਸੈਕਟਰੀ ਬਸਪਾ ਹੁਸ਼ਿਆਰਪੁਰ, ਗੁਰਪ੍ਰੀਤ ਸੋਨੀ ਭੜਾਂ ਹਲਕਾ ਕਨਵੀਨਰ ਬਸਪਾ ਹੁਸ਼ਿਆਰਪੁਰ, ਅਮਰਜੀਤ ਭੱਟੀ ਹਲਕਾ ਸੈਕਟਰੀ ਬਸਪਾ ਹੁਸ਼ਿਆਰਪੁਰ, ਪਰਮਜੀਤ ਕੌਤਰਾ ਭੜਾਂ ਕਨਵੀਨਰ ਹਲਕਾ ਹੁਸ਼ਿਆਰਪੁਰ, ਸਰਬਜੀਤ ਸਿੱਧੂ ਬਸਪਾ ਆਗੂ ਹੁਸ਼ਿਆਰਪੁਰ ਆਦਿ ਨੇ ਅਹੁਦਿਆਂ ਤੋਂ



ਅਸਤੀਫੇ ਦਿੱਤੇ ਇਸ ਮੌਕੇ ਨੇ ਅਹੁਦੇਦਾਰਾਂ ਨੇ ਕਿਹਾ ਕਿ ਅਸੀਂ ਸਾਰੇ ਠੇਕੇਦਾਰ ਭਗਵਾਨ ਦਾਸ ਸਿੱਧੂ ਤੇ ਪ੍ਰਸ਼ੋਤਮ ਅਹੀਰ ਵੀ ਬਸਪਾ ਨਾਲ ਹੀ ਹਨ ਤੇ ਰਹਿਣਗੇ ਪਰ ਅਹੁਦੇ ਤੇ ਕੰਮ ਨਹੀਂ ਕਰਨਗੇ । ਬਸਪਾ ਦੇ ਮੋਜੂਦਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੇ ਜੋ ਫੈਸਲੇ ਆ ਰਹੇ ਹਨ ਉਹ ਬਹੁਜਨ ਸਮਾਜ ਦੇ ਖਿਲਾਫ਼ ਆ ਰਹੇ ਹਨ ਇਸ ਮੌਕੇ ਤੇ ਅਹੁਦੇਦਾਰਾਂ ਨੇ ਕਿਹਾ ਕਿ ਇਹ ਸਾਡਾ ਅੰਦਰੂਨੀ ਫੈਸਲਾ ਹੈ ਕਿਸੇ ਵੀ ਪਾਰਟੀ ਦਾ ਕੋਈ ਲੈਣ ਦੇਣ ਨਹੀਂ ਹੈ ਤੇ ਬਸਪਾ ਆਗੂਆਂ ਨੇ ਕਿਹਾ ਕਿ ਜੇਕਰ ਇਸ ਤਰ੍ਹਾਂ ਹੀ ਰਿਹਾ ਤਾਂ 2022 ਚ ਹੁਸ਼ਿਆਰਪੁਰ ਵਿੱਚ ਪਾਰਟੀ ਦਾ ਨੁਕਸਾਨ ਹੋ ਸਕਦਾ ਹੈ ਤੇ ਇਸ ਦਾ ਜਿੰਮੇਵਾਰ ਬਸਪਾ ਦੇ ਮੋਜੂਦਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਹੋਵੇਗਾ। ਬਸਪਾ ਹਾਈਕਮਾਂਡ ਨੂੰ ਜਲਦੀ ਇਸ ਦਾ ਕੋਈ ਹੱਲ ਲੱਭਣਾ ਚਾਹੀਦਾ ਹੈ।

# ਸਤਿਗੁਰੂ ਰਵਿਦਾਸ ਜੀ ਦੀ ਤਸਵੀਰ ਦੀ ਬੇਅਦਬੀ ਦੀ ਨਿੰਦਾ

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਵਿਸ਼ੇਸ਼ ਮੀਟਿੰਗ ਫੋਨ ਦੇ ਮਾਧਿਅਮ ਰਾਹੀਂ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਭਾ ਵੱਲੋਂ ਮਤਾ ਪਾਸ ਕੀਤਾ ਗਿਆ। ਸਾਡੇ ਰਹਿਬਰ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਤਸਵੀਰ ਤੰਬਾਕੂ ਦੀ ਡੱਬੀ ਉਪਰ ਲਗਾ ਕੇ ਜੋ ਗੁਰੂ ਸਾਹਿਬ ਦੀ ਬੇਅਦਬੀ ਕੀਤੀ ਗਈ ਹੈ, ਜਿਸ ਨਾਲ ਦੁਨੀਆਂ ਭਰ 'ਚ ਬੈਠੀਆਂ ਸੰਗਤਾਂ ਦੇ ਮਨਾਂ ਨੂੰ ਬੇਹੱਦ ਦੁੱਖ ਤੇ ਪ੍ਰੇਸ਼ਾਨੀ ਹੋਈ ਹੈ। ਸਭਾ ਵੱਲੋਂ ਮਤਾ ਪਾ ਕੇ ਸਰਕਾਰ ਤੇ ਪ੍ਰਸ਼ਾਸਨ ਪਾਸੋਂ ਪੁਰਜ਼ੋਰ ਸ਼ਬਦਾਂ ਵਿਚ ਮੰਗ ਕੀਤੀ ਗਈ ਹੈ ਕਿ ਗੁਰੂ ਸਾਹਿਬ ਦੀ ਤਸਵੀਰ ਦੀ ਬੇਅਦਬੀ ਕਰਨ ਵਾਲੀ ਕੰਪਨੀ, ਮਾਲਕ ਅਤੇ ਸੰਚਾਲਕਾਂ ਦੇ ਖਿਲਾਫ ਤੁਰੰਤ ਬਣਦੀ ਕਾਰਵਾਈ ਕਰਕੇ ਸਜ਼ਾ ਦਿੱਤੀ ਜਾਵੇ। ਪਿਛਲੇ ਲੰਮੇ ਸਮੇਂ ਤੋਂ ਇਹੋ ਜਿਹੀਆਂ ਕਰਤੂਤਾਂ ਮੂਰਖ ਲੋਕਾਂ ਵੱਲੋਂ ਵਾਰ-ਵਾਰ ਦੁਹਰਾਈਆਂ ਜਾ ਰਹੀਆਂ ਹਨ। ਜਦੋਂ ਤੱਕ ਇਹਨਾਂ





ਲੋਕਾਂ ਨੂੰ ਠੋਸ ਸਜ਼ਾ ਨਾ ਮਿਲੀ, ਉਦੋਂ ਤੱਕ ਇਹ ਲੋਕ ਆਪਣੀ ਮਨਮਾਨੀਆਂ ਕਰਦੇ ਰਹਿਣਗੇ। ਇਕ ਹੋਰ ਘਟਨਾ ਕਿ ਸਤਿਗੁਰੂ ਰਵਿਦਾਸ ਜੀ ਤੇ ਮਾਤਾ ਮੀਰਾਂ ਬਾਈ ਜੀ ਦੀ ਮੂਰਤੀ ਦੀ ਬੇਅਦਬੀ ਕੀਤੀ ਗਈ ਹੈ, ਉਹਨਾਂ ਦੋਸ਼ੀਆਂ ਦੇ ਖਿਲਾਫ ਤੁਰੰਤ ਕਾਨੂੰਨੀ ਕਾਰਵਾਈ ਕਰਕੇ ਬਣਦੀ ਸਜ਼ਾ ਦਿੱਤੀ ਜਾਵੇ। ਸਭਾ ਵੱਲੋਂ ਇਹ ਵੀ ਵਿਚਾਰਿਆ ਗਿਆ ਕਿ ਕਰੋਨਾ ਵਾਇਰਸ ਕਾਰਨ ਜੋ ਸੰਸਾਰ ਪੱਧਰ ਤੇ ਹਾਲਾਤ ਬਦੱਤਰ ਹੋਏ ਹਨ।

ਹਾਲਾਤ ਸਾਜ਼ਗਾਰ ਹੋਣ ਤੇ ਸਮੂਹ ਕੈਲੇਫੋਰਨੀਆ ਦਾ ਵਾਲਮੀਕ ਭਾਈਚਾਰਾ ਤੇ ਰਵਿਦਾਸ ਭਾਈਚਾਰਾ ਇਕੱਠੇ ਹੋ ਕੇ ਜਲਦੀ ਹੀ ਵਿਸ਼ੇਸ਼ ਮੀਟਿੰਗ ਕਰਕੇ ਇਹੋ ਜਿਹੀਆਂ ਨਿੰਦਣਯੋਗ ਕਾਰਵਾਈਆਂ ਖਿਲਾਫ ਕੋਈ ਪ੍ਰੋਗਰਾਮ ਉਲੀਕਣਗੇ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦੀ ਤਸਵੀਰ ਅਤੇ ਮੂਰਤੀ ਪ੍ਰਤੀ ਨਿਰਾਦਰ ਦੀ ਘੋਰ ਨਿੰਦਾ



**ਯੂਬਾ ਸਿਟੀ-** ਦੁਨੀਆਂ ਭਰ ਵਿਚ ਫੈਲੇ ਕਰੋਨਾ ਨਾਲ ਜਿੱਥੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਇਸ ਦੀ ਰੋਕਥਾਮ ਅਤੇ ਇਲਾਜ ਲਈ ਦਿਨ-ਰਾਤ ਕੋਸ਼ਿਸ਼ਾਂ ਕਰ ਰਹੇ ਹਨ, ਉਥੇ ਭਾਰਤ ਅੰਦਰ ਕੁਝ ਸ਼ਰਾਰਤੀ ਅਨਸਰਾਂ ਨੂੰ ਆਪਣੀਆਂ ਪੁਰਾਣੀਆਂ ਕੋਝੀਆਂ ਸ਼ਰਾਰਤਾਂ ਸੁੱਝਦੀਆਂ ਹਨ। ਬੀਤੇ ਦਿਨਾਂ 'ਚ ਇਕ ਤੰਬਾਕੂ ਕੰਪਨੀ ਨੇ ਤੰਬਾਕੂ ਦੀਆਂ ਡੱਬੀਆਂ ਤੇ ਸਤਿਗੁਰੂ ਰਵਿਦਾਸ ਮਹਾਰਾਜ ਦੀ ਤਸਵੀਰ ਲਗਾ ਕੇ ਜਿੱਥੇ ਘੋਰ ਨਿਰਾਦਰ ਕੀਤਾ ਹੈ, ਉਥੇ ਇਕ ਹੋਰ ਇਨਸਾਨੀਅਤ ਤੋਂ ਗਿਰੇ ਲੋਕਾਂ ਨੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਅਤੇ ਉਹਨਾਂ ਦੀ ਪਰਮ ਸੇਵਕਾਂ ਮਾਤਾ ਮੀਰਾਂ ਬਾਈ ਜੀ ਦੀਆਂ ਮੂਰਤੀਆਂ ਦਾ ਨਿਰਾਦਰ ਕਰਕੇ ਆਪਣੇ ਅੰਦਰਲੀ ਗੈਰ ਮਨੁੱਖਤਾਵਾਦੀ ਔਕਾਤ ਦਿਖਾ ਦਿੱਤੀ, ਜਿਸ ਨਾਲ ਸਤਿਗੁਰੂ ਰਵਿਦਾਸ ਜੀ ਦੀਆਂ ਨਾਮ ਲੇਵਾ ਦੇਸ਼-ਵਿਦੇਸ਼ 'ਚ ਬੈਠੀਆਂ ਸੰਗਤਾਂ ਦੇ ਮਨਾਂ ਨੂੰ ਗਹਿਰਾ ਧੱਕਾ ਲੱਗਾ ਹੈ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤ ਜਿੱਥੇ ਇਹਨਾਂ ਦਰਿੰਦਿਆਂ ਦੀ ਘਿਨਾਉਣੀ ਹਰਕਤ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦੀ ਹੈ, ਉਥੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਅਜਿਹੀ ਕੰਪਨੀ ਨੂੰ ਬੰਦ ਕੀਤਾ ਜਾਵੇ ਤੇ ਉਸ ਦੇ ਮਾਲਕ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤੇ ਦੂਜੇ ਪਾਸੇ ਜਿਹਨਾਂ ਨੇ ਮੂਰਤੀਆਂ ਨਾਲ ਦੁਰਵਿਵਹਾਰ ਕੀਤਾ ਹੈ, ਉਹਨਾਂ 'ਤੇ ਵੀ ਕਰੜੀ ਕਾਰਵਾਈ ਕੀਤੀ ਜਾਵੇ ਤਾਂ ਕਿ ਭਵਿੱਖ 'ਚ ਕੋਈ ਅਜਿਹੀ ਭੈੜੀ ਹਰਕਤ ਨਾ ਕਰ ਸਕੇ। ਜੇਕਰ ਯੂ. ਪੀ. ਸਰਕਾਰ ਅਤੇ ਕੇਂਦਰ ਸਰਕਾਰ ਅਜਿਹੇ ਦਰਿੰਦਿਆਂ ਤੇ ਕੋਈ ਕਾਰਵਾਈ ਨਹੀਂ ਕਰਦੀ ਤਾਂ ਫਿਰ ਇਹੀ ਸਮਝਿਆ ਜਾ ਸਕਦਾ ਹੈ ਕਿ ਇਹ ਭੈੜੇ ਅਨਸਰ ਸਰਕਾਰਾਂ ਦੀ ਸ਼ਹਿ ਤੇ ਹੀ ਅਜਿਹੀਆਂ ਕੋਝੀਆਂ ਹਰਕਤਾਂ ਕਰਦੇ ਹਨ।



# ਝੂਠੀ ਦੂਸ਼ਣਬਾਜੀ ਕਰਨ ਵਾਲਿਆਂ ਖਿਲਾਫ ਤੁਰੰਤ ਕਾਰਵਾਈ ਦੀ ਮੰਗ

**ਯੂਬਾ ਸਿਟੀ-** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਇਕ ਵਿਸ਼ੇਸ਼ ਮੀਟਿੰਗ ਫੋਨ ਰਾਹੀਂ ਸ੍ਰੀ ਪ੍ਰੇਮ ਸੌਂਧੀ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਵਾਲਮੀਕ ਭਾਈਚਾਰੇ ਦਾ ਸਭ ਤੋਂ ਪਵਿੱਤਰ ਤੇ ਉੱਤਮ ਸਥਾਨ ਜਿਸ ਨਾਲ ਦੁਨੀਆਂ ਭਰ 'ਚ ਵੱਸਦੇ ਵਾਲਮੀਕ ਭਾਈਚਾਰੇ ਦੀਆਂ ਭਾਵਨਾਵਾਂ ਜੁੜੀਆਂ ਹਨ, ਵਾਲਮੀਕ ਤੀਰਥ ਤੇ ਸਥਾਨ ਉਪਰ ਸੇਵਾ ਕਰ ਰਹੇ ਨਾਥਾਂ (ਸੰਤਾਂ) ਉਪਰ ਜੋ ਕੁਝ ਵਾਲਮੀਕ ਭਾਈਚਾਰੇ ਦੇ ਹੀ ਵਿਕਾਊ ਤੇ ਗੰਦੀ ਜਮੀਰ ਦੇ ਲੋਕਾਂ ਨੇ ਬੇਬੁਨਿਆਦ ਤੇ ਝੂਠੇ ਇਲਜ਼ਾਮ ਲਾਏ ਸਨ, ਜਿਸ ਦੀ ਸਭਾ ਵੱਲੋਂ ਬੇਹੱਦ ਕਰੜੇ ਸ਼ਬਦਾਂ ਵਿਚ ਨਿੰਦਿਆ ਕਰਦੀ ਹੈ ਜੋ ਕਿ ਪੜਤਾਲੀਆ ਕਮੇਟੀ ਵੱਲੋਂ ਗਲਤ ਸਬਤ ਕਰ ਦਿੱਤੇ ਹਨ।

ਸਭਾ ਵੱਲੋਂ ਪ੍ਰਸ਼ਾਸਨ ਤੋਂ ਮੰਗ ਕੀਤੀ ਜਾਂਦੀ ਹੈ ਕਿ ਝੂਠ ਬੋਲਣ ਤੇ ਦੁਨੀਆਂ ਭਰ 'ਚ ਬੈਠੇ ਸਮੂਹ ਭਗਵਾਨ ਵਾਲਮੀਕ ਨਾਮ ਲੇਵਾ ਸੰਗਤਾਂ ਦੇ ਮਨਾਂ ਨੂੰ ਠੇਸ ਪਹੁੰਚਣ ਅਤੇ ਵਾਲਮੀਕ ਆਸ਼ਰਮ ਦੀ ਮਰਿਆਦਾ ਨੂੰ ਠੇਸ ਪਹੁੰਚਣ ਕਰਕੇ ਇਹਨਾਂ ਸਾਰੇ ਲੋਕਾਂ ਦੇ ਖਿਲਾਫ ਤੁਰੰਤ ਕਾਰਵਾਈ ਕਰਕੇ ਸਜ਼ਾ ਦਿੱਤੀ ਜਾਵੇ ਤਾਂ ਕਿ ਭਵਿੱਖ ਵਿਚ ਕੋਈ ਹੋਈ ਅਜਿਹੀ ਗੰਦੀ ਹਰਕਤ ਨਾ ਕਰੇ, ਜਿਸ ਨਾਲ ਸੰਗਤਾਂ ਤੇ ਪਵਿੱਤਰ ਸਥਾਨਾਂ ਨੂੰ ਕੋਈ ਠੇਸ ਨਾ ਪਹੁੰਚੇ।

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਦੁਨੀਆਂ ਭਰ ਵਿਚ ਵੱਸਦੀਆਂ ਭਗਵਾਨ ਵਾਲਮੀਕ ਨਾਮ ਲੇਵਾ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਜੋ ਲੋਕ ਆਪਣੇ ਹੀ ਲੋਕਾਂ 'ਤੇ ਆਪਣੇ ਹੀ ਧਾਰਮਿਕ ਸਥਾਨਾਂ ਦੀ ਬੇਅਦਬੀ ਕਰਨ ਵਰਗੀਆਂ ਕਰਤੂਤਾਂ ਕਰਨ, ਉਹਨਾਂ ਦਾ ਭਾਈਚਾਰੇ ਵਿਚ ਸਮਾਜਿਕ ਤੇ ਧਾਰਮਿਕ ਤੌਰ 'ਤੇ ਬਾਈਕਾਟ ਕਰ ਦੇਣਾ ਚਾਹੀਦਾ ਹੈ।

ਸਭਾ ਵੱਲੋਂ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਿਸਨੇ ਆਪਣੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਕਰਕੇ ਤਾਕਤ ਦੇ ਜ਼ੋਰ ਕਰਕੇ ਝੂਠੇ ਪਰਚੇ ਦਰਜ ਕਰਾਏ ਹਨ, ਉਸਦੀ ਉਕਤ ਅਹੁਦੇ ਤੋਂ ਤੁਰੰਤ ਬਰਖਾਸਤ ਕੀਤਾ ਜਾਵੇ। ਪ੍ਰੈਸ ਨੂੰ ਇਹ ਸਾਰੀ ਜਾਣਕਾਰੀ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ ਹੈ।

# ਮਾਨਾਂ ਮਰ ਜਾਣਾ ਓ ਪਿੱਛੇ ਯਾਦਾਂ ਰਹਿ ਜਾਣੀਆਂ















ਉਪਰੋਕਤ ਤਸਵੀਰਾਂ ਉਸ ਸਮੇਂ ਦੀਆਂ ਹਨ ਜਦੋਂ ਅਸੀਂ ਲੇਖਕ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਜੀ ਦੇ ਨਾਲ ਸਾਡੇ ਪਿੰਡ ਦੀਵਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਰਬਰੂ ਸਮਾਗਮ ਕਰਵਾਇਆ ਸੀ। ਉਹਨਾਂ ਨੇ ਸਾਡੇ ਪਿੰਡ ਵਿਚ ਬਣੀ ਗੁਰਸੇਵਕ ਸਿੰਘ ਯਾਦਗਾਰੀ ਲਾਇਬ੍ਰੇਰੀ ਦਾ ਵੀ ਦੌਰਾ ਕੀਤਾ ਸੀ ਤੇ ਕੁਝ ਪੁਸਤਕਾਂ ਵੀ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ ਸਨ। ਪ੍ਰੋਫੈਸਰ ਸਾਹਿਬ ਮੇਰਾ ਵਿਰਾਸਤੀ ਮਿਊਜ਼ੀਅਮ ਵੀ ਦੇਖ ਕੇ ਗਏ ਸੀ। ਪੰਜਾਬੀ ਸਾਹਿਤ ਦੇ ਬਾਬਾ ਬੋਹੜ ਹਮਦਰਦਵੀਰ ਨੌਸ਼ਹਿਰੀ ਜੀ ਬੀਤੀ ਰਾਤ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੀ ਮਿੱਠੀ ਯਾਦ ਵਿਚ ਕੁਝ ਯਾਦਵਾਰੀ ਤਸਵੀਰਾਂ। **– ਤਸਵਿੰਦਰ ਸਿੰਘ ਬੜੈਚ**

# ਹੁਣ ਫਿਰ 'ਇੰਡੀਆ' ਦੇ ਨਾਂ ਨੂੰ ਬਦਲਣ ਦਾ ਇਕ ਨਵਾਂ ਘਚੋਲਾ ਉਜਾਗਰ

ਪਿਛਲੇ ਕੁਝ ਸਮੇਂ ਤੋਂ ਦੇਸ ਵਿਚ ਨਵੇਂ ਨਵੇਂ ਵਿਵਾਦ ਖੜ੍ਹੇ ਕਰਕੇ ਲੋਕਾਂ ਦੇ ਮਨਾਂ ਵਿੱਚ ਕਈ ਪ੍ਰਕਾਰ ਦੇ ਘਚੋਲੇ ਖੜ੍ਹੇ ਕੀਤੇ ਜਾ ਰਹੇ ਹਨ। ਹੁਣ ਇਕ ਨਵਾਂ ਮੁੱਦਾ ਖੜ੍ਹਾ ਕਰਵਾ ਦਿਤਾ ਗਿਆ ਹੈ ਕਿ ਉਇੰਡੀਆ" ਸ਼ਬਦ ਗੁਲਾਮੀ ਦਾ ਪ੍ਰਗਟਾਵਾ ਕਰਦਾ ਹੈ ਇਸ ਕਰਕੇ ਇਸ ਦਾ ਨਾਂ ਬਦਲ ਕੇ "ਭਾਰਤ" ਰੱਖ ਦਿਤਾ ਜਾਵੇ।ਇਸ ਸਬੰਧ ਵਿਚ ਉਸ ਵਿਅਕਤੀ ਵਲੋਂ ਭਾਰਤ ਦੀ ਸਰਬ ਉੱਚ ਅਦਾਲਤ ਵਿੱਚ ਅਰਜੀ ਵੀ ਦਾਖਲ ਕਰਵਾ ਦਿਤੀ ਗਈ ਹੈ ।ਜਦੋਂ ਤੋਂ ਦੇਸ਼ ਵਿਚ ਕਾਂਗਰਸ ਪਾਰਟੀ ਤੋਂ ਬਾਦ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਦਾ 2014 ਵਿੱਚ ਗਠਨ ਹੋਇਆ ਤਾਂ ਲੋਕਾਂ ਦਾ ਵਿਸ਼ਵਾਸ਼ ਬਣਿਆ ਸੀ ਕਿ ਦੇਸ਼ ਵਿਚ ਨਵੀਂ ਬਣੀ ਸਰਕਾਰ ਜਿਸ ਨੇ ਦੇਸ਼ ਦੇ ਲੋਕਾਂ ਦੀਆਂ ਮੁਸ਼ਕਾਲਾਂ ਦੀ ਨਬਜ ਤੇ ਹੱਥ ਰੱਖ ਕੇ ਵਾਅਦੇ ਕੀਤੇ ਸਨ ਕਿ ਦੇਸ਼ ਨੂੰ ਮਹਿੰਗਾਈ ਭ੍ਰਿਸ਼ਟਾਚਾਰ , ਬੇਰੁਜਗਾਰੀ ਤੋਂ ਮੁੱਕਤ ਕੀਤਾ ਜਾਵੇਗਾ, ਕਿਸਾਨਾਂ ਦੀ ਆਮਦਨ ਦੁਗੱਣੀ ਕਰਕੇ ਉਨਾਂ ਨੂੰ ਰੋਜਮਰਾ ਦੀਆਂ ਖੁਦਕਸ਼ੀਆਂ ਤੋਂ ਨਿਜਾਤ ਦੁਆਈ ਜਾਵੇਗੀ , ਭਾਰਤ ਦੇ ਸਰਮਾਏਦਾਰਾਂ ਦਾ ਬਿਦੇਸ਼ਾਂ ਵਿਚ ਪਿਆ ਕਾਲਾ ਧੰਨ ਦੇਸ਼ ਵਿਚ ਲਿਆਂਦਾ ਜਾਵੇਗਾ । ਹਰੇਕ ਪ੍ਰੀਵਾਰ ਦੇ ਖਾਤੇ ਵਿਚ 15-15 ਲੱਖ ਖਾਤੇ ਵਿਚ ਪਾਏ ਜਾਣਗੇ । ਦੇਸ ਦੇ ਇਕ ਵਪਾਰੀ ਕਿਸਮ ਦੇ ਬਾਬੇ ਨੇ ਵੀ ਇਸ ਦੀ ਰੱਜ ਕੇ ਵਕਾਲਤ ਕੀਤੀ । ਜਿਸ ਨੇ ਅੱਜ ਅਪਣਾ ਕਾਰੋਬਾਰ ਦਸ ਗੁਣਾ ਤੋਂ ਵਧੇਰੇ ਕਰ ਲਿਆ ਹੋਰ ਤਾਂ ਹੋਰ ਦੇਸ਼ ਦੀ ਵਾਂਗ ਡੋਰ ਸਾਂਭਣ ਵਾਲੇ ਇਸ ਫਿਰਕਾਪ੍ਰਸਤ ਆਗੂ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ 'ਮੁੱਝੇ ਪ੍ਰਧਾਨ ਮੰਤਰੀ ਮੱਤ ਬਣਾਈਏ, ਮੁੱਝੇ ਚੌਕੀਦਾਰ ਬਣਾਈਏ' ਲੋਕਾਂ ਨੇ ਵਿਸਵਾਸ਼ ਕੀਤਾ ।ਪਰ ਸਰਕਾਰ ਬਣਨ ਦੇ ਝੱਟ ਬਾਦ ਜੋ ਕੁਝ ਵੇਖਣ ਨੂੰ ਮਿਲ ਰਿਹਾ ਹੈ ਕਿ ਲੋਕਾਂ ਦੇ ਮਸਲੇ ਤਾਂ ਜੁਮਲਿਆਂ ਵਿਚ ਤਬਦੀਲ ਹੋ ਗਏ ਤੇ ਕਈ ਛਾਈਂ ਮਾਈਂ ਹੀ ਹੋ ਗਏ। ਉਨਾਂ ਦੀ ਥਾਂ ਤੇ ਹਿੰਦੂ ਮੁਸਲਿਮ ਮੁੱਦਾ ਇਤਨਾ ਭੱਖਾ ਦਿਤਾ ਗਿਆ ਕਿ ਲੋਕਾਂ ਦੇ ਅਸਲ ਮੱਸਲੇ ਭੁੱਲਾ ਦਿਤੇ ਤੇ ਬਹੁ ਗਿਣਤੀ ਦੇ ਲੋਕਾਂ ਨੂੰ ਸ਼ਹਿ ਦੇ ਕੇ ਵੱਡੀ ਗਿਣਤੀ ਵਿਚ ਮੁਸਲਿਮ ਧਰਮ ਦੇ ਲੋਕਾਂ ਨੂੰ ਗਊਆਂ ਦੇ ਨਾਂ ਤੇ ਕੋਹ ਕੋਹ ਕੇ ਮਾਰਿਆ ਕੁਟਿਆ ਗਿਆ, ਕਦੇ ਮਸਜਿਦ ਮੰਦਰ ਦਾ ਮੁੱਦਾ ਖੜ੍ਹਾ ਕਰਵਾ ਦਿਤਾ ਜਾਂਦਾ, ਕਦੇ ਐਨ ਆਰ ਸੀ, ਕਦੇ ਜੰਮੂ ਕਸਮੀਰ ਦੀ ਧਾਰਾ 370 ਤੇ 35 ਏ ਹਟਾਉਣ, ਕਦੇ ਗੁਰਦੁਆਰਿਆਂ ਨੂੰ ਮੰਦਰਾਂ ਵਿਚ ਤਬਦੀਲ ਕੀਤੇ ਜਾਦੇ ਹਨ, ਕਦੇ ਪੰਜਾਬੀ ਕਿਸਾਨਾਂ ਨੂੰ ਗਜੁਰਾਤ, ਮਹਾਰਾਸ਼ਟਰ, ਹਰਿਆਣਾ , ਛੱਤੀਸਗੜ੍ਹ ਆਦਿ ਪ੍ਰਾਤਾਂ ਵਿਚੋਂ ਉਜਾੜਣ ਦੀਆਂ ਗੱਲਾਂ ਕੀਤੀਆਂ ਜਾਦੀਆਂ ਹਨ ਤੇ ਕਦੇ ਗੈਰ ਵਿਗਿਆਨਿਕ ਤੇ ਅੰਧਵਿਸ਼ਵਾਸ਼ ਫੈਲਾਉਣ ਵਾਲੀਆਂ ਗੱਲਾਂ ਕਰਕੇ ਬਿਮਾਰੀਆਂ ਦੇ ਇਲਾਜ ਗੋਬਰ, ਮੂਤਰ ਦਸੇ ਜਾਦੇ ਹਨ । ਅੱਜ ਹਰ ਇਨਸਾਨ ਇਹ ਸੋਚ ਕੇ ਚਕਰਾ ਰਿਹਾ ਹੈ ਕਿ ਆਖਰ ਇਸ ਦੇਸ ਵਿੱਚ ਹੋ ਕੀ ਰਿਹਾ ਹੈ? ਇਕ ਮੁੱਦਾ ਹਾਲੇ ਜਿਉਂ ਦਾ ਤਿਉਂ ਹੀ ਹੁੰਦਾ ਹੈ ਕਿ ਇਕ ਹੋਰ ਨਵਾਂ ਮੁੱਦਾ ਖੜ੍ਹਾ ਕਰ ਦਿਤਾ ਜਾਂਦਾ ਹੈ । ਹੁਣ ਇਕ ਬੇਥੱਵਾ ਜਿਹਾ ਨਵਾਂ ਮੁੱਦਾ ਸੁਪਰੀਮ ਕੋਰਟ ਵਿੱਚ ਮੁਕਦਮਾ ਦਰਜ ਕੇ ਖੜ੍ਹਾ ਕਰਵਾ ਦਿਤਾ ਗਿਆ ਹੈ। ਹੈਰਾਨੀ ਹੋ ਰਹੀ ਹੈ ਕਿ ਜਿਸ ਮਨੁੱਖ ਨੇ ਇਹ ਮੁਕੱਦਮਾ ਦਰਜ ਕੀਤਾ ਹੈ ਉਹ ਸ਼ਾਇਦ ਦਿਮਾਗੋਂ ਕਿਤਨਾ ਕੰਮਜੋਰ ਤੇ ਥੋਥਾ, ਮੋਥਾ ਹੈ ਜਿਸ ਨੂੰ ਇਹ ਵੀ ਨਹੀਂ ਪਤਾ ਕਿ 'ਇੰਡੀਆ' ਦੇ ਨਾਂ ਤੇ ਤਾਂ ਸਾਡੇ ਦੇਸ਼ ਦਾ ਸੰਵਿਧਾਨ ਬਣਾਇਆ ਗਿਆ ਹੈ ਜਿਸ ਵਿਚ ਜਿਕਰ ਕੀਤਾ ਗਿਆ ਹੈ ਕਿ ਇੰਡੀਆ ਜਿਸ ਦਾ ਨਾਂ ਭਾਰਤ ਦੇਸ਼ ਹੈ ਇਹ ਬਹੁਤ ਸਾਰੇ ਪ੍ਰਾਂਤਾਂ ਦਾ ਸੰਗ੍ਰਿਹ ਹੈ। ਅਦਾਲਤ ਵਿੱਚ ਅਰਜੀ ਦਾਇਰ ਕਰਨ ਵਾਲੇ ਇਸ ਭੱਦਰਪੁਰਸ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਦੇਸ਼ ਨੂੰ 'ਇੰਡੀਆ' 'ਭਾਰਤ' ਤੇ 'ਹਿੰਦੁਸਤਾਨ' ਤਿੰਨ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇਸ਼ ਨੂੰ ਉਹਿੰਦੂਸਤਾਨ" ਬਣਾਉਣ ਜਿਹੀਆਂ ਮੂਰਖ ਮੱਤੀਆ ਕੀਤੀਆ ਜਾ ਰਹੀਆਂ ਹਨ। ਇਸ ਰਿੱਟ ਦਾਖਲ ਕਰਨ ਵਾਲੇ ਨੂੰ ਪਹਿਲਾਂ ਇਹ ਵਾਚ ਲੈਣਾ ਚਾਹੀਦਾ ਸੀ ਕਿ ਇੰਡੀਆ ਦਾ ਨਾਂ ਬਦਲਣ ਦੇ ਨਾਲ ਫਿਰ ਦੇਸ਼ ਦੇ ਸੰਵਿਧਾਨ ਦਾ ਕੀ ਕਰੋਗੇ? ਲਗਦਾ ਹੈ ਅੱਕ ਪਲਾਹੀ ਸੋਟੇ ਮਾਰੇ ਜਾ ਰਹੇ ਹਨ ਕਿ ਲੋਕਾਂ ਦਾ ਧਿਆਨ ਹੁਣ ਇਸ ਨਵੇਂ ਪਾਸੇ ਵੱਲ ਲਾ ਦਿਉ ਤਾਂ ਕਿ ਉਹ ਫਿਰ ਨਾਂ ਤਾਂ ਮਹਿੰਗਾਈ ਦੀ ਗੱਲ ਕਰਨਗੇ ਨਾ ਹੀ ਭ੍ਰਿਸ਼ਟਾਚਾਰ, ਬੇਰੁਜਗਾਰੀ ਆਦਿ ਵਰਗੀਆਂ ਦੇਸ਼ ਦੀਆਂ ਹੋਰ ਗੰਭੀਰ ਸਮਸਿਆਵਾਂ ਬਾਰੇ ਦੇਸ਼ ਦੇ ਰਾਜ ਕਰ ਰਹੇ ਹਾਕਮਾਂ ਨੂੰ ਪੁੱਛਣ ਵਾਲੇ ਹੋਣਗੇ! ਦੇਸ਼ ਦੇ ਚਿੰਤਕ ਲੋਕ ਇਹ ਸੋਚਣ ਲਈ ਮਜਬੂਰ ਹੋ ਕੇ ਮੂੰਹੋਂ ਮੂੰਹੀਂ ਇਹ ਕਹਿਣ ਲਗ ਪਏ ਹਨ ਕਿ ਇਸ ਪਿਛੇ ਜਿਵੇਂ ਕਿਸੇ ਦੀ ਰਾਜਸੀ ਚਾਲ ਹੋਵੇ? ਚਿੰਤਕਾਂ ਦੀ ਗੱਲ ਵਿਚ ਕਾਫੀ ਦੱਮ ਵੀ ਲਗਦਾ ਹੈ ਕਿ ਜਦੋਂ ਉਹ ਪਿਛੋਕੜ੍ਹ ਦੇ ਸਮੇਂ ਵੱਲ ਝਾਤ ਮਾਰਦੇ ਹਨ ਕਿ ਗੱਦੀ ਤੇ ਬੈਠਣ ਸਮੇਂ ਹਾਕਮਾਂ ਨੇ ਲੋਕਾਂ ਨਾਲ ਕਿਹੜੇ ਕਿਹੜ੍ਹੇ ਅਹਿਦ ਕੀਤੇ ਸਨ? ਉਨਾਂ ਵਿਚੋਂ ਤਾਂ ਕੋਈ ਵੀ ਹੱਲ ਨਹੀਂ ਹੋਇਆ ਉਨਾਂ ਦੀ ਥਾਂ ਤੇ ਉਹ ਮੁੱਦੇ ਲਿਆਂਦੇ ਗਏ ਜਾ ਲਿਆਏ ਜਾ ਰਹੇ ਹਨ ਜਿਨਾਂ ਨਾਲ ਲੋਕਾਂ ਦਾ ਕੋਈ ਵਾਹ ਵਾਸਤਾ ਹੀ ਨਹੀਂ। ਦੇਸ਼ ਵਿਚ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਨੂੰ ਬਿਰਾਜਮਾਨ ਹੋਇਆ ਛੇ ਸਾਲ ਤੋਂ ਵਧੇਰੇ ਦਾ ਸਮਾਂ ਹੋ ਗਿਆ ਹੈ ਭਾਵ ਦੂਸਰੀ ਪਾਰੀ ਤੋਂ ਵੀ ਇਕ ਸਾਲ ਦਾ ਸਮਾਂ ਵੱਧ ਹੋ ਗਿਆ ਹੈ ਤੇ ਸਰਕਾਰ ਨੇ ਲੋਕ ਹਿੱਤ ਵਿਚ ਸਿਵਾਏ ਫਿਰਕਾਪ੍ਰਸਤੀ ਫੈਲਾਉਣ ਤੋਂ ਬਿਨਾਂ ਕੁਝ ਨਹੀਂ ਕੀਤਾ। ਤੁਹਾਨੂੰ ਚੇਤੇ ਹੋਵੇਗਾ ਕਿ ਜਦੋਂ 2014 ਵਿਚ ਭਾਰਤੀ ਜੰਨਤਾ ਪਾਰਟੀ ਨੇ ਦੇਸ਼ ਦੀ ਗੱਦੀ ਹਥਿਆਉਣੀ ਸੀ ਤਾਂ ਉਸ ਵੇਲੇ ਲੋਕਾਂ ਨੂੰ ਕਿਹੜ੍ਹੇ ਕਿਹੜ੍ਹੇ ਸਬਜਬਾਗ ਵਿਖਾਏ ਗਏ । ਪਰ ਜਦੋਂ ਦੂਸਰੀ ਵਾਰ ਚੋਣਾਂ ਲੜੀਆਂ ਗਈਆਂ ਤਾਂ ਪਹਿਲੇ ਕਿਸੇ ਵੀ ਮਸਲੇ ਦੀ ਗੱਲ ਨਹੀਂ ਕੀਤੀ ਗਈ। ਇਸ ਵਾਰ ਨਵੇਂ ਮਸੱਲੇ ਉਭਾਰੇ ਗਏ ਜਿਨਾਂ ਵਿੱਚ ਕਿਹਾ ਗਿਆ ਕਿ ਅਯੋਧਿਆ ਵਿਖੇ ਰਾਮ ਮੰਦਰ ਉਸਾਰਿਆ ਜਾਵੇਗਾ, ਜੰਮੂ ਕਸ਼ਮੀਰ ਦੀ ਧਾਰਾ 370 ਤੇ 35 ਏ ਨੂੰ ਦੇਸ ਵਿਚੋਂ ਖਤਮ ਕਰਨਾ, ਐਨ ਆਰ ਸੀ ਲਿਆਉਣਾ ਆਦਿ ਮਸਲੇ ਉਜਾਗਰ ਕਰਕੇ ਦੇਸ਼ ਦੇ ਲੋਕਾਂ ਦੀ ਆਪਸੀ ਸਾਂਝ ਤਾਰ ਤਾਰ ਕੀਤੀ ਗਈ। ਉਨਾਂ ਵਿਚ ਦੁਫੇੜ੍ਹ ਦੀਆਂ ਇੰਨੀਆਂ ਪੀਡੀਆਂ ਗੰਡਾਂ ਪਾਈਆਂ ਗਈਆਂ ਹਨ ਤੇ ਅਗੋਂ ਜਾਰੀ ਵੀ ਹਨ ਤਾਂ ਕਿ ਉਹ ਕਦੇ ਵੀ ਸਿਰ ਜੋੜ੍ਹ ਕੇ ਆਪਸ ਵਿੱਚ ਰੱਲ ਮਿਲ ਕੇ ਬੈਠ ਹੀ ਨਾ ਸਕਣ ਜੋ ਕੁਝ ਦੇਸ਼ ਦੀ ਗੁਲਾਮੀ ਤੋਂ ਪਹਿਲਾਂ ਅੰਗਰੇਜ ਪਾੜ੍ਹੋ ਤੇ ਰਾਜ ਕਰੋ ਕਰਦੇ ਸਨ । ਉਸ ਨੂੰ ਬਾਦ ਵਿਚ ਕਾਂਗਰਸ ਪਾਰਟੀ ਨੇ ਸਾਂਭ ਲਿਆ ਤੇ ਹੁਣ ਇਸੇ ਕਦਮਾਂ ਤੇ ਮੌਜੂਦਾ ਰਾਜ ਕਰ ਰਹੀ ਪਾਰਟੀ ਕਰ ਰਹੀ ਹੈ। ਜੋ ਕਿ ਦੇਸ਼ ਦੇ ਲੋਕਾਂ ਨੂੰ ਖੁਸ਼ਹਾਲ ਕਰਨ ਦੀ ਥਾਂ ਤੇ ਉਸ ਨੂੰ ਨਿਘਾਰ ਵਲ ਲਿਜਾ ਰਹੀ ਹੈ। ਇਸ ਸਰਕਾਰ ਦਾ ਮੰਤਵ ਬੜਾ ਸਪਸ਼ਟ ਹੈ ਕਿ ਲੋਕਾਂ ਵਿਚ ਇਤਨੀਆ ਦੂਰੀਆ ਬਣਾ ਦਿਉ ਕਿ ਕਦੇ ਵੀ ਲੋਕ ਇਕਠੇ ਹੋ ਕੇ ਰੋਟੀ ਰੋਜੀ, ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜਗਾਰੀ ਦੀ ਗੱਲ ਨਾ ਕਰ ਸਕਣ। ਇਸ ਸਰਕਾਰ ਦਾ ਮੰਤਵ ਇਕੋ ਹੈ ਕਿ ਬਹੁ ਗਿਣਤੀ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਦੁਰਉਪਯੋਗ ਕਰਕੇ ਦੇਸ਼ ਵਿੱਚ ਵਿਉਪਾਰੀਆਂ ਦੇ ਰਾਜ ਨੂੰ ਸਥਿਰ ਕਰਨਾ ਹੈ। ਇਹ ਵਿਉਪਾਰੀ ਆਮ ਜੰਨਤਾ , ਕਿਰਸਾਨਾਂ ਸਭ ਦੀ ਲੁੱਟ ਕਰ ਰਹੇ ਹਨ ਕਿਉਕਿ ਮਨੁੱਖ ਨੂੰ ਜਿਸ ਚੀਜ ਦੀ ਲੋੜ੍ਹ ਹੁੰਦੀ ਹੈ। ਉਨਾ ਸਾਰੀਆਂ ਚੀਜਾਂ ਤੇ ਇਨਾਂ ਵਿਉਪਾਰੀਆ ਦਾ ਕਬਜਾ ਹੈ । ਇਸ ਸਮੇਂ ਦੇਸ਼ ਦੇ ਗਿਣਵੇਂ ਲੋਕਾਂ ਕੋਲ ਦੇਸ਼ ਦੇ ਕੁਲ ਸਰਮਾਏ ਦਾ 90% ਦੌਲਤ ਤੇ ਇਹਨਾਂ ਅਜਾਰੇਦਾਰਾਂ ਦਾ ਕਬਜਾ ਹੈ। ਆਮ ਮਨੁੱਖ ਚਾਹੇ ਉਹ ਹਿੰਦੂ ਹੀ ਹਨ ਉਨਾਂ ਸਭ ਦੀ ਹਾਲਤ ਦਿਨ ਬ ਦਿਨ ਆਰਥਕ ਪਖੋਂ ਗੰਭੀਰ ਤੇ ਗੰਭੀਰ ਹੋ ਰਹੀ ਹੈ ।






ਜੰਗ ਸਿੰਘ
91-94170-95965

ਬਹੁ ਗਿਣਤੀ ਵਰਗ ਭੋਲਾ ਭਾਲਾ ਹੋਣ ਕਰਕੇ ਵਿਉਪਾਰੀਆਂ ਦੀ ਇਸ ਡੂੰਘੀ ਚਾਲ ਨੂੰ ਸਮਝਣ ਤੋਂ ਅਸਮਰੱਥ ਹੈ। ਇਸ ਕਰਕੇ ਸਰਕਾਰੀ ਏਜੰਸੀਆਂ ਵਲੋਂ ਰੋਜਾਨਾ ਨਵੇਂ ਤੇ ਨਵੇਂ ਮੱਸਲੇ ਖੜ੍ਹੇ ਕੀਤੇ ਜਾ ਰਹੇ ਹਨ ।

ਦੇਸ਼ ਦੇ ਬਹੁ ਗਿਣਤੀ ਵਰਗ ਨੂੰ ਸਮਝਣ ਦੀ ਜਰੂਰਤ ਹੈ ਕਿ ਉਹ ਕੱਟੜ੍ਹਵਾਦ ਦੇ ਇਸ ਗੋਰਖ ਧੰਦੇ ਤੋਂ ਬਾਹਰ ਨਿਕਲਣ। ਜਦੋਂ ਉਸ ਨੇ ਇਨਾਂ ਵਿਉਪਾਰੀਆਂ ਦੀ ਚਾਲ ਨੂੰ ਸਮਝ ਲਿਆ ਤਾਂ ਇਹ ਹੀ ਭਾਰਤ ਜਿਹੜਾ ਕਿਸੇ ਸਮੇਂ 'ਸੋਨੇ ਦੀ ਚਿੜ੍ਹੀ' ਕਿਹਾ ਜਾਦਾ ਸੀ ਜਿਸ ਨੂੰ ਇਸ ਵਰਗ ਨੇ ਚੂੰਡ ਚੂੰਡ ਕੇ 'ਮਿੱਟੀ ਦੀ ਚਿੜੀ 'ਬਣਾ ਦਿਤੀ ਗਈ ਹੈ ਉਹ ਫਿਰ ਉਸੋਨੇ ਦੀ ਚਿੜ੍ਹੀ ਬਣ ਜਾਵੇਗੀ ਜਿਸ ਵਿਚ ਦੇਸ਼ ਦਾ ਹਰ ਵਰਗ ਜਿਸ ਦਾ ਧਰਮ, ਮਜਬ, ਨਸਲ, ਜਾਤ ਭਾਵੇਂ ਕੁਝ ਵੀ ਹੋਵੇ ਖੁਸ਼ਹਾਲ ਜੀਵਨ ਜੀਊਣ ਦੇ ਸਮਰੱਥ ਹੋ ਜਾਵੇਗਾ ।

ਫਿਰ ਆਪਣੇ ਆਪ ਹੀ ਹਰ ਇਨਸਾਨ ਗੂੰਜ ਉਠੇਗਾ ਉਸਾਰੇ ਜਹਾਂ ਸੇ ਅੱਛਾ ਹਿੰਦੂਸਤਾਨ ਹਮਾਰਾ। ਆਉ, ਆਪਾ ਸਾਰੇ ਰਲ ਕੇ ਇਸ ਭਾਰਤ ਨੂੰ ਖੁਸ਼ਹਾਲ ਬਣਾਉਣ ਦਾ ਉਪਰਾਲਾ ਕਰੀਏ ।

# ਮਹਿਲਾ ਸ਼ੋਸ਼ਣ ਦਾ ਤਾਂਡਵ ਰੂਪ

ਪ੍ਰਾਚੀਨ ਕਾਲ ਤੋ ਚੱਲੀ ਔਰਤਾ ਦੇ ਜੁਲਮ ਦੀ ਕਹਾਣੀ ਅੱਜ ਉਸ ਮੁਕਾਮ ਤੇ ਹੈ ਜਿਥੇ ਉਹਨਾ ਦਾ ਜਿਉਣਾ ਆਪਣੇ ਆਪ ਲਈ ਚਣੌਤੀਪੂਰਨ ਹੋ ਚੁੱਕਾ ਹੈ । ਅਜਿਹਾ ਨਹੀ ਕਿ ਅਸੀ 21 ਵੀ ਸਦੀ ਵਿੱਚ ਪਹੁੰਚ ਕੇ ਆਪਣੀ ਮਾਨਸਿਕਤਾ ਨੂੰ ਨਹੀ ਬਦਲਿਆ ਦਿਖਾਵੇ ਲ਼ਈ ਜਰੂਰ ਸਭ ਅਗਾਹਵਧੂ ਸਮਾਜ ਦੇ ਬਸਿੰਦੇ ਹਾ ਪਰੰਤੂ ਔਰਤਾ ਦੀ ਅਜਾਦੀ ਪ੍ਰਤੀ ਸਾਡੀ ਮਾਨਸਿਕਤਾ ਦਾ ਘੇਰਾ ਵਿਸਾਲ ਨਾ ਹੋ ਸਕਿਆ ਜਿਸ ਕਾਰਨ ਅਜੋਕੇ ਸਮੇ ਦੋਰਾਨ ਘਰੇਲੂ ਹਿੰਸਾ ,ਤਲਾਕ,ਦਾਜ ਦਹੇਜ,ਛੇੜ-ਛਾੜ,ਐਸਿਡ ਅਟੈਕ ,ਬਲਾਤਕਾਰ ਇਥੋ ਤੱਕ ਕਿ ਆਪਣੇ ਜੁਲਮਾ ਨੂੰ ਛਪਾਉਣ ਜਾ ਹਾਉਮੈ ਨੂੰ ਪੱਠੇ ਪਉਦਿਆ ਜਾਨੋ ਮਾਰਨ ਤੱਕ ਵੀ ਨਹੀ ਡਰਦੇ । ਜਦੋ ਕਿ ਪੁਰਾਤਨ ਸਮੇ ਵਿੱਚ ਇਹ ਸ਼ੋਸ਼ਣ ਬਾਲ ਵਿਆਹ ,ਰਖੇਲ,ਵਿਧਵਾ ਔਰਤਾ ਦੇ ਆਸਰਮ, ਬਹੁ-ਵਿਆਹ , ਦਾਸੀ ਤੇ ਸਤੀ ਪ੍ਰਥਾ ਵਰਗੀਆ ਰੂੜੀਵਾਦੀ ਰੀਤੀ ਕਾਰਨ ਹਢਾਉਦੀਆ ਸਨ ਭਾਵੇ ਬ੍ਰਿਟਸ ਸਾਮਰਾਜ ਦੇ ਕਨੂੰਨਾ ਨੇ ਇਸ ਨੂੰ ਰੋਕਣ ਦੀ ਕਾਫੀ ਹੱਦ ਤੱਕ ਕੋਸਿਸ ਕੀਤੀ ਪਰ ਧਰਮ ਜਾ ਜਾਤੀ ਠੇਕੇਦਾਰਾ ਨੇ ਸਫਲ ਨਾ ਹੋਣ ਦਿੱਤਾ ਤੇ ਉਸੇ ਚਲੋ ਚਾਲ ਦਾ ਨਤੀਜਾ ਹੈ ਕਿ ਅੱਜ ਔਰਤ ਨੂੰ ਫਿਲਮਾ , ਮਸਹੂਰੀਆ, ਡਾਂਸਰਾ ਜਾ ਮਨੋਰੰਜਨ ਦੀ ਵਸਤੂ ਤੱਕ ਸੀਮਤ ਕਰ ਦਿੱਤਾ। ਭਾਰਤੀ ਸੰਵਿਧਾਨ ਤੇ ਦੂਸਰੇ ਕਨੂੰਨਾ ਨੇ ਮਹਿਲਾਵਾ ਨੂੰ ਬਿਨਾ ਕਿਸੇ ਲਿੰਗ ਅਧਾਰ ਤੋ ਬਰਾਬਰ ਕੰਮ, ਤਨਖਾਹ, ਸਮਾਜਿਕ ਰੁਤਬਾ ਤੇ ਅਜਾਦੀ ਲਈ ਲੋੜੀਦੇ ਨਿਯਮ ਦਿੱਤੇ ਹਨ । ਅੱਜ ਦੇ ਤਕਨੀਕੀ ਯੁੱਗ ਵਿੱਚ ਔਰਤਾ ਉਪਰ ਹਿੰਸਾ ਦਾ ਵਧਣਾ ਹੋਰ ਸਰਮਨਾਕ ਹੈ ਜਦੋ ਹਰ ਖੇਤਰ ਵਿੱਚ ਭਾਰਤੀ ਔਰਤਾਂ ਮਰਦਾ ਦੇ ਬਰਾਬਰ ਦੇਸ ਦੀ ਉਨਤੀ ਲਈ ਯੋਗਦਾਨ ਪਾ ਰਹੀਆ ਹਨ।

33 ਕਰੋੜ ਦੇਵੀ-ਦੇਵਤਿਆ ਦੀ ਧਰਤੀ ਅੱਜ ਮਨੁੱਖੀ ਵਰਤਾਰੇ ਦੇ ਕਾਰਨ ਹਿੰਸਾ ਨਾਲ ਪਲੀਤ ਹੋਏ ਮਹੋਲ ਦੇ ਚਲਦਿਆ ਨਰਕ ਸਮਾਨ ਜਾਪਦੀ ਹੈ ਮੋਟੇ ਤੋਰ ਤੇ ਵੀ ਜੇ ਅਸੀ ਦੇਖੀਏ ਤਾ ਚਾਰ ਮਹਿਲਾ ਜਾ ਮਰਦਾ ਲਈ ਇਕ ਦੇਵੀ ਜਾ ਦੇਵਤਾ ਗਿਆਨ ,ਮਾਰਗ ਦਰਸਨ ਜਾ ਭਟਕਦਿਆ ਨੂੰ ਰਾਹੇ ਪਾਉਣ ਲਈ ਆਖ ਸਕਦੇ ਹਾ । ਪਰ ਆਏ ਦਿਨ ਇਨਸਾਨੀਅਤ ਨੂੰ ਸਰਮਸਾਰ ਕਰਨ ਵਾਲੀਆ ਘਟਨਾਵਾ ਨਾਲ ਮਹਿਲਾ ਸਰੀਰਕ ਸ਼ੋਸ਼ਣ ਦੀ 90.1 ਫੀਸਦੀ ਦਰ ਕਰਕੇ ਪੰਜਵੇ ਤੇ ਖਤਰਨਾਕ ਦੇਸਾ ਦੀ ਲਿਸਟ ਵਿੱਚ ਛੇਵੇ ਨੰਬਰ ਤੇ ਖੜਾ ਕਰ ਦਿੱਤਾ। ਜਿਸ ਕਾਰਨ ਦੂਜੇ ਮੁਲਕ ਦੇ ਲੋਕ ਤਾ ਸਹਿਮੇ ਹੀ ਹੋਏ ਹਨ ਭਾਰਤ ਦੀ ਮਹਿਲਾਵਾ ਵੀ ਖੌਫ ਦੇ ਛਾਏ ਹੇਠ ਜਿਉ ਰਹੀਆ ਹਨ ਉਪਰੋ ਗੈਰ ਵਿਗਿਆਨਕ ਸੋਚ ,ਖਾਪ ਪੰਚਾਇਤਾ , ਢੋਗੀ ਧਾਰਮਿਕ ਬਾਬਿਆ ਤੇ ਕਨੂੰਨੀ ਪਹੁੰਚ ਤੋ ਸੱਖਣੀ ਕਾਰਜ ਸੈਲੀ ਨੇ ਜੁਲਮਾ ਵਿੱਚ ਹੋਰ ਵਾਧਾ ਕਰ ਦਿੱਤਾ। ਭਾਰਤੀ ਲੋਕਤੰਤਰ ਜਾ ਜਮਹੂਰੀਅਤ ਤਾ ਸਿਰਫ ਨੇਤਾਵਾ ਨੂੰ ਗੱਦੀ ਦਵਾਉਣ ਤੱਕ ਸੀਮਤ ਰਿਹ ਗਈ । ਜੇਕਰ ਪਾਰਲੀਮੈਂਟ ਸੈਸਨ ਮਹਿਲਾਵਾ ਪ੍ਰਤੀ ਸਖਤ ਜਾ ਨਰਮ ਕਨੂੰਨਾ ਦੀ ਬਹਿਸ ਵਿੱਚ ਸਮਾ ਤੇ ਪੈਸਾ ਬਰਬਾਦ ਕਰਨ ਨਾਲੋ ਸੁਰੱਖਿਆ ਵਿਵਸਥਾ ਤੇ ਨਿਆ ਪ੍ਰਾਣਾ਼ਲੀ ਨੂੰ ਸੁਚੱਜੇ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾ ਵੀ ਹਿੰਸਕ ਹਨੇਰੀ ਨੂੰ ਠੱਲਿਆ ਜਾ ਸਕਦਾ ਹੈ ।



ਮੁੱਢ-ਕਦੀਮੋ ਹੀ ਔਰਤਾ ਨੂੰ ਕਮਜੋਰ ਜਾ ਦੂਜਿਆ ਆਸਰੇ ਉਨਤੀ ਕਰਨ ਵਾਲਾ ਵਰਗ ਹੀ ਸਮਝਿਆ ਗਿਆ। ਬਦਲੇ ਜਮਾਨੇ ਦੀ ਨਾਰੀ ਨੇ ਜਦੋ ਅਵਾਜ ਉਠਾਉਣ ਦੀ ਜੁਰਅਤ ਕੀਤੀ ਤਾ ਹਾਊਮੈ ਭਰੇ ਸਮਾਜ ਨੇ ਦਬਾਉਣ ਲਈ ਉਹਨਾ ਦੀ ਉਮਰ ਤੇ ਸਥਾਨਕ ਮਰਿਆਦਾ ਦਾ ਫਰਕ ਵੀ ਅੱਖੋ ਉਹਲੇ ਕਰ ਦਿੱਤਾ ਜਿਸ ਕਾਰਨ ਅੱਜ ਛੋਟੀ ਬੱਚੀ ਤੋ ਲੈ ਕੇ ਬਜੁਰਗ ਔਰਤਾ ਵੀ ਦਿਨ ਦਿਹਾੜੇ ਇਸ ਵਹਿਸੀਪਣ ਦਾ ਸਿਕਾਰ ਹੋ ਰਹੀਆ ਹਨ । ਮਾਨਸਿਕ ਨਿਵਾਣ ਦੇ ਕਾਰਨ ਘਰਾ ਵਿੱਚ ਵਾਪਰੀ ਹਿੰਸਾ ਦਾ ਹੀ ਅਗਲਾ ਰੂਪ ਦਫਤਰਾ,ਪਬਲਿਕ ਟਰਾਸਪੋਰਟ, ਸਕੂਲ, ਕਾਲਜ, ਧਾਰਮਿਕ ਸਥਾਨ ਤੋ ਇਲਾਵਾ ਬੇਖੋਫ ਵਾਪਰੇ ਨਿਰਭਇਆ, ਮੂਰਥਲ , ਪੰਜਾਬ ਦਾ ਕਿਰਨਜੀਤ ਕਾਂਡ ਤੇ ਤਾਜੇ ਵਾਪਰੇ ਆਂਧਰਾ ਪ੍ਰਦੇਸ ਵਿੱਚ ਲੇਡੀ ਡਾਕਟਰ ਨਾਲ ਘਿਨਾਉਣੇ ਕਾਂਡ ਤੋ ਬਾਅਦ ਅਗਨ ਭੇਟ ਕਰਨਾ ਹਿੰਸਾ ਦਾ ਸਿਖਰ ਹੈ ਵਿਡੰਵਨਾ ਇਹ ਹੈ ਕਿ ਹਰ ਅਜਿਹੀ ਘਟਨਾ ਪਿੱਛੋ ਲੋਕ ਏਕਤਾ ਦੀ ਲਹਿਰ ਦੋਸੀਆ ਨੂੰ ਜੇਲ ਪਹੁੰਚਾਉਣ ਵਿਚ ਸਫਲ ਹੋ ਜਾਵੇਗੀ ਪਰ ਕੀ ਅਸੀ ਇਸ ਨਾਲ ਅਜਿਹੇ ਦੁਸਟ ਕਰਮ ਆਉਣ ਵਾਲੇ ਸਮੇ ਵਿੱਚ ਰੋਕ ਸਕਾਗੇ ਜੋ ਆਪਣੇ ਆਪ ਵਿੱ ਚ ਵੱਡਾ ਸਵਾਲ ਹੈ ?

ਭਾਰਤ ਦੀ ਡੁਬਦੀ ਅਰਥ ਵਿਵਸਥਾ ਤੇ ਬੇਰੁਜਗਾਰੀ ਤੋ ਕਲਪੇ ਨੋਜਵਾਨਾ ਨੂੰ ਨੀਵੇ ਦਰਜੇ ਦੀ ਸਿਆਸੀ ਖੇਡ ਨਸ਼ੇ ਦੀ ਚਾਟ ਤੇ ਲਗਾ ਅਪਰਾਧਕ ਦੁਨੀਆ ਨੂੰ ਅਪਨਾਉਣ ਲਈ ਮਜਬੂਰ ਕਰਦੀ ਹੈ । ਜਿਸ ਕਾਰਨ ਪਿਛਲੇ ਸਾਲ ਵਿਚ 3,85,594 ਮਹਿਲਾਵਾ ਦੇ ਸ਼ੋਸ਼ਣ ਸਬੰਧੀ ਮਾਮਲੇ ਦਰਜ ਹੋਏ ਜਿਨਾ ਵਿਚੋ 38,947 ਬਲਾਤਕਾਰ ਅਤੇ 2167 ਗੈਂਗ ਰੈਪ ਦੇ ਕੇਸ ਦਰਜ ਕੀਤੇ ਗਏ ਜਦੋ ਕਿ ਹਰ ਘੰਟੇ ਵਿਚ 39 ਰੈਪ ਕੇਸ ਹੋ ਰਹੇ ਹਨ ।ਕੇਂਦਰੀ ਹਕੂਮਤ ਨੇ ਜੰਮੂ ਕਸਮੀਰ ਨੂੰ ਨਾਗਰਿਕ ਸੁਰੱਖਿਆ ਦੇ ਨਾਮ ਖਾਸ ਦਰਜਾ ਤੋੜ ਯੂ.ਟੀ ਬਣਾ ਦਿੱਤਾ ਪਹਿਲਾ ਭਾਜਪਾ ਰਾਜ ਵਾਲੇ ਯੂ.ਪੀ ਵਿੱਚ 4816 ਤੇ ਮੱਧ ਪ੍ਰਦੇਸ ਵਿੱਚ 4882 ਕੇਸ਼ ਜਦੋ ਕਿ ਖਾਸ ਦਰਜਾ ਪ੍ਰਪਤ ਸਮੇ ਜੰਮੂ ਤੇ ਕਸਮੀਰ ਵਿੱਚ 256 ਕੇਸ ਹੀ ਹੋਏ ਸਨ । ਔਰਤਾ ਦੇ ਜੁਲਮਾ ਵਿੱਚ ਸਿਆਸਤਦਾਨ ਤੇ ਅਫਸਰ ਵੀ ਬੇਦਾਗ ਨਹੀ ਅੱਜ ਭਾਜਪਾ ਦੇ 14 ਸਿਵ ਸੈਨਾ ਦੇ 7 ਅਤੇ ਟੀਐਸਸੀ ਦੇ 6 ਤੇ ਕੇਸ ਚਲਦੇ ਹਨ ਬਾਕੀਆ ਪਾਰਟੀਆ ਵੀ ਕੋਈ ਦੁੱਧ ਧੋਤੀਆ ਨਹੀ ਇਥੋ ਤੱਕ 12 ਅਗਸਤ 1990 ਨੂੰ 14 ਸਾਲ ਦੀ ਰੁਚਿਕਾ ਦੇ ਸਰੀਰਕ ਸੋਸਣ ਦੀ ਕਾਲਖ ਨਾਲ ਪੁਲਿਸ ਅਫਸਰ ਆਈ.ਜੀ.ਪੀ ਰਠੋਰ ਨੂੰ ਵੀ ਜੇਲ ਯਾਤਰਾ ਕਰਨੀ ਪਈ ਸੀ ।

ਸਰਕਾਰ ਨੂੰ ਦੇਸ ਅੰਦਰ ਫੈਲੇ ਇਸ ਜੁਲਮ ਨੂੰ ਰੋਕਣ ਲਈ ਸਾਰਥਕ ਕਦਮ ਚੁਕਣ ਦੀ ਲੋੜ ਹੈ । ਨੋਜਵਾਨ ਪੀੜੀ ਨੂੰ ਨਸ਼ੇ ਦੀ ਤਲਿਸਮੀ ਦੁਨੀਆ ਵਿਚੋ ਬਾਹਰ ਕੱਢਣ ਲਈ ਇਸਦੀ ਸਪਲਾਈ ਤੇ ਪੂਰਨ ਪਬੰਦੀ ਦੀ ਪਹਿਲ ਜਰੂਰੀ ਹੈ ਜਿਸ ਕਾਰਨ ਇਹਨਾਂ ਘਟਨਾਵਾ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਸਿਆਸੀ ਨੇਤਾ ਅਜਿਹੇ ਘਟਨਾਵਾ ਦੀਆ ਲੋਕ ਲਹਿਰਾ ਨੂੰ ਹਾਈਜੈਕ ਕਰਨ ਨਾਲੋ ਸਮਾਜ ਪ੍ਰਤੀ ਜੁਮੇਵਾਰੀਆ ਵੱਲ ਧਿਆਨ ਦੇਣ ਜਿਸ ਲਈ ਉਹਨਾ ਨੂੰ ਚੁਣਿਆ ਤੇ ਲ਼ੋਕਾ ਦੇ ਪੈਸੈ ਨਾਲ ਸੱਤਾ ਦਾ ਅਨੰਦ ਮਾਣ ਰਹੇ ਹਨ। ਸਰਕਾਰਾਂ ਜੇ ਆਪਣੇ ਪੁਲਿਸ ਵਿਭਾਗ ਦੀਆ ਲਗਾਮਾ ਹੀ ਕਸ ਕੇ ਰੱਖਣ ਪਤਾ ਨਹੀ ਕਿੰਨੀਆ ਹੀ ਅਜਿਹੀਆ ਘਟਨਾਵਾ ਨੂੰ ਰੋਕਿਆ ਜਾ ਸਕਦਾ ਸੀ ਬਾਅਦ ਵਿੱਚ ਦਿਖਾਵੇ ਦੀ ਬਰਖਾਸਤੀ ਘਟਨਾ ਲਈ ਮੱਲਮ ਦੇ ਤੁਲ ਵੀ ਨਹੀ, ਸੱਤਾਧਾਰੀ ਲੋਕਾ ਵਲੋ ਮਾਰਿਆ ਬੇਟੀ ਪੜਾਉ ਤੇ ਬੇਟੀ ਬਚਾਉ ਵਾਲਾ ਹਾਅ ਦਾ ਨਾਅਰਾ ਵੀ ਸਿਆਸੀ ਜਰਬਾਂ-ਤਕਸੀਮਾ ਅਤੇ ਫੰਡ ਘੁਟਾਲੇ ਦੀ ਕੜੀ ਦਾ ਹਿੱਸਾ ਹੀ ਜਾਪਦੇ ਹਨ ਜਿਹੜੇ ਵੋਟਾ ਸਮੇ ਬੜੇ ਉਚ ਵਿਚਾਰਾ ਨਾਲ ਔਰਤਾ ਦੀ ਰਾਖੀ ਪ ੜਾਈ, ਰੋਜਗਾਰ ਦੇ ਫੱਫੇ ਕੁੱਟਦੇ ਹਨ ਚੋਣਾਵੀ ਦੰਗਲ ਮਗਰੋ ਗਿਰਝ ਦੀ ਅਸਮਾਨੀ ਉਡਾਰੀ ਵਾਗ ਗਾਇਬ ਹੋ ਜਾਦੇ ਹਨ ।



ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
91-78374-90309

72 ਸਾਲ ਦੀ ਅਜਾਦੀ ਤੋ ਬਾਅਦ ਵੀ ਔਰਤਾ ਦੀ ਦਸਾ ਬਦ ਤੋ ਬਦਤਰ ਹੁੰਦੀ ਜਾ ਰਹੀ ਹੈ ਜਿਸ ਨਾਲ ਸੰਸਾਰ ਵਿੱਚ ਭਾਰਤ ਦਾ ਔਰਤ ਸੁਰੱਖਿਆ ਪ੍ਰਤੀ ਟੀਚਾ ਬਹੁਤ ਨੀਵੇ ਦਰਜੇ ਤੇ ਖੜਾ ਹੈ । ਮੋਦੀ ਸਰਕਾਰ ਵਲੋ ਕੁਲ ਦੁਨੀਆ ਵਿੱਚ ਮਾਰੀਆ ਜਾ ਰਹੀਆ ਫੀਗਾਂ ਉਸ ਸਮੇ ਬੇਹਾ ਪਾਣੀ ਵਿੱਚ ਵਿਹ ਜਾਦੀਆ ਹਨ ਜਦੋ ਸਾਂਤੀਪੂਰਨ ਦੇਸ਼ਾ ਦੀ ਲੜੀ ਵਿੱਚ ਭਾਰਤ 141 ਨੰਬਰ ਤੇ ਆਉਦਾ ਹੈ। ਆਪਣੇ ਹੀ ਦੇਸ ਦਾ ਖੌਫਨਾਕ ਮੰਜਰ (ਮਹੋਲ) ਤੇ ਜੁਲਮ ਦੀ ਇਸ ਇੰਤਹਾ ਵਾਲੀ ਹੱਦ ਨੂੰ ਤੋੜਨਾ ਜਰੂਰੀ ਹੈ। ਜਿਸ ਲਈ ਕੁਲ ਭਾਰਤ ਦੀਆ ਸਮਾਜ ਸੇਵੀ ਜਥੇਬੰਦੀਆ, ਸੰਸਥਾਵਾ, ਬੁੱਧਜੀਵੀ ਤੇ ਰਾਜਨੀਤਿਕ ਪਾਰਟੀਆ ਨੂੰ ਸਿਆਸਤ ਤੋ ਉਪਰ ਉਠ ਮੋਮਬੱਤੀ ਮਾਰਚ, ਧਰਨੇ, ਮੁਜਾਹਰੇ ਤੋ ਅਗਲੇ ਕਦਮ ਵਿਭਾਗੀ ਮੁਸਤੈਦੀਆ ਤੇ ਕਨੂੰਨੀ ਪ੍ਰਕਿਰਿਆ ਦੀ ਨਿਰੰਤਰ ਰਫਤਾਰ ਵਿੱਚ ਤੇਜੀ ਲਿਆਉਣ ਲਈ ਹੰਬਲੇ ਮਾਰਨੇ ਚਾਹੀਦੇ ਹਨ ।

ਇਸ ਦਰੁਸਤੀ ਨਾਲ ਨੱਪੀ ਜ਼ੜ ਜਾਲਮਾਨਾ ਲੋਕਾ ਦਾ ਨਜਰੀਆ ਬਦ਼ਲਣ ਵਿੱਚ ਸਹਾਈ ਹੋ ਸਕੇ ਤੇ ਫਿਰ ਤੋ ਭਾਰਤ ਸਾਂਤੀ ਤੇ ਸੁਰੱਖਿਆ ਵਾਲਾ ਦੇਸ ਬਣੇ। ਔਰਤਾਂ ਨੂੰ ਉਹਨਾਂ ਦੇ ਹੱਕਾਂ ਲਈ ਸੈਮੀਨਰਾਂ ਦੁਵਾਰਾ, ਸਿੱਖਿਆ ਤੇ ਖੁਦ ਦੀ ਰੱਖਿਆ ਅਤੇ ਮਰਦਾ ਨੂੰ ਸਮਾਜਿਕ ਜਿਮੇਵਾਰੀਆਂ ਤੇ ਕਦਰਾ ਕੀਮਤਾ ਪ੍ਰਤੀ ਸੁਚੇਤ ਕੀਤਾ ਜਾਵੇ ਤਾ ਜੋ ਦੇਸ਼ ਦੀਆ ਬੇਟੀਆ ਚੰਗੀ ਤਲੀਮ ਹਾਸਿਲ ਕਰ ਆਪਣੇ ਭਵਿੱਖ ਨੂੰ ਅਜਾਦ ਤੇ ਸੁਰੱਖਿਅਤ ਮਹੋਲ ਵਿੱਚ ਸਨੁਹਿਰੀ ਬਣਾ ਸਕਣ ।

# ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ- ਪੰਜਾਬ ਸਿਰ ਮੜ੍ਹੀ ਝੋਨੇ ਦੀ ਫ਼ਸਲ ਦੀ ਮਾਰ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

1 ਜੂਨ, 2020 ਨੂੰ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਮੰਤਰੀ ਮੰਡਲ ਵਿਚ ਸਾਉਣੀ ਦੀਆਂ 14 ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਪ੍ਰਵਾਨ ਕਰ ਲਿਆ ਗਿਆ। ਸਰਕਾਰੀ ਦਾਅਵਿਆਂ ਅਨੁਸਾਰ ਇਨ੍ਹਾਂ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵਿਚ 50 ਤੋਂ 83 ਫ਼ੀਸਦ ਵਾਧਾ ਕੀਤਾ ਗਿਆ ਹੈ। ਸਾਉਣੀ ਦੀ ਇੱਕ ਪ੍ਰਮੁੱਖ ਜਿਨਸ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ 53 ਰੁਪਏ ਪ੍ਰਤਿ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ ਜੋ ਇਸੇ ਦੀ ਪਿਛਲੇ ਸਾਲ ਦੀ ਕੀਮਤ ਨਾਲੋਂ ਸਿਰਫ਼ 2.9 ਫ਼ੀਸਦ ਜ਼ਿਆਦਾ ਬਣਦਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਵਾਧੇ ਨੂੰ ਰੱਦ ਕਰਦੇ ਹੋਏ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਸੰਬੰਧੀ 2902 ਰੁਪਏ ਪ੍ਰਤਿ ਕੁਇੰਟਲ ਦੀ ਸਿਫ਼ਾਰਸ਼ ਕੀਤੀ ਸੀ। ਮੁਲਕ ਦੀਆਂ ਕੁਝ ਰਾਜਸੀ ਪਾਰਟੀਆਂ ਅਤੇ ਵੱਖ ਵੱਖ ਕਿਸਾਨ ਜੱਥੇਬੰਦੀਆਂ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੀ ਸਖ਼ਤ ਨੁਕਤਾਚੀਨੀ ਕਰਦੇ ਹੋਏ ਇਸ ਨੂੰ ਕਿਸਾਨਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਦਿੱਤਾ ਹੈ। ਕੇਂਦਰ ਸਰਕਾਰ ਦਾ ਇਸ ਦਾਅਵੇ ਕਿ ਉਸ ਦੁਆਰਾ ਸਵਾਮੀਨਾਥਨ ਕਮਿਸ਼ਨ ਦੀਆਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਸਿਫ਼ਾਰਸ਼ਾਂ ਨੂੰ ਪ੍ਰਵਾਨ ਕਰਦੇ ਹੋਏ ਖੇਤੀਬਾੜੀ ਉਤਪਾਦਨ ਲਾਗਤਾਂ ਤੋਂ 50 ਫ਼ੀਸਦ ਜਾਂ ਉਸ ਤੋਂ ਵੱਧ ਤੈਅ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਸੰਬੰਧੀ ਡਾ. ਸਵਾਮੀਨਾਥਨ ਸਮੇਤ ਹੋਰ ਵਿਦਵਾਨਾਂ ਅਤੇ ਵੱਖ ਵਿੱਖ ਕਿਸਾਨ ਜੱਥੇਬੰਦੀਆਂ ਨੇ ਅਹਿਸਮਤੀ ਪ੍ਰਗਟਾਉਂਦੇ ਹੋਏ ਅਨੇਕਾਂ ਊਣਤਾਈਆਂ ਸਾਹਮਣੇ ਲਿਆਂਦੀਆਂ ਹਨ।

ਭਾਰਤ ਵਿਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੀ ਸੰਸਾਰ ਜੰਗ ਦੌਰਾਨ ਹੋਈ ਸੀ। ਉਸ ਸਮੇਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਸੀ। ਉਸ ਸਮੇਂ ਮੁਲਕ ਵਿਚ ਅਨਾਜ ਪਦਾਰਥਾਂ ਦੀਆਂ ਤੇਜ਼ੀ ਨਾਲ ਵਧਦੀਆਂ ਕੀਮਤਾਂ ਤੋਂ ਖ਼ਪਤਕਾਰਾਂ ਨੂੰ ਬਚਾਉਣ ਲਈ ਕੁਝ ਪ੍ਰਮੁੱਖ ਖੇਤੀਬਾੜੀ ਜਿਨਸਾਂ ਦੀਆਂ ਉੱਚਤਮ ਕੀਮਤਾਂ ਨਿਰਧਾਰਿਤ ਕੀਤੀਆਂ ਸਨ। ਇਸ ਸਮੇਂ ਦੌਰਾਨ ਹੀ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਨਿਸ਼ਚਤ ਕੀਤੀਆਂ ਗਈਆਂ। ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਵਿਚ ਇਕ ਅਹਿਮ ਪੜਾਅ 1965 ਵਿਚ ਆਇਆ ਜਦੋਂ ਖੇਤੀਬਾੜੀ ਕੀਮਤਾਂ ਕਮਿਸ਼ਨ ਅਤੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦੀ ਸਥਾਪਨਾ ਕੀਤੀ ਗਈ। ਖੇਤੀਬਾੜੀ ਕੀਮਤਾਂ ਕਮਿਸ਼ਨ ਆਪਣੀ ਸਥਾਪਤੀ ਲੈ ਕੇ ਹੁਣ ਤੱਕ ਕੁਝ ਪ੍ਰਮੁੱਖ ਖੇਤੀਬਾੜੀ ਜਿਨਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਆਪਣੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਅਤੇ ਕੇਂਦਰ ਸਰਕਾਰ ਅਕਸਰ ਇਨ੍ਹਾਂ ਸਿਫ਼ਾਰਸ਼ਾਂ ਨੂੰ ਮੰਨਦੀ ਆ ਰਹੀ ਹੈ। ਸ਼ੁਰੂ ਵਿਚ ਤਾਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਕਿਸਾਨਾਂ ਦੇ ਹਿੱਤ ਵਿਚ ਸਨ, ਪਰ ਛੇਤੀ ਹੀ ਇਨ੍ਹਾਂ ਕੀਮਤਾਂ ਦੇ ਕਿਸਾਨ-ਵਿਰੋਧੀ ਹੋਣ ਕਰਕੇ ਵੱਖ-ਵੱਖ ਰਾਜਸੀ ਪਾਰਟੀਆਂ ਅਤੇ ਕਿਸਾਨ ਜੱਥੇਬੰਦੀਆਂ ਨੇ ਇਸ ਸੰਬੰਧ ਵਿਚ ਭਾਰਤ ਦੇ ਖੇਤੀਬਾੜੀ ਕੀਮਤਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਤੇ ਉਨ੍ਹਾਂ ਦੇ ਆਧਾਰ ਉੱਪਰ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਸਖ਼ਤ ਨੁਕਤਾਚੀਨੀ ਕਰਨੀ ਸ਼ੁਰੂ ਕਰ ਦਿੱਤੀ। ਇਸ ਨੁਕਤਾਚੀਨੀ ਤੋਂ ਬਚਣ ਲਈ ਕੇਂਦਰ ਸਰਕਾਰ ਨੇ ਇਸ ਕਮਿਸ਼ਨ ਦਾ ਨਾਮ ਬਦਲਕੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖਿਆ, ਪਰ ਸਿਰਫ਼ ਨਾਮ ਸੰਬੰਧੀ ਤਬਦੀਲੀ ਨਾਲ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਨਹੀਂ ਹੋ ਸਕੀ।

ਝੋਨਾ ਕਦੇ ਵੀ ਨਾ ਤਾਂ ਪੰਜਾਬ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਢੁਕਵੀਂ ਫ਼ਸਲ ਸੀ ਅਤੇ ਨੀ ਹੀ ਹੈ। ਇਤਿਹਾਸਕ ਤੌਰ ਉੱਤੇ ਪੰਜਾਬ ਦੇ ਸਿਵਾਲਕ ਨੀਮ-ਪਹਾੜੀ ਖੇਤਰਾਂ ਵਿਚ ਝੋਨੇ ਦੀ ਲਵਾਈ ਹੁੰਦੀ ਸੀ ਅਤੇ ਉਸ ਵਿਚ ਵੀ ਬਾਸਮਤੀ ਝੋਨਾ ਪ੍ਰਮੁੱਖ ਥਾਂ ਰੱਖਦਾ ਸੀ। ਝੋਨੇ ਦੀ ਫ਼ਸਲ ਤਾਂ ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਦੇ ਸਿਰ ਮੜ੍ਹੀ ਗਈ ਫ਼ਸਲ ਹੈ। ਕੇਂਦਰ ਸਰਕਾਰ ਵੱਲੋਂ ਦੂਜੀ ਪੰਜ ਸਾਲਾਂ ਯੋਜਨਾ (1951-56) ਦੌਰਾਨ ਉਦਯੋਗਿਕ ਵਿਕਾਸ ਨੂੰ ਮੁੱਖ ਤਰਜੀਹ ਦੇਣ ਕਾਰਨ ਮੁਲਕ ਨੂੰ ਅਨਾਜ ਪਦਾਰਥਾਂ ਦੀ ਥੁੜ੍ਹ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਤੋਂ ਬਾਅਦ ਮੁਲਕ ਵਿਚ ਪਏ ਸੋਕੇ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ। ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ੍ਹ ਦੀ ਸਮੱਸਿਆ ਇੰਨੀ ਗੰਭੀਰ ਹੋ ਗਈ ਸੀ ਕਿ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ ਅਤੇ ਅਖ਼ੀਰ ਵਿਚ ਜਾ ਕੇ ਕੇਂਦਰ ਸਰਕਾਰ ਨੇ ਅਮਰੀਕਾਂ ਤੋਂ ਪੀ.ਐੱਲ. 480 ਅਧੀਨ ਅਨਾਜ ਮੰਗਵਾਇਆ ਜਿਸ ਦੀ ਮੁਲਕ ਨੂੰ ਕੀਮਤ ਤਾਰਨੀ ਪਈ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਲਿਆ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਹੋਰ ਰਸਾਇਣਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਖੇਤੀਬਾੜੀ ਦੀ ਇਸ ਜੁਗਤ ਨੂੰ ਪੰਜਾਬ ਵਿਚ ਸ਼ੁਰੂ ਕਰਨ ਦਾ ਨਿਰਣਾ ਲਿਆ ਗਿਆ। ਕੇਂਦਰ ਸਰਕਾਰ ਦੇ ਇਸ ਨਿਰਣੇ ਪਿੱਛੇ ਪੰਜਾਬ ਦੇ ਹਿੰਮਤੀ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰੀ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨ ਸਨ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇੱਥੋਂ ਦੇ ਕੁਦਰਤੀ ਅਮੀਰ ਸਾਧਨਾਂ ਜਿਨ੍ਹਾਂ ਵਿਚ ਧਰਤੀ ਹੇਠਲਾ ਪਾਣੀ, ਭੂਮੀ ਦੀ ਉੱਚੀ ਉਪਜਾਊ ਸ਼ਕਤੀ ਆਦਿ ਸ਼ਾਮਲ ਸਨ ਉਨ੍ਹਾਂ ਸਦਕਾ ਖੇਤੀਬਾੜੀ ਦੀ ਇਹ ਜੁਗਤ ਇੰਨੀ ਕਾਮਯਾਬ ਹੋਈ ਕਿ ਇੱਥੇ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਕੀਤੇ ਗਏ ਅਥਾਹ ਵਾਧੇ ਸਦਕਾ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ। ਪੰਜਾਬ ਦੀ ਇਸ ਸ਼ਾਨਦਾਰ ਕਾਮਯਾਬੀ ਅਤੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਨੇ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਸਿਰ ਮੜ੍ਹ ਦਿੱਤੀ ਕਿਉਂਕਿ ਸਾਉਣੀ ਦੀਆਂ ਹੋਰ ਜਿਨਸਾਂ ਦੇ ਮੁਕਾਬਲੇ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਜ਼ਿਆਦਾ ਤੈਅ ਕੀਤੀ ਗਈ ਅਤੇ ਇਸ ਕੀਮਤ ਉੱਤੇ ਝੋਨੇ ਦੀ ਖ਼ਰੀਦ ਯਕੀਨੀ ਬਣਾਈ ਰੱਖੀ ਹੈ।

ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਸਿਰ ਮੜ੍ਹੀ ਝੋਨੇ ਦੀ ਫ਼ਸਲ ਦੀ ਇਸ ਸੂਬੇ ਦੇ ਕਿਸਾਨਾਂ ਅਤੇ ਹੋਰ ਲੋਕਾਂ ਅਤੇ ਇੱਥੋਂ ਦੇ ਸਰਕਾਰੀ ਖਜਾਨੇ ਉੱਪਰ ਬਹੁਤ ਮਾਰ ਪਈ ਅਤੇ ਪੈ ਰਹੀ ਹੈ। ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਨੂੰ ਸਾਉਣੀ ਦੀਆਂ ਹੋਰ ਜਿਨਸਾਂ ਦੇ ਮੁਕਾਬਲੇ ਜ਼ਿਆਦਾ ਤੈਅ ਕਰਨ ਅਤੇ ਉਸਦੀ ਮੰਡੀ ਵਿਚ ਖ਼ਰੀਦ ਯਕੀਨੀ ਬਣਾਉਣ ਤੋਂ ਪਹਿਲਾਂ ਪੰਜਾਬ ਦੇ ਸ਼ਿਵਾਲਿਕ ਨੀਮ-ਪਹਾੜੀ ਖੇਤਰਾਂ ਵਿਚ ਬਹੁਤ ਥੋੜ੍ਹੇ ਰਕਬੇ ਉੱਪਰ ਝੋਨੇ ਦੀ ਫ਼ਸਲ ਲਗਾਈ ਜਾਂਦੀ ਸੀ ਜਿਸ ਦੀ ਗਵਾਹੀ ਸਰਕਾਰੀ ਅੰਕੜੇ ਆਪ ਦਿੰਦੇ ਹਨ। 1970-71 ਵਿਚ ਪੰਜਾਬ ਵਿਚ ਝੋਨੇ ਦੀ ਲਵਾਈ ਸਿਰਫ਼ 390 ਹਜ਼ਾਰ ਹੈਕਟੇਅਰ ਰਕਬੇ ਵਿਚ ਜੋ 2018-19 ਦੌਰਾਨ ਵਧਕੇ 3103 ਹਜ਼ਾਰ ਹੈਕਟੇਅਰ ਹੋ ਗਈ। ਵਰਤਮਾਨ ਸਮੇਂ ਤੱਕ ਝੋਨੇ ਦੀ ਲਵਾਈ ਛੱਪੜ-ਸਿੰਚਾਈ ਵਿਧੀ ਰਾਹੀਂ ਕੀਤੀ ਜਾਂਦੀ ਹੈ। ਝੋਨੇ ਦੀ ਫ਼ਸਲ ਦੀਆਂ ਸਿੰਚਾਈ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਵਿਚ ਟਿਊਵੈੱਲਾਂ ਦੀ ਗਿਣਤੀ ਵਿਚ ਅਣਕਿਆਸੀਆ ਵਾਧਾ ਹੋਇਆ ਹੈ। ਪੰਜਾਬ ਵਿਚ 1960-61 ਦੌਰਾਨ ਟਿਊਵੈੱਲਾਂ ਦੀ ਗਿਣਤੀ ਸਿਰਫ਼ 7445 ਸੀ ਜਿਹੜੀ 2017-18 ਦੌਰਾਨ ਵਧਕੇ 1476000 ਹੋ ਗਈ। ਪੰਜਾਬ ਵਿਚ ਟਿਊਵੈੱਲਾਂ ਦੀ ਗਿਣਤੀ ਵਿਚ ਇਹ ਵਾਧਾ ਮੁੱਖ ਤੌਰ ਉੱਤੇ ਝੋਨੇ ਦੀਆਂ ਸਿੰਚਾਈ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੋਇਆ। ਪੰਜਾਬ ਵਿਚ ਤਿੰਨ-ਚੌਥਾਈ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਥੱਲੇ ਚਲਿਆ ਗਿਆ ਹੈ। ਇਹ ਵਿਕਾਸ ਖੰਡ ਉਹ ਹਨ ਜਿਨ੍ਹਾਂ ਵਿਚ ਝੋਨੇ ਦੀ ਲਵਾਈ ਹੁੰਦੀ ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾਣ ਦੇ ਨਤੀਜੇ ਵਜੋਂ ਇਸ ਸੂਬੇ ਦੇ ਜ਼ਿਆਦਾ ਖੇਤਰਾਂ ਵਿਚ ਮੋਨੋਬਲਾਕ ਮੋਟਰਾਂ ਦੇ ਕੰਮ ਛੱਡਣ ਕਾਰਨ ਕਿਸਾਨਾਂ ਨੂੰ ਸਬਰਸੀਬਲ ਮੋਟਰਾਂ ਲਗਵਾਉਣੀਆਂ ਪਈਆਂ ਹਨ। ਸਬਰਸੀਬਲ ਮੋਟਰਾਂ ਦੇ ਬੋਰ ਲਗਾਤਾਰ ਡੂੰਘੇ ਕੀਤੇ ਜਾਣ ਅਤੇ ਇਨ੍ਹਾਂ ਮੋਟਰਾਂ ਦੀਆਂ ਮੋਨੋਬਲਾਕ ਮੋਟਰਾਂ ਦੇ ਮੁਕਾਬਲੇ ਕੀਮਤਾਂ ਜ਼ਿਆਦਾ ਉੱਚੀਆਂ ਹੋਣ ਕਾਰਨ ਕਿਸਾਨਾਂ ਸਿਰ ਕਰਜ਼ਾ ਵਧਿਆ ਜੋ ਉਨ੍ਹਾਂ ਵਿਚਕਾਰ ਗ਼ਰੀਬੀ ਦੇ ਵਾਧੇ ਅਤੇ ਉਨ੍ਹਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਦਾ ਇਕ ਕਾਰਨ ਬਣਿਆ। ਇਸ ਦੇ ਨਾਲ ਨਾਲ ਕਿਸਾਨਾਂ ਸਿਰ ਕਰਜ਼ੇ ਅਤੇ ਉਨ੍ਹਾਂ ਵਿਚਕਾਰ ਆਈ ਘੋਰ ਗ਼ਰੀਬੀ ਕਾਰਨ ਪੰਜਾਬ ਸਰਕਾਰ ਕਿਸਾਨਾਂ ਨੂੰ ਸਿੰਚਾਈ ਲਈ ਮੁਫ਼ਤ ਬਿਜਲੀ ਦੇ ਰਹੀ ਹੈ ਜਿਸ ਦਾ ਵਿੱਤੀ ਬੋਝ ਸੂਬੇ ਦੇ ਖਜ਼ਾਨੇ ਉੱਪਰ ਪੈ ਰਿਹਾ ਹੈ।

ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਅਪਣਾਉਣ ਅਤੇ ਝੋਨੇ ਦੀ ਲਵਾਈ ਕਾਰਨ ਵਰਤੀਆਂ ਗਈਆਂKਜਾਂਦੀਆਂ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਹੋਰ ਰਸਾਇਣਾਂ ਦੀ ਵਰਤੋਂ ਕਾਰਨ ਸੂਬੇ ਦੇ ਬਹੁਤ ਜ਼ਿਆਦਾ ਹਿੱਸਿਆਂ ਵਿਚ ਧਰਤੀ ਹੇਠਲਾ ਪਾਣੀ ਸਿੱਧੇ ਤੌਰ ਉੱਤੇ ਪੀਣਯੋਗ ਨਹੀਂ ਰਿਹਾ। ਝੋਨੇ ਦੀ ਫ਼ਸਲ ਲਈ ਛੱਪੜ-ਸਿੰਚਾਈ ਕਾਰਨ ਪੈਦਾ ਹੋਈ ਮੀਥੇਨ ਗੈਸ ਅਤੇ ਕਿਸਾਨਾਂ ਦੁਆਰਾ ਪਰਾਲੀ ਨੂੰ ਲਗਾਈ ਗਈ ਅੱਗ ਕਾਰਨ ਪੈਦਾ ਹੋਈ ਕਾਰਬਨ ਡਾਈਔਕਸਾਈਡ ਗੈਸ ਅਤੇ ਪਰਾਲੀ ਦੇ ਅੱਧਸੜੇ ਕਣ ਹਵਾ ਵਿਚਲੇ ਪ੍ਰਦੂਸ਼ਣ ਵਿਚ ਵਾਧਾ ਕਰਦੇ ਹਨ। ਇਸ ਦੇ ਨਤੀਜੇ ਵਜੋਂ ਇੱਥੋਂ ਦੇ ਲੋਕਾਂ ਨੂੰ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਝੋਨੇ ਦੀ ਲਵਾਈ ਇਸ ਸੂਬੇ ਦੀ ਭੂਮੀ ਦੀ ਸਿਹਤ ਦੇ ਵਿਗੜਨ ਦਾ ਮੁੱਖ ਕਾਰਨ ਹੈ ਜਿਸ ਦੀ ਕੀਮਤ ਹੁਣ ਚੁਕਾਈ ਜਾ ਰਹੀ ਹੈ ਅਤੇ ਉਸ ਦੇ ਆਉਣ ਵਾਲੇ ਸਮੇਂ ਦੌਰਾਨ ਹੋਰ ਵੀ ਭੈੜੇ ਨਤੀਜੇ ਸਾਹਮਣੇ ਆਉਣਗੇ।

ਇਸ ਸਾਲ ਕਰੋਨਾਵਾਇਰਸ ਦੀ ਮਹਾਂਮਾਰੀ ਕਾਰਨ ਪ੍ਰਵਾਸੀ ਮਜ਼ਦੂਰ, ਜੋ ਮੁੱਖ ਤੌਰ ਉੱਤੇ ਝੋਨੇ ਦੀ ਲਵਾਈ ਕਰਦੇ ਸਨ, ਵਾਪਿਸ ਆਪਣੇ ਪਿਤਰੀ ਸੂਬਿਆਂ ਨੂੰ ਚਲੇ ਗਏ ਹਨ। ਪੰਜਾਬ ਦੇ ਕੁਝ ਪਿੰਡਾਂ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿਚਕਾਰ ਸਮਾਜਿਕ ਤਣਾਅ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਪੰਜਾਬ ਵਿਚ ਝੋਨੇ ਦੀ ਸਿੱਧੀ ਬਿਜਾਈ ਅਤੇ ਮਸ਼ੀਨਾਂ ਦੀ ਵਰਤੋਂ ਦੀਆਂ ਸਿਫ਼ਾਰਸ਼ਾਂ ਕੀਤੀਆਂ ਜਾ ਰਹੀਆਂ ਹਨ। ਜੇਕਰ ਇਨ੍ਹਾਂ ਸਿਫ਼ਾਰਸ਼ਾਂ ਨੂੰ ਵੱਡੇ ਪੱਧਰ ਉੱਪਰ ਅਪਣਾ ਲਿਆ ਗਿਆ ਤਾਂ ਇਹ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਕਿਸਾਨਾਂ ਵਿਚ ਬੇਰੁਜ਼ਗਾਰੀ ਨੂੰ ਵਧਾਵੇਗਾ ਅਤੇ ਅੰਤ ਵਿਚ ਸਿੱਧੀ ਬਿਜਾਈ ਵਾਲੇ ਬੀਜਾਂ, ਨਦੀਨਨਾਸ਼ਕਾਂ ਅਤੇ ਖੇਤੀਬਾੜੀ ਮਸ਼ੀਨਰੀ ਬਣਾਉਣ ਵਾਲੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਲਾਭ ਵਧਾਉਂਦਾ ਹੋਇਆ ਕਾਰਪੋਰੇਟ ਖੇਤੀਬਾੜੀ ਵੱਲ ਮੋੜਾ ਕਟੇਗਾ ਜੋ ਕਿਸੇ ਵੀ ਤਰ੍ਹਾਂ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ, ਸੂਬੇ ਅਤੇ ਮੁਲਕ ਦੇ ;ਹੱਕ ਵਿਚ ਨਹੀਂ ਹੋਵੇਗਾ।

ਪੰਜਾਬ ਸਿਰ ਮੜ੍ਹੀ ਝੋਨੇ ਦੀ ਫ਼ਸਲ ਦੀ ਮਾਰ ਤੋਂ ਬਚਾਉਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਾਉਣੀ ਦੀਆਂ ਹੋਰ ਫ਼ਸਲਾਂ ਜਿਵੇਂ ਮੱਕੀ, ਕਪਾਹ-ਨਰਮਾ ਆਦਿ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਝੋਨੇ ਦੇ ਮੁਕਾਬਲੇ ਇੰਨੀਆਂ ਜ਼ਿਆਦਾ ਰੱਖੀਆਂ ਜਾਣ ਅਤੇ ਉਨ੍ਹਾਂ ਦੀ ਮੰਡੀ ਵਿਚ ਖ਼ਰੀਦ ਯਕੀਨੀ ਬਣਾਈ ਜਾਵੇ ਤਾਂ ਕਿ ਕਿਸਾਨਾਂ ਦੀ ਸਾਉਣੀ ਵਿਚ ਇਨ੍ਹਾਂ ਜਿਨਸਾਂ ਤੋਂ ਆਮਦਨ ਝੋਨੇ ਦੇ ਮੁਕਾਬਲੇ ਜ਼ਿਆਦਾ ਹੋਵੇ।

ਸੋਹੰ ਹਰਿ
SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

Guru Piari Sadh Sangat Ji,

**We are happy to announce that Sri Guru Ravidass Temple, Pittsburg will re-open its doors for the community as permitted by the CDC and Contra Costa County guidelines. This decision was made by the Gurughar Committee yesterday, Friday, May 29, 2020.**
**The maximum number of devotees that can be in the temple at any time is limited to 100 people only.**
**For your safety and safety of others, please follow the following instructions ;**

1. Gurughar will open on Sundays from 10:00 AM to 1:00 PM only.
2. Langar Hall and Kitchen will remain closed until further notice.
3. Every person is required to: A. Wear a face mask, B. Wash Hands, C. Stay home if not healthy, D. Stay 6 feet from others (social distancing), E. Bring your own head cover.(Available at front door if you don't have one but take the used head-cover with you to wash and reuse)
4. PARSHAD will be served with SPOON by ONE person wearing gloves
5. After ARDAS, please leave the premises
6. DO NOT hug or shake hands with anyone
7. Please do not touch the stage or any other surfaces to avoid the spread of infection
8. Sanitizer will be provided in the Gurughar
9. Use the bathrooms in 2120 Crestview Building only
10. Follow the CDC/Contra Costa County's Health Guidelines

**May Waheguru bless our SANGAT with good health**

**"NANAK NAM CHARDI KALA TERE BHANE SARBAT DA BHALA"**

Sangat De Sewadar
Chairman Jagtar Bhatia
President Shinder Paul Narabu
General Secretary Dharam Pal Chonkria
Treasurer Vinod Kumar

# ਸਾਕਾ ਨੀਲਾ ਤਾਰਾ

ਫਿਰੋਜਪੁਰ ਫਾਜ਼ਿਲਕਾ ਸੜਕ 'ਤੇ ਫਿਰੋਜ਼ਪੁਰ ਤੋਂ 22 ਕੁ ਕਿਲੋਮੀਟਰ ਦੂਰ ਜੀ. ਟੀ. ਰੋਡ 'ਤੇ ਸਥਿਤ ਐ ਪਿੰਡ ਲੱਖੋ ਕੇ ਬਹਿਰਾਮ।ਇਸ ਪਿੰਡ ਵਿੱਚ ਜਿਆਦਾ ਤਾਦਾਦ ਮਜਬ੍ਹੀ ਸਿੱਖਾਂ ਦੀ ਰਹੀ ਹੈ। ਜੋ ਬਾਰੀਏ ਫੌਜੀ ਸਰਦਾਰਾਂ ਦੇ ਪਿੰਡ ਵਜੋਂ ਪ੍ਰਸਿੱਧ ਸੀ। ਇਸ ਪਿੰਡ ਦਾ ਝੁਕਾਅ ਵੀ ਜਿਆਦਾਤਰ ਕਾਂਗਰਸ ਪੱਖੀ ਰਿਹਾ ਐ। ਸਰਦਾਰ ਬੂਟਾ ਸਿੰਘ ਕੇਂਦਰੀ ਕੈਬਨਿਟ ਮੰਤਰੀ ਦੇ ਚੜ੍ਹਤ ਦੇ ਦਿਨੀਂ ਇਥੋਂ ਦੇ ਕਈ ਵਿਅਕਤੀ ਉਹਨੂੰ ਆਪਣਾ ਰਿਸ਼ਤੇਦਾਰ ਦੱਸਦੇ ਸਨ। ਇਥੋਂ ਦੇ ਮੁਖਤਿਆਰ ਸਿੰਘ ਗਿੱਲ ਖੁਰਾਕ ਤੇ ਸਪਲਾਈਜ਼ ਵਿਭਾਗ ਵਿਚ ਸਬ ਇੰਸਪੈਕਟਰ ਮੇਰੇ ਮਿੱਤਰ ਸਨ। ਉਹਨੇ ਮੈਨੂੰ ਆਪਣੇ ਪੁੱਤਰ ਦੇ ਜਨਮ ਦਿਨ ਤੇ ਬੁਲਾ ਲਿਆ। ਮੇਰੇ ਤੇ ਮਿਸ਼ਨ ਦਾ ਗੂੜ੍ਹਾ ਰੰਗ ਚੜ੍ਹ ਚੁਕਾ ਸੀ। ਕੱਚੀ ਸ਼ਰਾਬ ਵਾਂਗ ਉੱਭਰਦੇ ਵਲਵਲੇ ਉਂਝ ਵੀ ਟਿਕਕੇ ਨਹੀਂ ਬਹਿਣ ਦਿੰਦੇ ਸਨ ਮਿਸ਼ਨ ਦੀ ਪੁੱਠ ਜਨੂੰਨ ਦੀ ਹੱਦ ਤਕ ਚੜ੍ਹ ਚੁਕੀ ਸੀ। ਹਰ ਥਾਂ ਆਨੇ ਬਹਾਨੇ ਕਾਂਸ਼ੀ ਰਾਮ ਲਹਿਰ ਦੀ ਗੱਲ ਸ਼ੁਰੂ ਕਰ ਲਈ ਦੀ ਸੀ। ਉਥੇ ਵੀ ਕੁਝ ਕੁ ਸਾਥੀਆਂ ਨਾਲ ਗੱਲ ਤੋਰ ਲਈ ਉਨ੍ਹਾਂ ਦੇ ਚੰਗੀ ਦਿਲਚਸਪੀ ਦਿਖਾਉਣ ਤੇ ਦੁਬਾਰਾ ਮੀਟਿੰਗ ਰੱਖ ਲਈ ਗਈ। ਫਿਰ ਸਰਦਾਰ ਕਰਨੈਲ ਸਿੰਘ ਸਰਪੰਚ ਦੀ ਹਵੇਲੀ ਦੇ ਖੁਲ੍ਹੇ ਅੰਙਣ ਵਿਚ 60 -70 ਆਦਮੀਆਂ ਦੀ ਪ੍ਰਭਾਵਸ਼ਾਲੀ ਮੀਟਿੰਗ ਹੋਈ। 20 ਕੁ ਚਾਰਟਾਂ ਤੇ ਉੱਕਰੇ ਅੰਕੜਿਆਂ ਦੇ ਸਹਾਰੇ ਮੈਂ ਕੋਈ ਚਾਰ ਘੰਟੇ ਦੇ ਕਰੀਬ ਨਵੇਂ ਮਿਸ਼ਨ ਬਾਰੇ ਨਵੀਂ ਲਹਿਰ ਬਾਰੇ ਜਾਣਕਾਰੀ ਸਾਂਝੀ ਕੀਤੀ। ਜਿਸ ਦੇ ਨਤੀਜੇ ਵਜੋਂ ਉਸ ਦਿਨ ਹੀ ਪਿੰਡ ਵਿੱਚ ਡੀ. ਐਸ. ਫੋਰ ਦੀ ਇਕਾਈ ਬਣ ਗਈ। ਸਾਰਿਆਂ ਦੀ ਸਹਿਮਤੀ ਨਾਲ ਸਰਦਾਰ ਬਲਦੀਪ ਸਿੰਘ ਨੂੰ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ।


ਲਾਲ ਸਿੰਘ ਸੁਲਹਾਣੀ
91-98721-55120

9 ਮਾਰਚ 1984 ਨੂੰ ਦਿੱਲੀ ਲਈ ਰਵਾਨਾ ਹੋਈ ਸਾਈਕਲ ਰੈਲੀ ਵਿਚ ਇਸ ਇਕਾਈ ਦੇ ਬਲਦੀਪ ਸਿੰਘ ਤੋਂ ਇਲਾਵਾ ਰਾਮ ਸਿੰਘ, ਬਲਦੇਵ ਸਿੰਘ ,ਬਾਬਾ ਮੱਘਰ ਸਿੰਘ ਨਿਹੰਗ ਤੇ ਜਗਜੀਤ ਸਿੰਘ ਵੱਲੋਂ ਸ਼ਮੂਲੀਅਤ ਕੀਤੀ ਗਈ। ਇਉਂ ਇਹ ਪਿੰਡ ਮੇਰੀਆਂ ਮਿਸ਼ਨਰੀ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਸੀ ਤੇ ਆਲੇ ਦੁਆਲੇ ਪਿੰਡਾਂ ਵਿਚ ਏਥੋਂ ਦੇ ਬਾਰਸੂਖ ਆਦਮੀਆਂ ਨੇ ਇਕਾਈਆਂ ਸਥਾਪਤ ਕਰਨ ਦੀ ਜਿੰਮੇਵਾਰੀ ਸੰਭਾਲ ਲਈ ਸੀ। 14 ਅਪਰੈਲ 1984 ਨੂੰ ਮੁਕਤਸਰ ਚ ਕੀਤੇ ਗਏ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੈਅੰਤੀ ਸਮਾਰੋਹ ਵਿੱਚ ਵੀ 45-50 ਲੋਕ ਪੂਰੇ ਜੋਸ਼ ਤੇ ਉਤਸ਼ਾਹ ਨਾਲ ਹਾਜਰ ਸਨ। ਉਸ ਦਿਨ ਹੀ ਦਿੱਲੀ ਲਾਲ ਕਿਲੇ ਵਾਲੇ ਮੈਦਾਨ ਵਿਚ ਹੋਏ ਜੈਅੰਤੀ ਸਮਾਰੋਹ ਸਮੇਂ ਬਹੁਜਨ ਸਮਾਜ ਪਾਰਟੀ ਦਾ ਆਗਾਜ਼ ਹੋਇਆ ਸੀ।

1 ਜੂਨ 1984 ਨੂੰ ਲੱਖੋ ਕੇ ਦੇ ਨੇੜਲੇ ਪਿੰਡਾਂ ਝੋਕ ਮੋਹੜੇ, ਝੋਕ ਟਹਿਲ ਸਿੰਘ ਵਾਲਾ, ਡੋਡ, ਮਿਸਰੀ ਵਾਲਾ ਆਦਿ ਪਿੰਡਾਂ ਵਿੱਚ ਬਹੁਜਨ ਸਮਾਜ ਪਾਰਟੀ ਦੀਆਂ ਇਕਾਈਆਂ ਕਾਇਮ ਕਰਨ ਲਈ ਮੀਟਿੰਗਾਂ ਰੱਖੀਆਂ ਗਈਆਂ ਸਨ। ਮੈਂ ਸੁਵੱਖਤੇ ਹੀ ਬੱਸ ਰਾਹੀਂ ਫਿਰੋਜ਼ਪੁਰ ਤੋਂ ਲੱਖੋ ਕੇ ਪੁੱਜ ਗਿਆ ਤੇ ਅੱਗੇ ਚਾਰ ਪੰਜ ਸਾਈਕਲਾਂ 'ਤੇ ਸਵਾਰ ਹੋਕੇ ਅਸੀਂ ਪਿੰਡਾਂ ਨੂੰ ਨਿਕਲ ਪਏ। ਸਾਈਕਲ ਉਸ ਵਕਤ ਸੱਭ ਤੋਂ ਮਨਾਉਂਦਾ, ਸਸਤਾ ਤੇ ਆਮ ਸਾਧਨ ਹੋਇਆ ਕਰਦਾ ਸੀ। ਮੀਟਿੰਗਾਂ ਤੋਂ ਬਾਅਦ ਡੋਡ ਸਟੇਸ਼ਨ ਤੋਂ ਰੇਲ ਰਾਹੀਂ ਮੇਰਾ ਵਾਪਸੀ ਦਾ ਪ੍ਰੋਗਰਾਮ ਸੀ। ਅਸੀਂ ਸਟੇਸ਼ਨ ਤੇ ਰੇਲ ਗੱਡੀ ਦੀ ਉਡੀਕ ਵਿਚ ਖੜ੍ਹੇ ਸਾਂ ਪਰ ਗੱਡੀ ਆਈ ਜੋ ਬਿਨਾਂ ਰੁਕੇ ਤੇਜੀ ਨਾਲ ਨਿਕਲ ਗਈ। ਮਾਯੂਸ ਜਿਹਾ ਹੋ ਕੇ ਮੈਂ ਵੀ ਵਾਪਸ ਲੱਖੋ ਕੇ ਜਸਵੰਤ ਸਿੰਘ ਦੇ ਘਰ ਹੀ ਰੁਕ ਗਿਆ। ਰਾਤ ਨੂੰ ਰੇਡੀਓ ਤੇ ਖ਼ਬਰ ਆ ਗਈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਕੇਂਦਰੀ ਬਲਾਂ ਤੇ ਫੌਜ ਨੇ ਘੇਰੇ ਵਿੱਚ ਲੈ ਲਿਆ ਹੈ। ਸਾਰੇ ਪੰਜਾਬ ਚ ਅਣਮਿੱਥੇ ਸਮੇਂ ਲਈ ਕਰਫਿਊ ਲਗਾ ਦਿੱਤਾ ਗਿਆ ਹੈ। ਪੂਰਾ ਪੰਜਾਬ ਫੌਜੀ ਜਾਬਤੇ ਹੇਠ ਹੈ। ਆਵਾਜਾਈ ਤੇ ਸੰਚਾਰ ਦੇ ਸਾਧਨ ਜਾਮ ਕਰ ਦਿੱਤੇ ਗਏ ਹਨ। ਘਰ ਬਲਵੰਤ ਮੀਟ ਮਾਰਕੀਟ ਵਾਲੇ ਕਿਰਾਏ ਦੇ ਮਕਾਨ ਵਿੱਚ ਤਿੰਨ ਮਾਸੂਮ ਬੱਚਿਆਂ ਨਾਲ ਘਿਰ ਚੁੱਕੀ ਸੀ ਤੇ ਮੈਂ ਆਪ ਅਣਦੱਸੀ ਥਾਂ ਤੇ ਫਸ ਗਿਆ ਸਾਂ। ਪਰ ਬੇਬਸੀ ਤੇ ਲਾਚਾਰੀ ਸੀ। ਹਾਲਾਤ ਹੀ ਐਸੇ ਸਨ, ਕੁਝ ਨਹੀਂ ਕੀਤਾ ਜਾ ਸਕਦਾ ਸੀ। ਹਰ ਪਾਸੇ ਖੌਫ, ਦਹਿਸ਼ਤ ਤੇ ਬੇਵਿਸਾਹੀ ਦਾ ਆਲਮ ਸੀ। ਕਿਹੜੇ ਵੇਲੇ ਕੀ ਹੋ ਜਾਣਾ ਹੈ ਕੋਈ ਨਹੀਂ ਜਾਣਦਾ ਸੀ। ਪੰਜਾਬ ਪੂਰੀ ਤਰ੍ਹਾਂ ਦੁਨੀਆਂ ਨਾਲੋਂ ਅਲੱਗ ਥਲੱਗ ਕੀਤਾ ਜਾ ਚੁੱਕਾ ਸੀ। ਜਲੰਧਰ ਰੇਡੀਓ ਤੋਂ ਕੇਵਲ ਸਰਕਾਰੀ ਖਬਰਾਂ ਈ ਪੁਣ ਛਾਣ ਕੇ ਨਸ਼ਰ ਕੀਤੀਆਂ ਜਾਂਦੀਆਂ ਸਨ। ਕਦੇ ਕਦੇ ਰੇਡੀਓ ਬੀ .ਬੀ. ਸੀ. ਲੰਡਨ ਮਿਲ ਜਾਂਦਾ ਸੀ। ਸਾਰਾ ਪੰਜਾਬ ਫੌਜੀ ਛਾਉਣੀ ਵਿਚ ਤਬਦੀਲ ਹੋ ਗਿਆ ਸੀ। 6 ਲੱਖ ਤੋਂ ਵਧੇਰੇ ਫੌਜ ਲਗਾਈ ਗਈ ਸੀ। 3 ਜੂਨ ਨੂੰ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਸੀ। ਫਿਰ ਪਤਾ ਲੱਗਾ ਕਿ ਫੌਜ ਦੇ ਭਾਰੀ ਜਾਨੀ ਮਾਲੀ ਨੁਕਸਾਨ ਤੋਂ ਬਾਅਦ 6 ਜੂਨ ਨੂੰ ਹਵਾਈ ਜਹਾਜ਼ਾਂ ਦੀ ਨਿਗਰਾਨੀ ਹੇਠ ਟੈਂਕਾਂ ਤੇ ਤੋਪ ਗੋਲਿਆਂ ਰਾਹੀਂ ਅਕਾਲ ਤਖਤ ਸਾਹਿਬ ਨੂੰ ਛਲਣੀ ਛਲਣੀ ਕਰ ਦਿੱਤਾ ਗਿਆ ਐ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਮੇਤ ਭਾਈ ਅਮਰੀਕ ਸਿੰਘ ਤੇ ਜਰਨਲ ਸੁਬੇਗ ਸਿੰਘ ਸ਼ਹੀਦ ਕੀਤੇ ਜਾ ਚੁੱਕੇ ਹਨ। ਅਕਾਲ ਦਾ ਜਥੇਦਾਰ ਕਿਰਪਾਲ ਸਿੰਘ ਫੌਜੀ ਦਬਾਅ ਹੇਠ "ਕੋਠਾ ਸਾਹਿਬ ਸਹੀ ਸਲਾਮਤ ਐ" ਵਰਗੇ ਬੇ -ਤੁਕੇ ਬਿਆਨ ਦਾਗ ਰਿਹਾ ਸੀ। ਸਾਰੇ ਦਰਬਾਰ ਸਾਹਿਬ ਕੰਪਲੈਕਸ 'ਤੇ ਫੌਜ ਨੇ ਕਬਜ਼ਾ ਜਮਾ ਲਿਆ ਸੀ।

8 ਜੂਨ ਨੂੰ ਕਰਫਿਊ ਵਿਚ ਢਿੱਲ ਮਿਲਣ ਦੀ ਖਬਰ ਮਿਲੀ ਮੈਂ ਘਰ ਜਾਕੇ ਬੱਚਿਆਂ ਦੀ ਖਬਰ ਸਾਰ ਲੈਣ ਲਈ ਉਤਾਵਲਾ ਸੀ। ਪਰ ਆਵਾਜਾਈ ਦੇ ਸਾਧਨ ਤਾਂ ਠੱਪ ਸਨ। ਅਖੀਰ ਸਾਈਕਲ ਰਾਹੀਂ ਹੀ ਫਿਰੋਜ਼ਪੁਰ ਪੁੱਜਣ ਦੀ ਠਾਣ ਲਈ। ਮੈਨੂੰ ਇਕੱਲਿਆਂ ਭੇਜਣਾ ਮੁਨਾਸਿਬ ਨਾ ਸਮਝਿਆ ਗਿਆ ਤੇ ਬਲਦੀਪ ਨੂੰ ਮੇਰੇ ਨਾਲ ਭੇਜ ਦਿੱਤਾ ਗਿਆ। ਅਸੀਂ ਜੀ ਟੀ ਰੋਡ ਦੇ ਬਜਾਏ ਪਿੰਡਾਂ ਵਿੱਚੋਂ ਦੀ ਪਗਡੰਡੀਆਂ ਤੇ ਉੱਬੜ ਖੁੱਬੜ ਰਸਤਿਆਂ 'ਤੇ ਚਲਣਾ ਠੀਕ ਸਮਝਿਆ। ਬਚਦੇ ਬਚਾਉਂਦੇ ਨੌਰੰਗ ਕੇ ਸਿਆਲ ਰਾਹੀਂ ਫੌਜੀ ਏਰੀਏ 'ਚ ਦਾਖਲ ਈ ਹੋਏ ਸਾਂ ਕਿ- "ਹੈਂਡਜ ਅਪ" ਦੀ ਕੜਕਵੀਂ ਆਵਾਜ਼ ਸੁਣਕੇ ਅਸੀਂ ਠਠੰਬਰ ਗਏ। ਕਾਹਲੀ ਕਾਹਲੀ ਸਾਈਕਲ ਸਟੈਂਡ 'ਤੇ ਲਾਕੇ ਹੱਥ ਖੜ੍ਹੇ ਕਰਕੇ ਅਸੀਂ ਥਾਏਂ ਖੜੋ ਗਏ। ਦੇਖਦਿਆਂ ਹੀ ਦੇਖਦਿਆਂ ਕਿੰਨੀਆਂ ਈ ਸੰਗੀਨਾਂ ਸਾਡੇ ਦੁਆਲੇ ਤੈਨਾਤ ਸਨ। ਦੋ ਦੋ ਫੌਜੀ ਜਵਾਨਾਂ ਨੇ ਖੜੇ ਹੱਥਾਂ ਤੋਂ ਹੀ ਸਾਡੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਪਰ ਸਾਡੇ ਕੋਲੋਂ ਕੀ ਲੱਭਣਾ ਸੀ।



"ਸਰਚ ਅਗੇਨ" - ਉਹਨਾਂ ਦੇ ਅਫਸਰ ਦਾ ਹੁਕਮ ਸੀ। ਮੇਰੀ ਖੁਲ੍ਹੀ ਦਾੜ੍ਹੀ, ਨੀਲੀ ਦਸਤਾਰ, ਗਾਤਰੇ ਪਾਈ ਕਿਰਪਾਨ ਤੇ ਜਵਾਨ ਅਵਸਥਾ ਮੇਰੇ ਖਾੜਕੂ ਹੋਣ ਦੀ ਸ਼ਾਹਦੀ ਭਰਦੇ ਸਨ। ਫਿਰ ਹੋਰ ਬਰੀਕੀ ਨਾਲ ਟੋਹਾ ਟਾਹੀ ਸ਼ੁਰੂ ਹੋ ਗਈ। ਪਰ ਫਿਰ ਖਾਲਮ ਖਾਲੀ ਹੱਥ। ਸਾਡੇ ਸਾਈਕਲ ਨੂੰ ਉਲਟਾ ਪੁਲਟਾ ਕੇ ਵੇਖਿਆ ਜਾ ਰਿਹਾ ਸੀ। ਸਾਨੂੰ ਅਲੱਗ ਅਲੱਗ ਕਰ ਲਿਆ ਗਿਆ। ਪੁੱਛ ਗਿੱਛ ਸ਼ੁਰੂ ਹੋ ਗਈ। ਜਿਵੇਂ ਹੋਈ ਬੀਤੀ ਸੀ ਮੈਂ ਕਹਿ ਸੁਣਾਈ। ਮੈਂ ਪੰਜਾਬ ਸਰਕਾਰ ਦਾ ਮੁਲਾਜ਼ਮ ਹਾਂ ਤੇ ਅਸੀਂ ਬਾਬਾ ਸਾਹਿਬ ਡਾ. ਅੰਬੇਦਕਰ ਦੇ ਅਨੁਆਈ ਹਾਂ - ਮੈਂ ਦੱਸਿਆ।ਆਪਣਾ ਸ਼ਨਾਖਤੀ ਕਾਰਡ ਦਿਖਾਇਆ। ਜੋ ਉਸਨੇ ਆਪਣੇ ਕਬਜੇ ਚ ਰੱਖ ਲਿਆ। ਉਹ ਅਫਸਰ ਸਾਨੂੰ ਘੋਖਵੀਆਂ, ਪਾੜ ਖਾਣੀਆਂ ਤੇ ਸ਼ੱਕੀ ਨਜ਼ਰਾਂ ਨਾਲ ਘੂਰਦਾ ਰਿਹਾ।

"ਗਾੜੀ ਮੇਂ ਬਿਠਾਓ ਇਨ ਕੋ" ਅਫ਼ਸਰ ਵੱਲੋਂ ਹੋਰ ਹੁਕਮ ਚਾੜ੍ਹ ਦਿਤਾ ਗਿਆ। ਸੰਗੀਨਾਂ ਫਿਰ ਤਣ ਗਈਆਂ। ਅੱਗੇ ਲੱਗ ਕੇ ਤੁਰਨ ਤੋਂ ਬਿਨਾਂ ਹੁਣ ਹੋਰ ਕੋਈ ਚਾਰਾ ਨਹੀਂ ਸੀ। ਅਜੇ ਕੁਝ ਕਦਮ ਹੀ ਤੁਰੇ ਸਾਂ ਕਿ ਅਫਸਰ ਦੀ ਰੋਅਬਦਾਰ ਆਵਾਜ਼ ਫਿਰ ਗਰਜੀ -

"ਰੁਕੀਏ"

ਅਸੀਂ ਥਾਏਂ ਰੁਕ ਗਏ। ਦਿਲ ਵਿਚ ਆ ਰਹੀ ਸੀ ਕਿ ਪਤਾ ਨਹੀਂ ਅਗਲੇ ਪਲ ਕੀ ਹੋਣ ਵਾਲਾ ਹੈ।

"ਲੀਜੀਏ ਅਪਨਾ ਸ਼ਨਾਖਤੀ ਕਾਰਡ ਸਾਈਕਲ ਉਠਾਏ ਔਰ ਜਾਈਏ"। ਪਤਾ ਨਹੀਂ ਉਸਦੇ ਮਨ ਵਿਚ ਰਹਿਮ, ਤਰਸ ਜਾਂ ਦਇਆ ਆ ਗਈ ਸੀ ਜਾਂ ਮੇਰੀ ਸਚਾਈ ਤੇ ਯਕੀਨ ਆ ਗਿਆ ਸੀ ਜਾਂ ਕੁਝ ਹੋਰ.....

ਅਸੀਂ ਸਾਈਕਲ ਤੇ ਬੈਠ ਵੱਖ ਵੱਖ ਮੁਹੱਲਿਆਂ ਵਿੱਚ ਦੀ ਹੁੰਦੇ ਹੋਏ ਘਰ ਪੁੱਜ ਗਏ। ਬੱਚਿਆਂ ਨੂੰ ਪਿਆਰ ਕੀਤਾ। ਬਲਵੰਤ ਨੂੰ ਨਿੱਘੀ ਗਲਵਕੜੀ ਚ ਘੁੱਟਿਆ। ਸਾਡੇ ਬੁਲ੍ਹਾਂ 'ਤੇ ਸਹਿਮੀ ਸਹਿਮੀ ਮੁਸਕਾਣ ਤੇ ਅੱਖਾਂ ਵਿਚ ਪਰਲ ਵਗਦੇ ਅਥਰੂ ਸਨ।

ਬਲਵੰਤ ਨੇ ਮੈਨੂੰ ਦੱਸਿਆ ਕਿ ਵੱਡੇ ਅੰਮ੍ਰਿਤ ਪਾਲ ਨੂੰ ਇਕ ਦਿਨ ਬਹੁਤ ਜੋਰਦਾਰ ਬੁਖਾਰ ਹੋ ਗਿਆ ਸੀ। ਕਰਫਿਊ 'ਚ ਥੋੜ੍ਹੀ ਢਿੱਲ ਮਿਲਦਿਆਂ ਸਾਰ ਮੈਂ ਦਵਾਈ ਲੈਣ ਚਲੀ ਗਈ। ਡਾਕਟਰ ਨੇ ਦਲੀਆ ਦੇਣ ਨੂੰ ਕਿਹਾ। ਖੁਲ੍ਹੀ ਦੁਕਾਨ ਤੇ ਮੈਂ ਬਾਣੀਏ ਤੋਂ ਦਲੀਆ ਮੰਗਿਆ ਪਰ ਉਹਨੇ ਮੈਨੂੰ ਦਲੀਆ ਦੇਣ ਤੋਂ ਇਨਕਾਰ ਕਰ ਦਿਤਾ। ਮੈਂ ਥੋੜ੍ਹਾ ਤਲਖੀ ਨਾਲ ਬੋਲੀ ਤਾਂ ਲੰਘ ਰਹੇ ਫੌਜੀ ਜਵਾਨ ਰੁਕ ਗਏ ਅਰ ਪੁੱਛਣ ਲੱਗੇ-

"ਕਿਆ ਬਾਤ ਹੈ ਮੈਮ"

"ਮੇਰਾ ਬੱਚਾ ਬੀਮਾਰ ਹੈ ਭਾਈ ਸਾਹਿਬ ਅਰ ਯੇਹ ਦੁਕਾਨਦਾਰ ਇਸਕੇ ਪਾਸ ਹੋਨੇ ਕੇ ਬਾਵਜੂਦ ਭੀ ਮੁਝੇ ਦਲੀਆ ਦੇਨੇ ਸੇ ਇਨਕਾਰ ਕਰ ਰਹਾ ਹੈ।" ਡਾਂਟ ਫਿਟਕਾਰ ਤੋਂ ਬਾਅਦ ਉਹਨੇ ਦਲੀਆ ਦੇ ਦਿੱਤਾ। ਭਾਈ ਬਲਵਿੰਦਰ ਸਿੰਘ ਖਾਲਸਾ ਨੂੰ ਮਿਲਣ ਲਈ ਤੀਬਰ ਤਾਂਘ ਹੋਈ ਜੋ ਖਾਲਸਾ ਗੁਰਦੁਆਰਾ ਸਾਹਿਬ ਦੇ ਲਾਗੇ ਰਹਿੰਦੇ ਸਨ।

ਅਸੀਂ ਰਲਕੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੀ ਦੇਖ ਰੇਖ 'ਚ ਕਲਾਸਾਂ ਲਾਇਆ ਕਰਦੇ ਸਾਂ। ਸ਼ਾਮ ਨੂੰ ਉਹਨਾਂ ਦੇ ਘਰ ਚਲੇ ਗਏ। ਪਰ ਉਨ੍ਹਾਂ ਦੀ ਸਰਦਾਰਨੀ ਨੇ ਦੱਸਿਆ ਕਿ ਉਹ ਘਰ ਨਹੀਂ ਹਨ। ਭੈਣ ਜੀ ਦਰਬਾਰ ਸਾਹਿਬ.... ਕਹਿੰਦਿਆਂ ਮੇਰਾ ਗੱਚ ਭਰ ਗਿਆ ਤੇ ਮੇਰੀ ਭੁੱਬ ਨਿਕਲ ਗਈ ਤੇ ਉਹ ਵੀ ਪਰਲ ਪਰਲ ਹੰਝੂ ਵਰਸਾ ਰਹੇ ਸਨ।

ਇਕ ਜੂਨ 2015 ਨੂੰ ਪਿੰਡ ਜਵਾਹਰ ਸਿੰਘ ਵਾਲਾ ਚੋਂ ਦੀਦਾ ਦਲੇਰੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਕਰਕੇ ਇਸ਼ਤਿਹਾਰ ਲਾਕੇ ਬੇਅਦਬੀ ਕਰਨ ਦਾ ਐਲਾਨ ਕੀਤਾ ਗਿਆ। ਸ਼ਬਦ ਗੁਰੂ ਦੀ ਸ਼ਰੇਆਮ ਬੇਹੁਰਮਤੀ ਕੀਤੀ ਗਈ। ਪੰਥ ਦੇ ਨਾਂ ਤੇ ਚਲਦੀ ਬਾਦਲਕਿਆਂ ਦੀ ਸਰਕਾਰ ਦੋਸ਼ੀਆਂ ਨੂੰ ਫੜਕੇ ਸਜਾ ਦੇਣ ਦੀ ਬਜਾਏ ਦੋਸ਼ੀਆਂ ਦੀ ਪੁਸ਼ਤ ਪਨਾਹੀਂ ਕਰਦੀ ਰਹੀ। ਅਮਰਿੰਦਰਕੇ ਵੀ ਉਹਨਾਂ ਲੀਹਾਂ ਤੇ ਚਲਕੇ ਆਪਣਾ ਨਾਂ ਕਲੰਕਿਤ ਇਤਿਹਾਸ ਵਜੋਂ ਦਰਜ ਕਰਵਾਉਣ ਲਈ ਦੋਸ਼ੀਆਂ ਨੂੰ ਬਚਾਉਣ ਦੇ ਰਾਹ ਪਏ ਹਨ। ਸਰਕਾਰ ਦੇ ਅੰਮ੍ਰਿਤਧਾਰੀ ਵਜੀਰਾਂ ਵਲੋ ਗੁਰੂ ਗ੍ਰੰਥ ਸਾਹਿਬ ਜੀ ਤੇ ਸਿੱਖ ਸੰਗਤਾਂ ਦੀ ਹਾਜਰੀ ਵਿਚ ਕੀਤੇ ਐਲਾਨ ਧੋਤੇ ਪੀਤੇ ਗਏ। ਪੰਥ ਅੱਜ ਵੀ ਇਨਸਾਫ ਲਈ ਜੂਝ ਰਿਹਾ ਹੈ।

ਅੱਜ ਪੰਥਕ ਜਥੇਬੰਦੀਆਂ ਵਲੋਂ ਕਰੋਨਾ ਮਹਾਂਮਾਰੀ ਤੇ ਲਾਕ ਡਾਊਨ ਦੇ ਬਾਵਜੂਦ ਸੰਕੇਤਕ ਪਸਚਾਤਾਪ- ਰੋਸ ਦਿਵਸ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਬਰਗਾੜੀ ਵਿਖੇ ਮਨਾਇਆ ਗਿਆ। ਇਸ ਦੁਖਦਾਈ ਸਮੇਂ ਤੇ ਬਸਪਾ ਪਰਤੀਨਿਧੀ ਵਜੋਂ ਹਾਜਰੀ ਲਗਾਉਂਦੇ ਹੋਏ ਬਸਪਾ ਆਗੂ ਲਾਲ ਸਿੰਘ ਸੁਲਹਾਣੀ

# ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਚੋਣ 17 ਜੂਨ ਨੂੰ, ਭਾਰਤ ਦੀ ਜਿੱਤ ਤੈਅ

**ਸੰਯੁਕਤ ਰਾਸ਼ਟਰ-** ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪੰਜ ਅਸਥਾਈ ਮੈਂਬਰਾਂ ਲਈ 17 ਜੂਨ ਨੂੰ ਚੋਣ ਹੋਣਗੇ। ਫਰਾਂਸ ਵੱਲੋਂ ਜੂਨ ਮਹੀਨੇ ਲਈ 15 ਮੈਂਬਰੀ ਪ੍ਰੀਸ਼ਦ ਦੀ ਪ੍ਰਧਾਨਗੀ ਲੈਣ ਮਗਰੋਂ ਸੋਮਵਾਰ ਨੂੰ ਚੋਣ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਭਾਰਤ ਇਕ ਅਸਥਾਈ ਸੀਟ ਲਈ ਉਮੀਦਵਾਰ ਹੈ ਤੇ ਇਸ ਸੀਟ 'ਤੇ ਉਸ ਦੀ ਜਿੱਤ ਪੱਕੀ ਮੰਨੀ ਜਾ ਰਹੀ ਹੈ ਕਿਉਂਕਿ ਭਾਰਤ ਏਸ਼ੀਆ-ਪ੍ਰਸ਼ਾਤ ਸਮੂਹ ਦੀ ਇਕੱਲੀ ਸੀਟ ਲਈ ਇਕ ਹੀ ਉਮੀਦਵਾਰ ਹੈ। ਨਵੀਂ ਦਿੱਲੀ ਦੀ ਉਮੀਦਵਾਰੀ ਨੂੰ ਚੀਨ ਤੇ ਪਾਕਿਸਤਾਨ ਸਣੇ ਏਸ਼ੀਆ-ਪ੍ਰਸ਼ਾਤ ਦੇ 55 ਮੈਂਬਰਾਂ ਨੇ ਪਿਛਲੇ ਸਾਲ ਜੂਨ 'ਚ ਸਰਬਸੰਮਤੀ ਦਾ ਸਮਰੱਥਨ ਦਿੱਤਾ ਸੀ। ਭਾਰਤ ਦੇ ਦ੍ਰਿਸ਼ਟੀਕੋਣ ਤੋਂ ਮਤਦਾਨ 'ਚ ਕੋਈ ਵੀ ਬਦਲਾਅ ਉਸ ਦੇ ਮੌਕਿਆਂ ਨੂੰ ਪ੍ਰਭਾਵਿਤ ਨਹੀਂ ਕਰੇਗਾ। ਪੰਜ ਅਸਥਾਈ ਮੈਂਬਰਾਂ ਦਾ ਕਾਰਜਕਾਲ ਜਨਵਰੀ 2021 ਤੋਂ ਸ਼ੁਰੂ ਹੋਵੇਗਾ। ਪਰੰਪਰਾਗਤ ਰੂਪ ਨਾਲ ਸੁਰੱਖਿਆ ਪ੍ਰੀਸ਼ਦ ਦੇ ਮੈਂਬਰਾਂ ਦੇ ਚੋਣ ਮਹਾਸਭਾ ਹਾਲ 'ਚ ਆਯੋਜਿਤ ਕੀਤੇ ਜਾਂਦੇ ਹਨ। ਜਿਸ 'ਚ 193 ਮੈਂਬਰ ਦੇਸ਼ ਗੁਪਤ ਮਤਦਾਨ ਕਰਦੇ ਹਨ। ਹਾਲਾਂਕਿ ਕੋਰੋਨਾ ਦੇ ਚੱਲਦਿਆਂ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ 'ਚ ਹੋਣ ਵਾਲੀਆਂ ਸਾਰੀਆਂ ਬੈਠਕਾਂ ਨੂੰ ਜੂਨ ਦੇ ਅੰਤ ਤਕ ਮਲੱਤਵੀਂ



ਕਰ ਦਿੱਤਾ ਗਿਆ ਹੈ।

**ਪਹਿਲਾਂ ਵੀ ਭਾਰਤ ਰਿਹਾ ਹੈ ਮੈਂਬਰ**

ਇਸ ਤੋਂ ਪਹਿਲਾਂ ਭਾਰਤ 1950-51, 1967-68,1977-78, 1984-85, 1991-92 ਤੇ 2011-12 ੂਂਛ ਦਾ ਅਸਥਾਈ ਮੈਂਬਰ ਰਹਿ ਚੁੱਕਾ ਹੈ।

**ਟਰੰਪ ਵੱਲੋਂ ਮੋਦੀ ਨੂੰ ਜੀ-7 ਸਿਖਰ ਵਾਰਤਾ ਲਈ ਸੱਦਾ**

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ 'ਤੇ ਗੱਲਬਾਤ ਕੀਤੀ। ਜਾਣਕਾਰੀ ਮੁਤਾਬਕ ਦੋਵਾਂ ਆਗੂਆਂ ਦਰਮਿਆਨ ਜੀ-7 ਦਾ ਘੇਰਾ ਵਧਾਉਣ ਦੇ ਮੁੱਦੇ 'ਤੇ ਵੀ ਗੱਲਬਾਤ ਹੋਈ।

ਅਮਰੀਕੀ ਸਦਰ ਨੇ ਸ੍ਰੀ ਮੋਦੀ ਨੂੰ ਜੀ-7 ਸਿਖਰ ਵਾਰਤਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਦੋਵਾਂ ਆਗੂਆਂ ਨੇ ਭਾਰਤ-ਚੀਨ ਸਰਹੱਦ 'ਤੇ ਜਾਰੀ ਤਣਾਅ ਸਮੇਤ ਹੋਰ ਕਈ ਮੁੱਦਿਆਂ 'ਤੇ ਚਰਚਾ ਕੀਤੀ। ਸੂਤਰਾਂ ਮੁਤਾਬਕ ਇਸ ਮੌਕੇ ਕਰੋਨਾਵਾਇਰਸ ਖ਼ਿਲਾਫ਼ ਜੰਗ ਲਈ ਆਪਸੀ ਸਹਿਯੋਗ ਦਾ ਮੁੱਦਾ ਵੀ ਵਿਚਾਰਿਆ ਗਿਆ। ਉਨ੍ਹਾਂ ਵਿਸ਼ਵ ਸਿਹਤ ਸੰਸਥਾ (ਡਬਲਿਊਐੱਚਓ) ਵਿੱਚ ਸੁਧਾਰਾਂ ਦੀ ਵੀ ਵਕਾਲਤ ਕੀਤੀ। ਸ੍ਰੀ ਮੋਦੀ ਨੇ ਮਗਰੋਂ ਇਕ ਟਵੀਟ ਵਿੱਚ ਟਰੰਪ ਨੂੰ ਦੂਰਦਰਸ਼ੀ ਸੋਚ ਵਾਲਾ ਆਗੂ ਕਰਾਰ ਦਿੱਤਾ।

# ਨਕੋਦਰ ਤੋਂ ਸਿੱਧਾ ਅੰਮ੍ਰਿਤਸਰ 'ਚੋਂ ਲੰਘੇਗਾ ਦਿੱਲੀ-ਕੱਟੜਾ ਐਕਸਪ੍ਰੈੱਸਵੇਅ

ਨਵੀਂ ਦਿੱਲੀ- ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਵਾਸੀਆਂ ਦੀ ਲੰਬੇ ਸਮੇਂ ਦੀ ਮੰਗ ਪੂਰੀ ਕਰਦਿਆਂ ਦਿੱਲੀ-ਅੰਮ੍ਰਿਤਸਰ ਐਕਸਪ੍ਰੈੱਸਵੇਅ ਦੇ ਹਿੱਸੇ ਵਜੋਂ ਨਕੋਦਰ ਤੋਂ ਅੰਮ੍ਰਿਤਸਰ ਤੱਕ (ਵਾਇਆ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ) ਨਵੀਂ ਸੜਕ ਬਣਾਉਣ ਦਾ ਐਲਾਨ ਕੀਤਾ ਹੈ। ਸੜਕ, ਆਵਾਜਾਈ ਅਤੇ ਹਾਈਵੇਅਜ਼ ਬਾਰੇ ਮੰਤਰੀ ਨੇ ਦੱਸਿਆ ਕਿ ਇਸ ਐਕਸਪ੍ਰੈੱਸਵੇਅ ਨਾਲ ਅੰਮ੍ਰਿਤਸਰ ਤੋਂ ਦਿੱਲੀ ਕੌਮਾਂਤਰੀ ਹਵਾਈ ਅੱਡੇ ਤੱਕ ਦਾ ਮੌਜੂਦਾ ਅੱਠ ਘੰਟਿਆਂ ਦਾ ਸਫ਼ਰ ਘਟ ਕੇ ਚਾਰ ਘੰਟਿਆਂ ਦਾ ਰਹਿ ਜਾਵੇਗਾ। ਊਨ੍ਹਾਂ ਦੱਸਿਆ ਕਿ ਐਕਸਪ੍ਰੈੱਸਵੇਅ ਦੇ ਪਹਿਲੇ ਪੜਾਅ 'ਤੇ 25,000 ਕਰੋੜ ਰੁਪਏ ਦੀ ਲਾਗਤ ਆਵੇਗੀ।


ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਨਾਲ ਰੀਵਿਊ ਮੀਟਿੰਗ ਵਿੱਚ ਇਸ ਸੇਧ ਬਾਰੇ ਅੰਤਿਮ ਛੋਹਾਂ ਦੇਣ ਮਗਰੋਂ ਗਡਕਰੀ ਨੇ ਕਿਹਾ, ''ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸਵੇਅ ਦੇ ਹਿੱਸੇ ਵਜੋਂ ਨਕੋਦਰ ਤੋਂ ਅੰਮ੍ਰਿਤਸਰ ਤੱਕ ਵਾਇਆ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ... ਨਵੀਂ ਸੜਕ



(ਗ੍ਰੀਨਫੀਲਡ ਕੁਨੈਕਟੀਵਿਟੀ) ਦਾ ਨਿਰਮਾਣ ਕੀਤਾ ਜਾਵੇਗਾ। ਇਹ ਪ੍ਰਸਤਾਵਿਤ ਐਕਸਪ੍ਰੈੱਸਵੇਅ ਸਿੱਖ ਧਰਮ ਦੇ ਪੰਜ ਗੁਰੂਆਂ ਦੇ ਪਵਿੱਤਰ ਸ਼ਹਿਰਾਂ ਨੂੰ ਇੱਕ ਸੜਕ ਰਾਹੀਂ ਜੋੜੇਗਾ।'' ਗਡਕਰੀ ਨੇ ਕਿਹਾ ਕਿ ਅੰਮ੍ਰਿਤਸਰ ਤੋਂ ਗੁਰਦਾਸਪੁਰ ਤੱਕ ਵੀ ਪੂਰੀ ਸੜਕ ਬਣਾਈ ਜਾਵੇਗੀ, ਜੋ ਸਿਗਨਲ ਰਹਿਤ ਹੋਵੇਗੀ। ਊਨ੍ਹਾਂ ਕਿਹਾ ਕਿ ਗ੍ਰੀਨਫੀਲਡ ਸੇਧ ਨਾਲ ਨਾ ਕੇਵਲ ਅੰਮ੍ਰਿਤਸਰ ਲਈ ਸਭ ਤੋਂ ਛੋਟਾ ਰਸਤਾ ਬਣੇਗਾ ਬਲਕਿ ਇਹ ਕਈ ਧਾਰਮਿਕ ਸ਼ਹਿਰਾਂ ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ ਅਤੇ ਡੇਰਾ ਬਾਬਾ ਨਾਨਕ੍ਰਕਰਤਾਰਪੁਰ ਸਾਹਿਬ ਕੌਮਾਂਤਰੀ ਲਾਂਘੇ ਨੂੰ ਵੀ ਜੋੜੇਗੀ। ਅੰਮ੍ਰਿਤਸਰ ਵੱਲ ਸੇਧ ਦੇ ਮਾਮਲੇ 'ਤੇ ਵਿਚਾਰ ਅਤੇ ਹੱਲ ਲਈ ਅੱਜ ਗਡਕਰੀ ਦੀ ਅਗਵਾਈ ਹੇਠ ਵੀਡੀਓ ਕਾਨਫਰੰਸ ਰਾਹੀਂ ਚਰਚਾ ਹੋਈ। ਇਸ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਣੇ ਕੇਂਦਰੀ ਮੰਤਰੀਆਂ ਹਰਸਿਮਰਤ ਕੌਰ ਬਾਦਲ, ਹਰਦੀਪ ਸਿੰਘ ਪੁਰੀ, ਜਤੇਂਦਰ ਸਿੰਘ ਅਤੇ ਵੀਕੇ ਸਿੰਘ ਤੇ ਹੋਰਾਂ ਨੇ ਸ਼ਮੂਲੀਅਤ ਕੀਤੀ।

# ਇਨਕਲਾਬੀ ਰਹਿਬਰ ਸਤਿਗੁਰੂ ਕਬੀਰ ਜੀ

**ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼ ਲੇਖ**



ਮਹਾਨ ਕਰਮਯੋਗੀ ਸੰਤ ਸ਼੍ਰੋਮਣੀ ਸਤਿਗੁਰੂ ਕਬੀਰ ਜੀ ਉਹਨਾਂ ਪ੍ਰਤੀਬੱਧ ਮਾਨਵਵਾਦੀ ਚਿੰਤਕਾਂ, ਵਿਚਾਰਕਾਂ ਤੇ ਅਨੁਭਵੀ ਪੁਰਸ਼ਾਂ ਵਿਚੋਂ ਇਕ ਸਨ, ਜਿਹਨਾਂ ਨੇ ਆਪਣੀ ਤਰਕਸ਼ੀਲ ਤੇ ਪ੍ਰਭਾਵਸ਼ਾਲੀ ਬਾਣੀ ਦੁਆਰਾ ਸਮਕਾਲੀਨ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ, ਜਾਤ-ਪਾਤ, ਛੂਆ-ਛਾਤ, ਵੈਰ-ਵਿਰੋਧ, ਸਮਾਜਿਕ ਅਸਮਾਨਤਾ ਅਤੇ ਮਾਨਵ ਵਿਰੋਧੀ ਸ਼ਕਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਆਪ ਨੇ ਸਦੀਆਂ ਤੋਂ ਲਤਾੜੇ, ਪਛਾੜੇ, ਦੁਰਕਾਰੇ ਅਤੇ ਹਾਸ਼ੀਏ ਉਪਰ ਸੁੱਟੇ ਲੋਕਾਂ ਨੂੰ ਨਾ ਸਿਰਫ਼ ਸਹਾਰਾ ਹੀ ਦਿੱਤਾ, ਬਲਕਿ ਉਹਨਾਂ ਅੰਦਰ ਸਵੈਮਾਣ, ਸਵੈ-ਸਤਿਕਾਰ, ਸਵੈ-ਵਿਸ਼ਵਾਸ ਅਤੇ ਸਵੈ-ਸ਼ਕਤੀ ਦਾ ਬੇਮਿਸਾਲ ਜਜ਼ਬਾ ਪੈਦਾ ਕੀਤਾ।

ਭਾਰਤੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਨੂੰ ਸੁਨਹਿਰੀ ਯੁੱਗ ਸਵੀਕਾਰ ਕੀਤਾ ਗਿਆ ਹੈ। ਇਸ ਸਮੇਂ ਭਾਰਤੀ ਸਮਾਜ, ਧਰਮ, ਰਾਜਨੀਤੀ ਅਤੇ ਸਭਿਆਚਾਰ ਬੜੀ ਤੇਜ਼ੀ ਨਾਲ ਪਤਨ ਵੱਲ ਵੱਧ ਰਹੇ ਸਨ। ਇਕ ਪਾਸੇ ਵਿਦੇਸ਼ੀ ਹਮਲਾਵਰ ਆਪਣੀ ਪ੍ਰਭੂਸੱਤਾ ਸਥਾਪਤ ਕਰ ਰਹੇ ਸਨ ਅਤੇ ਦੂਸਰੇ ਪਾਸੇ ਮਨੂੰਵਾਦੀ ਵਰਣ ਵਿਵਸਥਾ ਨੇ ਭਾਰਤੀ ਸਮਾਜ ਨੂੰ ਵਿਨਾਸ਼ ਦੀ ਦਲਦਲ ਵਿਚ ਧਕੇਲ ਦਿੱਤਾ ਸੀ। ਭਾਰਤੀ ਸਮਾਜ ਦੀ ਸਰੰਚਨਾ ਜਾਤ ਆਧਾਰਿਤ ਹੋਣ ਕਾਰਨ ਪੂਰੇ ਦੇਸ਼ ਵਿਚ ਅਰਾਜਕਤਾ ਪੱਸਰੀ ਹੋਈ ਸੀ। ਭਾਰਤ ਦੇ ਬ੍ਰਾਹਮਣ ਗ੍ਰੰਥਾਂ, ਸ਼ਾਸਤਰਾਂ, ਪੁਰਾਣਾਂ ਅਤੇ ਸਿਮ੍ਰਤੀਆਂ ਵੱਲੋਂ ਸ਼ੂਦਰਾਂ, ਵਿਸ਼ੇਸ਼ ਕਰਕੇ ਅਛੂਤਾਂ ਉਪਰ ਮਾਨਵਤਾ ਵਿਰੋਧੀ ਕਾਨੂੰਨ ਲਾਗੂ ਕਰਕੇ ਇਨ੍ਹਾਂ ਦਾ ਜੀਵਨ ਪਸ਼ੂਆਂ ਤੋਂ ਵੀ ਭੈੜਾ, ਨਰਕਮਈ ਬਣਾ ਦਿੱਤਾ ਗਿਆ। ਹਿੰਦੂ ਧਰਮ ਸ਼ਾਸਤਰਾਂ ਵਿਚ ਸ਼ੂਦਰ ਅਤੇ ਇਸਤਰੀ ਨੂੰ ਪਾਪ ਯੋਨੀ ਮੰਨਿਆ ਗਿਆ।

ਸੰਤ-ਸਤਿਗੁਰੂ ਕਬੀਰ ਨੇ ਹਿੰਦੂ ਅਤੇ ਮੁਸਲਿਮ ਸਮਾਜ ਦੇ ਅਖੌਤੀ ਧਰਮ-ਅਚਾਰੀਆਂ ਅਤੇ ਮੁੱਲਾਂ-ਮੌਲਾਣਿਆਂ ਵੱਲੋਂ ਫੈਲਾਈ ਜਾ ਰਹੀ ਆਪਸੀ ਨਫ਼ਰਤ, ਵੈਰ-ਵਿਰੋਧ, ਈਰਖਾ, ਦੂਈ-ਦਵੈਤ, ਧਾਰਮਿਕ ਆਡੰਬਰ ਅਤੇ ਮਾਨਵ ਵਿਰੋਧੀ ਭ੍ਰਾਂਤੀਆਂ ਵਿਰੁੱਧ ਵਿਦਰੋਹ ਕੀਤਾ। ਇਨਕਲਾਬੀ ਬਾਗੀ ਜਾਂ ਵਿਦਰੋਹੀ ਉਹ ਹੁੰਦਾ ਹੈ ਜੋ ਸਥਾਪਤ ਮਾਨਵ ਵਿਰੋਧੀ ਵਿਵਸਥਾ ਵਿਰੁੱਧ ਬਗਾਵਤ ਕਰਕੇ ਇਕ ਨਵੀਂ ਸਮਾਜਿਕ, ਸਭਿਆਚਾਰਕ ਅਤੇ ਨੈਤਿਕ ਵਿਵਸਥਾ ਕਾਇਮ ਕਰਨ ਦਾ ਧਾਰਨੀ ਹੋਵੇ। ਸਤਿਗੁਰੂ ਕਬੀਰ ਨੇ ਹਿੰਦੂ ਅਤੇ ਮੁਸਲਮਾਨ ਦੋਹਾਂ ਸਮਾਜਾਂ ਨੂੰ ਇਨ੍ਹਾਂ ਦੇ ਕਰਮਕਾਂਡ, ਪਾਖੰਡਵਾਦ, ਅੰਧ-ਵਿਸ਼ਵਾਸ ਅਤੇ ਵਹਿਮ-ਭਰਮ ਸਦਕਾ ਤਕੜੇ ਹੱਥੀਂ ਲਿਆ। ਆਪ ਇਕ ਨਿਧੜਕ ਅਤੇ ਨਿਰਭੈ ਯੋਧੇ ਸਨ, ਜਿਹਨਾਂ ਅਖੌਤੀ ਧਰਮ ਅਚਾਰੀਆਂ ਵੱਲੋਂ ਮਨੁੱਖੀ ਦਮਨ ਅਤੇ ਅਪਮਾਨ ਵਿਰੁੱਧ ਰੋਹ ਭਰੀ ਆਵਾਜ਼ ਬੁਲੰਦ ਕੀਤੀ।



ਡਾ. ਜੀ. ਸੀ. ਕੌਲ
91-96432-23223

ਸ੍ਰੀਮਦ ਭਗਵਤ ਗੀਤਾ, ਮਨੂੰ ਸਿਮ੍ਰਿਤੀ ਸਮੇਤ ਹੋਰ ਅਨੇਕ ਸਿਮ੍ਰਿਤੀਆਂ ਅਤੇ ਹਿੰਦੂ ਸ਼ਾਸਤਰਾਂ ਵਿਚ ਵਰਣ ਵੰਡ ਕਾਇਮ ਕਰਕੇ ਬ੍ਰਾਹਮਣ ਨੂੰ ਸਭ ਤੋਂ ਸ੍ਰੇਸ਼ਟ ਦਰਜਾ ਪ੍ਰਦਾਨ ਕੀਤਾ ਗਿਆ, ਬੇਸ਼ੱਕ ਉਹ ਕੁਚੱਜਾ, ਕੁਲੱਛਣਾ, ਕੁਕਰਮੀ, ਕੁਰਹਿਤੀ ਅਤੇ ਕੁ-ਮਾਰਗੀ ਵੀ ਕਿਉਂ ਨਾ ਹੋਵੇ। ਹਜ਼ਾਰਾਂ ਸਾਲਾਂ ਤੋਂ ਉਸਨੂੰ ਇਹ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ। ਮੱਧਕਾਲ ਵਿਚ ਵੀ 'ਸ੍ਰੀ ਰਾਮਚਰਿਤ ਮਾਨਸ' ਦੇ ਲੇਖਕ ਵੱਲੋਂ ਬ੍ਰਾਹਮਣ ਦੀ ਇਸ ਕਥਿਤ ਉੱਚਤਾ ਉਪਰ ਪੱਕੀ ਮੋਹਰ ਲਾ ਕੇ ਉਸਦੇ ਵਿਸ਼ੇਸ਼ ਅਧਿਕਾਰਾਂ ਨੂੰ ਹਮੇਸ਼ਾ ਲਈ ਰਿਜ਼ਰਵ ਕਰ ਦਿੱਤਾ ਗਿਆ। ਸ੍ਰੀ ਤੁਲਸੀ ਦਾਸ ਲਿਖਦੇ ਹਨ:

ਪੂਜਿਏ ਵਿਪਰ ਸੀਲ ਗੁਣ ਹੀਨਾ
ਸ਼ੂਦਰ ਨ ਗੁਣ ਪ੍ਰਵਿਨਾ। (63/1)

'ਸ੍ਰੀ ਰਾਮ ਚਰਿਤ ਮਾਨਸ' ਦੇ ਲਿਖਾਰੀ ਦੀ ਇੰਨਾ ਲਿਖ ਕੇ ਵੀ ਤਸੱਲੀ ਨਹੀਂ ਹੋਈ, ਉਸਨੇ 'ਢੋਰ ਗੰਵਾਰ ਸ਼ੂਦਰ ਪਸ਼ੂ ਨਾਰੀ, ਸਕਲ ਤਾੜਨ ਕੇ ਅਧਿਕਾਰੀ' ਲਿਖ ਕੇ ਸ਼ੂਦਰ ਅਤੇ ਨਾਰੀ ਦਾ ਘੋਰ ਨਿਰਾਦਰ ਵੀ ਕੀਤਾ।

ਸਤਿਗੁਰੂ ਕਬੀਰ ਜੀ ਨੂੰ ਵਰਣ-ਵਿਵਸਥਾ ਤੋਂ ਪੀੜਤ ਸਮਾਜ ਦੀ ਦੁਰਦਸ਼ਾ ਦਾ ਭਰਪੂਰ ਅਹਿਸਾਸ ਸੀ। ਸਥਾਪਤ ਵਿਵਸਥਾ ਅਧੀਨ ਕਿਉਂਕਿ ਬ੍ਰਾਹਮਣ ਨੂੰ ਸ੍ਰੇਸ਼ਟ ਦਰਜਾ ਦਿੱਤਾ ਗਿਆ ਸੀ, ਇਸ ਲਈ ਆਪ ਦੇ ਰੋਹ ਦਾ ਸਭ ਤੋਂ ਪਹਿਲਾ ਨਿਸ਼ਾਨਾ ਬ੍ਰਾਹਮਣ ਹੀ ਬਣਦਾ ਹੈ। ਆਪ ਬਿਨਾਂ ਲਾਗ ਲਪੇਟ ਤੋਂ ਸਾਫ ਅਤੇ ਸਪਸ਼ਟ ਸ਼ਬਦਾਂ ਵਿਚ ਆਪਣਾ ਤਰਕ ਪ੍ਰਸਤੁਤ ਕਰਦੇ ਹੋਏ ਬ੍ਰਾਹਮਣ ਨੂੰ ਵੰਗਾਰਦੇ ਹੋਏ ਕਹਿੰਦੇ ਹਨ:

ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ
ਤਉ ਆਨ ਬਾਟ ਕਾਹੇ ਨਹੀ ਆਇਆ।
ਤੁਮ ਕਤ ਬ੍ਰਾਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧ।।
(ਆਦਿ ਗ੍ਰੰਥ ਪੰ. 324)

ਸੰਤ ਸਤਿਗੁਰੂ ਕਬੀਰ ਅਤੇ ਮਹਾਂ-ਮਾਨਵ ਸਤਿਗੁਰੂ ਰਵਿਦਾਸ ਜੀ ਮੱਧਕਾਲੀਨ ਸੰਤਮਤ ਵਿਚਾਰਧਾਰਾ ਅਤੇ ਇਨਕਲਾਬੀ ਅੰਦੋਲਨ ਦੇ ਦੋ ਅਜਿਹੇ ਅਨੁਭਵੀ ਮਾਰਗਦਰਸ਼ਕ ਸਨ, ਜਿਹਨਾਂ ਨੇ ਸਮਕਾਲੀਨ ਭਾਰਤੀ ਸਮਾਜ, ਭਾਰਤ ਦੀ ਦੁਖੀ, ਪੀੜਤ ਅਤੇ ਜ਼ੁਲਮਾਂ ਦੀ ਸ਼ਿਕਾਰ ਲਤਾੜੀ ਤੇ ਸਤਾਈ ਹੋਈ ਲੋਕਾਈ ਨੂੰ ਇਕ ਨਵਾਂ ਜੀਵਨ ਦਰਸ਼ਨ ਅਤੇ ਸੁਨੇਹਾ ਦਿੱਤਾ। ਦੋਹਾਂ ਮਹਾਂਪੁਰਸ਼ਾਂ ਨੇ ਇੱਥੋਂ ਦੀ ਨੈਤਿਕ ਵਾਗਡੋਰ ਆਪਣੇ ਹੱਥਾਂ ਵਿਚ ਲੈ ਕੇ ਪਦ-ਦਲਿਤ ਸਮਾਜ ਨੂੰ ਆਪਣੀਆਂ ਕਦਰਾਂ-ਕੀਮਤਾਂ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਏਕਤਾ ਪ੍ਰਤੀ ਚੇਤੰਨ ਕਰਕੇ ਪ੍ਰੋਹਿਤਵਾਦ ਤੋਂ ਮੁਕਤ ਹੋਣ ਦਾ ਨਵਾਂ ਮਾਰਗ ਦਰਸਾਇਆ। ਸਤਿਗੁਰੂ ਕਬੀਰ ਜੀ ਦਾ ਫੁਰਮਾਨ ਹੈ:

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ
ਕਉਨ ਭਲੇ ਕੋ ਮੰਦੇ।
(ਉਹੀ, ਪੰਨਾ 1349)

ਆਪ ਨੇ ਵੇਦਾਂ, ਸਿਮ੍ਰਿਤੀਆਂ ਤੇ ਸ਼ਾਸਤਰਾਂ ਦੁਆਰਾ ਸਥਾਪਤ ਵਰਣ ਆਸ਼ਰਮ ਧਰਮ ਵਿਚ ਬ੍ਰਾਹਮਣ ਦੇ ਸ੍ਰੇਸ਼ਟ ਦਰਜੇ ਨੂੰ ਵੀ ਵੰਗਾਰਿਆ। ਆਪਦਾ ਇਹ ਵਿਚਾਰ ਸ਼੍ਰਮਣ ਸੰਸਕ੍ਰਿਤੀ ਦੇ ਸੰਤਾਂ ਭਗਤਾਂ ਦੀ ਸ੍ਰੇਸ਼ਟਤਾ ਕਾਇਮ ਕਰਕੇ ਭਾਰਤੀ ਸਮਾਜ ਵਿਚ ਸਥਾਪਤ ਰੂੜ੍ਹੀਵਾਦੀ ਵਿਵਸਥਾ ਅਤੇ ਵੈਦਿਕ ਵਿਚਾਰਧਾਰਾ ਨੂੰ ਇਕ ਖੁੱਲ੍ਹਾ ਚੈਲੰਜ ਸੀ। ਆਪ ਕਹਿੰਦੇ ਹਨ:

ਕਬੀਰ ਬਾਮਨੁ ਗੁਰੂ ਹੈ ਜਗਤ ਕਾ
ਭਗਤਨ ਕਾ ਗੁਰੂ ਨਾਹਿ।।
ਅਰਝਿ ਉਰਝਿ ਕੈ ਪਚਿ ਮੂਆ
ਚਾਰਹੁ ਬੇਦਹੁ ਮਾਹਿ।।
(ਉਹੀ, ਪੰਨਾ 1377)

ਸਤਿਗੁਰੂ ਕਬੀਰ ਜੀ ਨੇ ਇਸ ਪ੍ਰੰਪਰਾ ਦਾ ਵੀ ਪੁਰਜ਼ੋਰ ਖੰਡਨ ਕੀਤਾ ਕਿ ਕਿਸੇ ਵਿਸ਼ੇਸ਼ ਪ੍ਰਕਾਰ ਦਾ ਪਹਿਰਾਵਾ ਜਾਂ ਭੇਖ ਧਾਰਨ ਕਰਕੇ ਹੀ ਮੋਕਸ਼ ਪ੍ਰਾਪਤ ਕੀਤਾ ਜਾ ਸਕਦਾ ਹੈ। ਅਜਿਹੇ ਵਿਅਕਤੀਆਂ ਉਪਰ ਜ਼ਬਰਦਸਤ ਕਟਾਂਖਸ਼ ਕਰਦਿਆਂ ਇਹਨਾਂ ਦੀ ਤੁਲਨਾ ਆਪ 'ਬਨਾਰਸ ਦੇ ਠੱਗਾਂ' ਨਾਲ ਕਰਦੇ ਹਨ:

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।।
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ।।
ਓਇ ਰਹਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।।
ਐਸੇ ਸੰਤ ਨ ਮੋ ਕਉ ਭਾਵਹਿ।।
(ਉਹੀ, ਪੰਨਾ 476)

ਦੁਨੀਆ ਨੂੰ ਤਿਆਗ ਕੇ ਜੰਗਲਾਂ, ਪਹਾੜਾਂ ਵਿਚ ਜਾ ਕੇ ਜਪ-ਤਪ ਕਰਨ, ਨਗਨ ਫਿਰਨ, ਵਰਤ ਰੱਖਣ, ਸ਼ਰਾਧ ਕਰਨ ਅਤੇ ਪੱਥਰ ਦੀਆਂ ਮੂਰਤੀਆਂ ਦੀ ਪੂਜਾ ਕਰਨ ਵਰਗੇ ਕਰਮਾਂ ਦਾ ਖੰਡਨ ਕਰਦਿਆਂ ਸਤਿਗੁਰੂ ਕਬੀਰ ਜੀ ਨੇ 'ਜੀਵਤ ਪਿਤਰ ਨ ਮਾਨੈ ਕੋਊ ਮੂਏ ਸਰਾਧ ਕਰਾਹੀ' (ਪੰਨਾ 332) ਅਤੇ ਇਸਲਾਮ ਧਰਮ ਵਿਚ 'ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ' (ਪੰਨਾ 477) ਕਹਿ ਕੇ ਵਿਅੰਗਾਤਮਕ ਤੇ ਤਰਕਸ਼ੀਲ ਢੰਗ ਨਾਲ ਅਜਿਹੇ ਬਾਹਰਮੁਖੀ ਕਰਮਕਾਂਡ ਦਾ ਜ਼ੋਰਦਾਰ ਵਿਰੋਧ ਕੀਤਾ:

(ੳ) ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ
ਜਾ ਕੈ ਰਿਦੈ ਭਾਉ ਹੈ ਦੂਜਾ।।

(ਅ) ਨਗਨ ਫਿਰਤ ਜੌ ਪਾਈਐ ਜੋਗੁ
ਬਨ ਕਾ ਮਿਰਗੁ ਮੁਕਤਿ ਸਭੁ ਰੋਗ।। (ਪੰਨਾ 324)

ਆਪ ਦਾ ਸਪਸ਼ਟ ਫੁਰਮਾਨ ਹੈ ਕਿ ਪੱਥਰ ਦੀਆਂ ਮੂਰਤੀਆਂ ਘੜ ਕੇ, ਇਨ੍ਹਾਂ ਪੱਥਰ ਦੇ ਬੁੱਤਾਂ ਦੀ ਪੂਜਾ, ਉਪਾਸਨਾ ਕਰਨ, ਆਰਤੀਆਂ ਉਤਾਰਨ ਅਤੇ ਇਸਲਾਮ ਧਰਮ ਵਿਚ ਬਾਹਰਮੁਖੀ ਸਾਧਨਾਂ ਅਧੀਨ ਸਿਰ ਨਿਵਾਉਣ ਵਰਗੇ ਕਰਮ ਮਨੁੱਖ ਨੂੰ ਮੁਕਤ ਨਹੀਂ ਕਰ ਸਕਦੇ। ਸਤਿਗੁਰੂ ਕਬੀਰ ਜੀ ਨੇ ਸਮੁੱਚੇ ਬਾਹਰਮੁਖੀ ਕਰਮਕਾਂਡਾਂ ਦਾ ਜ਼ੋਰਦਾਰ ਖੰਡਨ ਕੀਤਾ ਹੈ। ਮੋਕਸ਼ ਪ੍ਰਾਪਤੀ ਲਈ ਤੀਰਥਾਂ ਉਪਰ ਮੱਸਿਆ, ਪੁੰਨਿਆ, ਕੁੰਭ-ਕੁੰਭੀ ਜਾਂ ਕਿਸੇ ਵਿਸ਼ੇਸ਼ ਦਿਨ ਤੇ ਕੀਤੇ ਜਾਂਦੇ ਇਸ਼ਨਾਨ ਨੂੰ 'ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ' (ਪੰਨਾ 484) ਅਤੇ ਕੇਵਲ ਧਾਰਮਿਕ ਪੁਸਤਕਾਂ ਪੜ੍ਹਨ, ਪੜ੍ਹਾਉਣ ਅਥਵਾ ਪਾਠ ਕਰਨ, ਕਰਾਉਣ ਨੂੰ 'ਬੇਦ ਪੜੇ ਪੜਿ ਪੰਡਤ ਮੂਏ' (ਪੰਨਾ 654) ਕਹਿ ਕੇ ਇਸ ਰਵਾਇਤ ਨੂੰ ਵੀ ਨਕਾਰਿਆ ਹੈ। ਆਪ ਦਾ ਕਥਨ ਹੈ ਕਿ ਜੇਕਰ ਵਾਲ ਕਟਾਉਣ, ਘੋਨ-ਮੋਨ, ਰੁੰਡ-ਮੁੰਡ ਬਣਕੇ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਫਿਰ ਸਭ ਤੋਂ ਪਹਿਲਾਂ ਭੇਡਾਂ ਨੂੰ ਹੋਣੀ ਚਾਹੀਦੀ ਹੈ:

ਮੂਡ ਮੰਡਾਏ ਜੌ ਸਿਧਿ ਪਾਈ
ਮੁਕਤੀ ਭੇਡ ਨ ਗਈਆ ਕਾਈ।। (ਪੰਨਾ 324)

ਬੁਤ ਪੂਜਿ ਪੂਜਿ ਹਿੰਦੂ ਮੂਏ
ਤੁਰਕ ਮੂਏ ਸਿਰ ਨਾਈ। (ਪੰਨਾ 654)

ਸਤਿਗੁਰੂ ਕਬੀਰ ਜੀ ਨੇ ਵੇਦ, ਸਿਮ੍ਰਿਤੀਆਂ, ਖਟ ਦਰਸ਼ਨ ਤੇ ਸਿੱਧਾਂ ਦੁਆਰਾ ਪ੍ਰਭੂ ਪ੍ਰਾਪਤੀ ਲਈ ਦਰਸਾਏ ਕਰਮਕਾਂਡ ਨੂੰ ਨਕਾਰਿਆ ਹੈ। ਆਪ ਜੀ ਦੇ ਅਨੁਸਾਰ 'ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ' (ਪੰਨਾ 1375) ਮਨੁੱਖ ਨੂੰ ਸ਼ੰਕਿਆਂ ਵਿਚ ਪਾਉਂਦੇ ਹਨ। ਫਿਰ ਕਹਿੰਦੇ ਹਨ, 'ਸਨਕ ਸਨੰਦ ਅੰਤੁ ਨਹੀ ਪਾਇਆ ਬੇਦ ਪੜੇ ਪੜਿ ਬ੍ਰਹਮੇ ਜਨਮ ਗਵਾਇਆ' (ਪੰਨਾ 478) ਅਤੇ 'ਮੈਲਾ ਬ੍ਰਹਮਾ ਮੈਲਾ ਇੰਦ ਰਵਿ ਮੈਲਾ ਮੈਲਾ ਹੈ ਚੰਦ' (ਪੰਨਾ 1158), ਅਰਥਾਤ ਆਪ ਦਾ ਸਪਸ਼ਟ ਫੁਰਮਾਨ ਸੀ ਕਿ ਵੇਦਾਂ, ਪੁਰਾਣਾਂ, ਸਿਮ੍ਰਿਤੀਆਂ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਹਿੰਦੂ ਮਿਥਿਹਾਸ ਅਨੁਸਾਰ ਜੇਕਰ ਬ੍ਰਹਮਾ, ਉਸਦੇ ਮਾਨਸ ਪੁੱਤਰ ਸਨਕ, ਸਨੰਦ ਅਤੇ ਇੰਦਰ, ਸੂਰਜ, ਚੰਦਰਮਾ ਆਦਿ ਅਖੌਤੀ ਦੇਵਤਿਆਂ ਨੇ ਬਾਹਰਮੁਖੀ ਸਾਧਨਾਂ ਵਿਚ ਫਸ ਕੇ ਆਪਣਾ ਜਨਮ ਅਜਾਈਂ ਗੁਆ ਲਿਆ ਹੈ ਤਾਂ ਇਹ ਪਾਂਡੇ-ਪ੍ਰੋਹਿਤ ਦੁਨੀਆ ਰੂਪੀ ਭਵਸਾਗਰ ਵਿਚ ਡੁੱਬਣ ਤੋਂ ਕਿਵੇਂ ਬਚ ਸਕਦੇ ਹਨ:

ਬੇਦ ਪੁਰਾਨ ਸਿਮ੍ਰਿਤਿ ਸਭ ਖੋਜੈ
ਕਹੂ ਨ ਉਬਰਨਾ।। (ਪੰਨਾ 477)

ਤੂ ਬ੍ਰਹਮਨੁ ਮੈ ਕਾਸੀ ਕ ਜੁਲਹਾ
ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ।।
ਬੇਦ ਭਰੋਸੇ ਪਾਂਡੇ ਡੂਬਿ ਮਰਹਿ ਰਹਿ।।
(ਪੰਨਾ 970)

ਆਪ ਨੇ ਸਮਕਾਲੀਨ ਮੁੱਲਾਂ-ਮੌਲਾਣਿਆਂ ਦੇ ਫੋਕਟ ਕਰਮਾਂ ਦੇ ਚਿੱਤਰ ਨੂੰ ਵੀ ਬੜੀ ਬੇਬਾਕੀ ਨਾਲ ਆਪਣੀ ਬਾਣੀ ਵਿਚ ਉਲੀਕਿਆ ਹੈ। ਜਿੱਥੇ ਆਪ ਨੇ 'ਭ੍ਰਮ ਕੈ ਭਾਇ ਭਵੈ ਭੇਖਧਾਰੀ' (ਪੰਨਾ 856) ਅਤੇ 'ਬੈਠਤ ਉਠਤ ਕੁਟਿਲਤਾ ਚਾਲਹਿ' (ਪੰਨਾ 332) ਕਹਿ ਕੇ ਹਿੰਦੂ ਪਰੋਹਿਤਵਾਦ ਨੂੰ ਨੰਗਿਆਂ ਕੀਤਾ, ਉਥੇ 'ਬੂਝੀ ਨਹੀ ਕਾਜੀ ਅੰਧਿਆਰੈ' (ਪੰਨਾ 870) ਅਤੇ 'ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ' (ਪੰਨਾ 480) ਦੀ ਵੰਗਾਰ ਪਾ ਕੇ ਮੁਸਲਮਾਨ ਕਾਜੀ ਤੇ ਮੁੱਲਾਂ-ਮੌਲਾਣਿਆਂ ਨੂੰ ਵੀ ਲੰਮੇ ਹੱਥੀਂ ਲਿਆ ਹੈ। ਸਤਿਗੁਰੂ ਕਬੀਰ ਜੀ ਦੀ ਵਿਸ਼ੇਸ਼ਤਾ ਹੈ ਕਿ ਉਹਨਾਂ ਨੇ ਹਿੰਦੂ-ਮੁਸਲਮਾਨ ਧਰਮ ਸੰਸਥਾਵਾਂ ਉਪਰ ਕਾਬਜ਼ ਬ੍ਰਾਹਮਣਾਂ ਤੇ ਮੌਲਵੀਆਂ ਵੱਲੋਂ ਫੈਲਾਏ ਦੰਭ, ਪਾਖੰਡ ਅਤੇ ਭਰਮਜਾਲ ਨੂੰ ਨਿਸੰਗ ਹੋ ਕੇ ਬਿਆਨਿਆ ਹੈ। ਆਪ ਨੇ ਵੇਲੇ ਦੇ ਮੁੱਲਾਂ-ਮੌਲਾਣਿਆਂ ਨੂੰ ਵੰਗਾਰ ਅਤੇ ਝਾੜ ਪਾਈ ਕਿ ਇਸਲਾਮ ਤਾਂ ਹਰ ਪ੍ਰਾਣੀ ਵਿਚ ਇਕੋ ਨੂਰ ਦੀ ਗੱਲ ਕਰਦਾ ਹੈ, ਪ੍ਰੰਤੂ ਰੋਜ਼ੇ ਰੱਖਣ ਉਪਰੰਤ ਆਪਣੀ ਜੀਭ ਦੇ ਚਸਕੇ ਲਈ ਬੇਵੱਸ, ਮਾਸੂਮ ਤੇ ਆਪਣੇ ਤੋਂ ਕਮਜ਼ੋਰ ਪਸ਼ੂ-ਪੰਛੀਆਂ ਨੂੰ ਹਲਾਲ ਕਰਨ ਦੀ ਕੀ ਤੁੱਕ ਹੈ। ਆਪ ਨੇ ਜ਼ੋਰ-ਜ਼ਬਰਦਸਤੀ ਨਾਲ ਜਾਨਵਰਾਂ ਨੂੰ ਬੰਨ੍ਹ ਕੇ ਹਲਾਲ ਕੀਤੇ ਜਾਣ ਦੀ ਰੀਤ ਨੂੰ ਜ਼ੁਲਮ ਕਿਹਾ ਹੈ:

ਕਬੀਰ ਜੋਰੀ ਕੀਏ ਜੁਲਮੁ ਹੈ
ਕਹਤਾ ਨਾਉ ਹਲਾਲ।(ਪੰਨਾ 1374)

ਰੋਜਾ ਧਰੈ ਮਨਾਵੈ ਅਲਹੁ
ਸੁਆਦਤਿ ਜੀਅ ਸੰਘਾਰੈ। (ਪੰਨਾ 483)

ਜਉ ਸਭ ਮਹਿ ਏਕ ਖੁਦਾਇ ਕਹਿਤ ਹੋ
ਤਉ ਕਿਉ ਮੁਰਗੀ ਮਾਰੈ।। (ਪੰਨਾ 1350)

ਦਿਲ ਮਹਿ ਕਪਟੁ ਨਿਵਾਜ ਗੁਜਾਰੈ
ਕਿਆ ਹਜ ਕਾਬੈ ਜਾਇ। (ਪੰਨਾ 1349)

ਸਤਿਗੁਰੂ ਕਬੀਰ ਜੀ ਨੇ ਮੁੱਲਾਂ-ਮੌਲਾਣਿਆਂ ਅਤੇ ਪ੍ਰੋਹਿਤਵਾਦ ਵੱਲੋਂ ਵਹਿਮ, ਭਰਮ ਅਤੇ ਅੰਧ ਵਿਸ਼ਵਾਸ ਫੈਲਾ ਕੇ ਨਿੱਜੀ ਹਿੱਤਾਂ ਲਈ ਘੜੇ ਗਏ ਫਾਰਮੂਲਿਆਂ ਨੂੰ ਮੁੱਢੋਂ ਹੀ ਨਕਾਰਿਆ ਹੈ। ਵਾਸਤਵ ਵਿਚ ਹਿੰਦੂ ਧਰਮ-ਸ਼ਾਸਤਰਾਂ ਦੁਆਰਾ ਭਰਮ ਪੈਦਾ ਕਰਕੇ ਇਕ ਅਜਿਹਾ ਆਰਥਿਕ ਪ੍ਰਬੰਧ ਉਸਾਰਿਆ ਗਿਆ ਕਿ ਬ੍ਰਾਹਮਣ ਹਮੇਸ਼ਾਂ ਵਿਹਲਾ ਰਹਿ ਕੇ ਦੂਸਰਿਆਂ ਦੀ ਕਿਰਤ-ਕਮਾਈ ਤੇ ਸੁੱਖ ਭਰਿਆ ਜੀਵਨ ਬਤੀਤ ਕਰ ਸਕੇ। ਮਨੂੰ ਸਿਮ੍ਰਿਤੀ ਦਾ ਸਪਸ਼ਟ ਆਦੇਸ਼ ਹੈ ਕਿ 'ਇਸ ਸੰਸਾਰ ਵਚ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ। ਕਿਉਂਕਿ (ਉਹ) ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਝ ਗ੍ਰਹਿਣ ਤੇ ਦਾਨ ਕਰਨ ਦਾ ਅਧਿਕਾਰੀ ਹੈ।' (1/100) ਦੇਵੀ-ਦੇਵਤਿਆਂ ਦੀ ਸਿਰਜਣਾ, ਦਾਨ, ਇਸ਼ਨਾਨ, ਮੂਰਤੀ ਪੂਜਾ, ਆਰਤੀ-ਸ਼ਰਾਧ ਅਥਵਾ ਪਿਤਰ ਪੂਜਾ, ਜਨਮ, ਵਿਆਹ ਤੇ ਮੌਤ ਸਬੰਧੀ ਅਨੇਕ ਸੰਸਕਾਰ, ਜਾਨਵਰਾਂ, ਪਸ਼ੂ, ਪੰਛੀਆਂ ਤੇ ਬ੍ਰਿਛਾਂ ਦੀ ਪੂਜਾ, ਬਹੁਭਾਂਤੀ ਤਿਥ-ਤਿਉਹਾਰ, ਜਾਤਾਂ-ਗੋਤਾਂ ਵਿਚ ਉਲਝਾਈ ਰੱਖਣ ਦੀ ਨੀਤੀ ਬ੍ਰਾਹਮਣਾਂ ਦੇ ਸ਼ਾਸਤਰ ਦਿਮਾਗ ਦੀਆਂ ਕਾਢਾਂ ਹਨ। ਮਰਦ ਪ੍ਰਧਾਨ ਸਮਾਜ ਦੀ ਪ੍ਰਭੂਸੱਤਾ ਨੂੰ ਕਾਇਮ ਰੱਖਣ ਅਤੇ ਇਸਤਰੀ ਨੂੰ ਮਾਨਸਿਕ ਤੌਰ ਤੇ ਕਮਜ਼ੋਰ 'ਤੇ ਗੁਲਾਮ ਬਣਾਈ ਰੱਖਣ ਲਈ ਵਰਤ ਰੱਖਣ ਦੀ ਪ੍ਰਥਾ ਦਾ ਆਡੰਬਰ ਰਚਿਆ ਗਿਆ ਹੈ। ਪਰ ਸਤਿਗੁਰੂ ਕਬੀਰ ਜੀ ਨੇ ਇਸਤਰੀਆਂ ਵਿਚ ਵਿਭਿੰਨ ਪ੍ਰਕਾਰ ਦੇ ਵਰਤ ਰੱਖਣ ਦਾ ਪੁਰਜ਼ੋਰ ਖੰਡਨ ਕੀਤਾ ਹੈ:

ਕਬੀਰ ਹਰਿ ਕਾ ਸਿਮਰਨ ਛਾਡਿ ਕੈ
ਅਹੋਈ ਰਾਖੈ ਨਾਰਿ।।
ਗਦਹੀ ਹੋਇ ਕੈ ਅਉਤਰੈ
ਭਾਰੁ ਸਹੈ ਮਨ ਚਾਰਿ।। (ਪੰਨਾ 1370)

ਛੋਡਹਿ ਅੰਨੁ ਕਰਹਿ ਪਾਖੰਡ
ਨਾ ਸੋਹਾਗਨਿ ਨਾ ਓਹਿ ਰੰਡ।। (ਪੰਨਾ 873)

ਆਪ ਨੇ ਸੁਚੱਜਾ ਸਮਾਜ ਸਿਰਜਣ ਦੀ ਪ੍ਰਕਿਰਿਆ ਅਧੀਨ ਮਨੁੱਖ ਨੂੰ ਸੰਵੇਦਨਸ਼ੀਲ ਹੋਣ ਦੀ ਸਿੱਖਿਆ ਦਿੱਤੀ। ਦੂਸਰੇ ਦੀ ਪੀੜਾ ਦਾ ਅਹਿਸਾਸ 'ਲਾਗੀ ਹੋਇ ਸੁ ਜਾਨੈ ਪੀਰ'' (ਪੰਨਾ 327) ਅਤੇ ਮਨੁੱਖੀ ਦੁੱਖ-ਦਰਦ ਤੇ ਪੀੜਾ ਵੰਡਾਉਣ ਦੀ ਭਾਵਨਾ ਨੂੰ 'ਲੋਗੁ ਮਰਮ ਕਹ ਜਾਨੈ ਮੋਰਾ' (ਪੰਨਾ 1158) ਕਹਿ ਕੇ ਸੰਚਾਰਿਤ ਕੀਤਾ। ਆਪ ਇਕ ਸੱਚੇ-ਸੁੱਚੇ ਕਰਮਯੋਗੀ ਸਨ। ਉਹਨਾਂ ਨੇ ਖੁਦ ਕਿਰਤ ਕੀਤੀ ਅਤੇ ਸਮਾਜ ਲਈ ਰੋਲ ਮਾਡਲ ਬਣੇ। ਆਪ ਨੇ 'ਸੁਕ੍ਰਿਤ ਕਰਿ ਕਰਿ ਲੀਜੈ ਰੇ ਮਨ' (ਪੰਨਾ 479) ਦੇ ਕਥਨ ਦੁਆਰਾ ਮਨੁੱਖੀ ਸਮਾਜ ਲਈ ਸੱਚੀ-ਸੁੱਚੀ ਕਿਰਤ ਕਰਨ ਦਾ ਆਦਰਸ਼ ਸਥਾਪਤ ਕੀਤਾ।

ਸਤਿਗੁਰੂ ਕਬੀਰ ਜੀ ਨੇ ਸਮਾਨਤਾ ਆਧਾਰਿਤ ਮਾਨਵਵਾਦੀ ਭਾਰਤੀ ਸਮਾਜ ਦੀ ਸਥਾਪਤੀ ਲਈ ਸਵਾਰਥਵਾਦੀ ਅਤੇ ਪਦਾਰਥਵਾਦੀ ਰੁਚੀ ਅਧੀਨ ਦੂਸਰਿਆਂ ਉਪਰ ਜ਼ੁਲਮ ਕਰਨ ਦਾ ਵਿਰੋਧ ਕੀਤਾ। ਆਪ ਨੇ 'ਲੋਭ ਮੋਹ ਸਭ ਬੀਸਰਿ ਜਾਹੁ' (ਪੰਨਾ 343)'ਧਰਮ ਦਇਆ ਕਰ ਬਾੜੀ' (ਪੰਨਾ 969) ਅਤੇ 'ਮਨ ਮੇਰੇ ਭੂਲੇ ਕਪਟੁ ਨ ਕੀਜੈ' (ਪੰਨਾ 656), ਦਾ ਉਪਦੇਸ਼ ਦੇ ਕੇ ਸੁਚੱਜਾ ਮਨੁੱਖ ਬਣਨ ਦੀ ਪ੍ਰੇਰਨਾ ਦਿੱਤੀ। ਆਪ ਦਾ ਸਪਸ਼ਟ ਮੱਤ ਸੀ ਕਿ ਗਰੀਬਾਂ, ਨਿਮਾਣਿਆਂ, ਨਿਤਾਣਿਆਂ ਲਈ ਸੰਘਰਸ਼ ਤੇ ਯੁੱਧ ਕਰਨ ਅਤੇ ਕੁਰਬਾਨੀ ਦੇਣ ਵਾਲਾ ਮਨੁੱਖ ਹੀ ਵਾਸਤਵ ਵਿਚ ਸੂਰਬੀਰ, ਬਹਾਦਰ ਤੇ ਯੋਧਾ ਹੈ;

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ।।
ਪੁਰਜਾ ਪਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ।। (ਪੰਨਾ 1105)

ਅਜੋਕੇ ਭਾਰਤ ਸਮਾਜ ਵਿਚ ਵੀ ਪ੍ਰੋਹਿਤਵਾਦ ਅਤੇ ਰੂੜੀਵਾਦ ਨੇ ਵਹਿਮਾਂ-ਭਰਮਾਂ, ਛੱਲ-ਕਪਟ, ਅੰਧ-ਵਿਸ਼ਵਾਸਾਂ ਅਤੇ ਪਾਖੰਡਵਾਦ ਦਾ ਅਜਿਹਾ ਆਡੰਬਰ ਰਚਿਆ ਹੋਇਆ ਹੈ ਕਿ ਭਾਰਤੀ ਇਸ ਭਰਮਜਾਲ ਵਿਚ ਬੁਰੀ ਤਰ੍ਹਾਂ ਉਲਝ ਕੇ ਰਾਸ਼ਟਰੀ ਏਕਤਾ ਨੂੰ ਜਬਰਦਸਤ ਢਾਹ ਲਾ ਰਹੇ ਹਨ। ਸਤਿਗੁਰੂ ਕਬੀਰ ਜੀ ਨੇ ਆਪਣੀ ਬਾਣੀ ਵਿਚ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ ਹੈ:

ਹਮਰਾ ਝਗਰਾ ਰਹਾ ਨ ਕੋਊ
ਪੰਡਿਤ ਮੁਲਾਂ ਛਾਡੇ ਦੋਊ।। (ਪੰਨ 1159)
ਬੇਦ ਕਤੇਬ ਤੇ ਰਹਹਿ ਨਿਰਾਰਾ।।
(ਪੰਨਾ 329)

ਸਤਿਗੁਰੂ ਕਬੀਰ ਜੀ ਨੇ ਮਾਨਵ ਧਰਮ ਸਮਾਜ ਕਾਇਮ ਕਰਨ ਲਈ ਛਲ-ਕਪਟ, ਪਾਖੰਡਵਾਦ ਅਤੇ ਫਿਰਕਾਪ੍ਰਸਤੀ ਅਰਥਾਤ ਧਾਰਮਿਕ ਕੱਟੜਤਾ ਦਾ ਵਿਰੋਧ ਕੀਤਾ। ਅੱਜ ਜਦੋਂ ਤੱਤਕਾਲੀਨ ਭਾਰਤੀ ਜੀਵਨ ਵਿਚ 'ਬੈਠਤ ਉਠਤ ਕੁਟਿਲਤਾ ਚਾਲਹਿ' (ਪੰਨਾ 332) ਦੇ ਮਹਾਂਵਾਕ ਅਨੁਸਾਰ ਭ੍ਰਿਸ਼ਟਾਚਾਰ, ਬੇਈਮਾਨੀ, ਧੋਖਾ, ਠੱਗੀ, ਚਰਿੱਤਰਹੀਣਤਾ, ਅਸਹਿਣਸ਼ੀਲਤਾ ਅਤੇ ਅਨੇਕ ਪ੍ਰਕਾਰ ਦੀਆਂ ਕੁਰੀਤੀਆਂ ਹਾਵੀ ਹੋ ਰਹੀਆਂ ਹਨ, ਸਤਿਗੁਰੂ ਕਬੀਰ ਜੀ ਦੀ ਇਨਕਲਾਬੀ ਵਿਚਾਰਧਾਰਾ ਦੀ ਮਹੱਤਤਾ ਤੇ ਸਾਰਥਿਕਤਾ ਹੋਰ ਵੀ ਵੱਧ ਜਾਂਦੀ ਹੈ। ਆਪ ਜੀ ਦੁਆਰਾ ਦਰਸਾਏ ਮਾਰਗ ਉਪਰ ਵਾਸਤਵਿਕ ਰੂਪ ਵਿਚ ਚੱਲਕੇ, ਆਪ ਜੀ ਵੱਲੋਂ ਨਿਰਧਾਰਿਤ ਜੀਵਨ ਦਰਸ਼ਨ, ਜੀਵਨ ਮੁੱਲਾਂ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਅਮਲੀ ਤੌਰ 'ਤੇ ਪ੍ਰੈਕਟਿਸ ਵਿਚ ਲਿਆ ਕੇ ਹੀ ਅਸੀਂ ਇਕ ਵਧੀਆ ਖੁਸ਼ਹਾਲ ਅਤੇ ਸਮਾਨਤਾ ਆਧਾਰਿਤ ਭਾਈਚਾਰਕ ਏਕਤਾ ਵਾਲੇ ਕਲਿਆਣਕਾਰੀ ਭਾਰਤੀ ਸਮਾਜ ਦੀ ਸਥਾਪਨਾ/ਸਿਰਜਣਾ ਕਰ ਸਕਦੇ ਹਾਂ ਜੋ ਭਾਰਤੀ ਲੋਕਤੰਤਰ ਦਾ ਸਹੀ ਅਰਥਾਂ ਵਿਚ ਇਕ ਪ੍ਰਭਾਵਸ਼ਾਲੀ ਸਿਧਾਂਤਕ ਤੇ ਸਾਕਾਰ ਮਾਡਲ ਹੋਵੇਗਾ।

-----




## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
For Sale In Stockton
All Equipment & Fixtures Included
Listing Price: $149,900




**Smoke Shop for Sale in Sacramento**
Monthly Gross Sales: $50K
Listing Price: $89,000




**Gas Station, Liquor Store, Deli, & Laundromat!**
In Contra Costa County, CA
Listing Price: $1,200,000




**Auto Repair & Lube Shop**
Lot Size: 2000, Rent is ONLY $1500/mo.
Listing Price to $149,000
Sacramento, CA




**Liquor Store for Sale in Santa Clara**
Monthly Gross Sale: $90K
Listing Price: $649,000 plus Inventory




**Subway**
for Sale in Sacramento
Listing Price: $224,900




**Indian Restaurant**
for Sale in Sacramento
Listing Price: $149,000




**Coffee Shop for Sale**
Monthly Gross Sales: $25,000
Listing Price: $150,000




**7Eleven**
7 Eleven Store For Sale in Antioch, CA
Listing Price: $550,000




**3 Bedroom 1 Bath Home on**
10 Acre Lot
Listing Price: $1,500,000




Elite Real Estate
Home Services
**BERKSHIRE HATHAWAY**




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

## OFFICE: 7412 ELSIE AVE., SACRAMENTO, CA 95828

### ਵਾਤਾਵਰਨ ਦਿਵਸ ਉੱਤੇ ਵਿਸ਼ੇਸ਼

# ਵਾਤਾਵਰਨ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ



ਡਾ. ਗੁਰਿੰਦਰ ਕੌਰ
001-408-493-9776

ਹਰ ਸਾਲ 5 ਜੂਨ ਨੂੰ ਦੁਨੀਆਂ ਦੇ ਸਾਰੇ ਦੇਸ 1972 ਵਿਚ ਕੁਦਰਤੀ ਵਾਤਾਵਰਨ ਨੂੰ ਬਚਾਉਣ ਅਤੇ ਸਾਫ਼-ਸੁਥਰਾ ਰੱਖਣ ਲਈ ਸਵੀਡਨ ਦੇ ਸ਼ਹਿਰ ਸਟਾਕਹੋਲਮ ਵਿਚ ਅੰਤਰਰਾਸ਼ਟਰੀ ਪੱਧਰ ਉੱਤੇ ਹੋਈ ਕਾਨਫਰੰਸ ਤੋਂ ਬਾਅਦ ਅਖੌਤੀ ਤੌਰ ਉੱਤੇ ਵਾਤਾਵਰਨ ਦਿਵਸ ਮਨਾਉਂਦੇ ਹਨ ਜਾਂ ਭਰਪੂਰ ਦਿਖਾਵੇ ਨਾਲ ਮਨਾਉਣ ਦੀ ਕੋਸ਼ਿਸ਼ ਕਰਦੇ ਦਿਖਾਈ ਵੀ ਦਿੰਦੇ ਹਨ ਕਿਉਂਕਿ ਅਸਲ ਵਿਚ ਤਾਂ ਅਸੀਂ ਕੁਦਰਤੀ ਵਾਤਾਵਰਨ ਨੂੰ ਬਚਾਉਣ ਅਤੇ ਉਸ ਨੂੰ ਸਾਫ਼-ਸੁਥਰਾ ਰੱਖਣ ਲਈ ਕੁਝ ਵੀ ਨਹੀਂ ਕਰ ਰਹੇ ਹਾਂ। ਇਸ ਸਾਲ ਦਾ ਵਾਤਾਵਰਨ ਦਿਵਸ ਪਹਿਲਾਂ ਮਨਾਏ ਜਾ ਰਹੇ ਵਾਤਾਵਰਨ ਦਿਵਸਾਂ ਦੇ ਮੁਕਾਬਲੇ ਕੁਦਰਤੀ ਵਾਤਾਵਰਨ ਦੀ ਅਣਦੇਖੀ ਕਰਨ ਕਾਰਨ ਕਰੋਨਾਵਾਇਰਸ ਕਾਰਨ ਆਈ ਮਹਾਂਮਾਰੀ ਦੇ ਰੂਪ ਵਿਚ ਸਾਰੀ ਦੁਨੀਆਂ ਦੇ ਦੇਸਾਂ ਨੂੰ ਇਕ ਵਿਲੱਖਣ ਅਤੇ ਸਬਕ ਸਿਖਾਉਣਯੋਗ ਸੁਨੇਹਾ ਲੈ ਕੇ ਆਇਆ ਹੈ ਕਿ ਮਨੁੱਖਾਂ ਲਈ ਹਾਲੇ ਵੀ ਸਮਾਂ ਹੈ ਕਿ ਉਹ ਕੁਦਰਤੀ ਵਾਤਾਵਰਨ ਅਤੇ ਹਰ ਤਰ੍ਹਾਂ ਦੇ ਜੈਵਿਕਾਂ ਸਮੇਤ ਕੁਦਰਤੀ ਸਰੋਤਾਂ ਦੀ ਸੁਚੱਜੇ ਤਰੀਕੇ ਨਾਲ ਸੰਭਾਲ ਕਰਨ ਅਤੇ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਦੇਣ, ਨਹੀਂ ਤਾਂ ਕੁਦਰਤ ਦਾ ਪ੍ਰਬੰਧਕੀ ਸਿਸਟਮ ਇਸ ਨੂੰ ਆਪਣੇ ਆਪ ਦਰੁਸਤ ਕਰ ਲਵੇਗਾ। ਭਾਵੇਂ ਉਸ ਤੋਂ ਮਨੁੱਖਾਂ ਨੂੰ ਕਿਸੇ ਤਰ੍ਹਾਂ ਦਾ ਅਤੇ ਕਿਨ੍ਹਾਂ ਵੀ ਨੁਕਸਾਨ ਪਹੁੰਚੇ।

ਹੁਣ ਤੋਂ ਛੇ ਦਹਾਕੇ ਪਹਿਲਾਂ ਦੁਨੀਆਂ ਦੇ ਲਗਭਗ ਸਾਰੇ ਵਿਕਸਿਤ ਦੇਸ ਖ਼ਾਸ ਕਰਕੇ ਇੰਗਲੈਂਡ, ਫ਼ਰਾਂਸ, ਜਰਮਨੀ, ਸਵੀਡਨ, ਨੀਦਰਲੈਂਡ, ਫ਼ਿਨਲੈਂਡ, ਅਮਰੀਕਾ, ਕੈਨੇਡਾ ਆਦਿ ਉਦਯੋਗਿਕ ਇਨਕਲਾਬ ਤੋਂ ਬਾਅਦ ਪੈਦਾ ਹੋਏ ਪ੍ਰਦੂਸ਼ਣ ਵਿਚ ਬੁਰੀ ਤਰ੍ਹਾਂ ਜਕੜੇ ਹੋਏ ਸਨ। ਇਨ੍ਹਾਂ ਦੇਸਾਂ ਦੇ ਦਰਿਆਵਾਂ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਆ ਸੀ ਜਿਸ ਨਾਲ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਫੈਲ ਰਹੀਆਂ ਸਨ। ਲੰਡਨ ਦੇ ਪ੍ਰਸਿੱਧ ਦਰਿਆ ਥੇਮਜ਼ ਦਾ ਪਾਣੀ ਇੰਨਾ ਗੰਦਾ ਹੋ ਚੁੱਕਿਆ ਸੀ ਕਿ ਉਸ ਗੰਦੇ ਪਾਣੀ ਨੂੰ ਸਿਆਹੀ ਦੇ ਤੌਰ ਉੱਤੇ ਵਰਤ ਕੇ ਲੋਕਾਂ ਨੇ ਸਰਕਾਰ ਨੂੰ ਦਰਿਆ ਦੇ ਪਾਣੀ ਨੂੰ ਸਾਫ਼ ਕਰਵਾਉਣ ਲਈ ਸ਼ਿਕਾਇਤ ਕੀਤੀ ਸੀ। ਇਸ ਤੋਂ ਇਲਾਵਾ ਇੰਗਲੈਂਡ ਦੇ ਇਸ ਸ਼ਹਿਰ ਨੇ ਉਨ੍ਹਾਂ ਸਮਿਆਂ ਵਿਚ ਹਵਾ ਦੇ ਪ੍ਰਦੂਸ਼ਣ ਦੀ ਵੀ ਕਾਫ਼ੀ ਮਾਰ ਹੰਢਾਈ ਸੀ। 1952 ਵਿਚ ਉਦਯੋਗਾਂ ਵਿਚ ਕੋਲੇ ਦੀ ਵਰਤੋਂ ਕਰਨ ਕਾਰਨ ਵਾਤਾਵਰਨ ਵਿਚ ਭਾਰੀ ਮਾਤਰਾ ਵਿਚ ਬਾਲਣ ਦੇ ਅੱਧਜਲੇ ਧੂੰਏਂ ਅਤੇ ਧੂੜ ਦੇ ਕਣਾਂ ਦੀ ਮੌਜੂਦਗੀ ਕਾਰਨ ਧੂੰਆਂਖੀ-ਧੁੰਦ (ਜੋ ਹਵਾ ਦਾ ਸੱਭ ਤੋਂ ਖ਼ਤਰਨਾਕ ਪ੍ਰਦੂਸ਼ਣ ਹੈ) ਦੇ ਪ੍ਰਦੂਸ਼ਣ ਕਾਰਨ ਇੰਗਲੈਂਡ ਵਿੱਚ ਸਾਹ ਘੁਟਣ ਨਾਲ 4000 ਲੋਕ ਇਕ ਹਫ਼ਤੇ ਵਿਚ ਅਤੇ 8000 ਲੋਕ ਇਸ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਕਾਰਨ ਅਗਲੇ ਦੋ ਮਹੀਨਿਆਂ ਵਿਚ ਮਰ ਗਏ ਸਨ। ਇਸੇ ਤਰ੍ਹਾਂ ਯੂਰਪ ਦੇ ਕਈ ਹੋਰ ਦੇਸ ਵੀ ਇਸ ਸਮੇਂ ਦੌਰਾਨ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦਾ ਸੰਤਾਪ ਝੱਲ ਰਹੇ ਸਨ।

ਅਮਰੀਕਾ ਅਤੇ ਕੈਨੇਡਾ ਵੀ ਉਨ੍ਹਾਂ ਦਿਨਾਂ ਵਿਚ ਉਦਯੋਗੀਕਰਨ ਤੋਂ ਪੈਦਾ ਹੋਏ ਪ੍ਰਦੂਸ਼ਣ ਕਾਰਨ ਤੇਜ਼ਾਬੀ ਵਰਖਾ, ਧੂੰਆਂਖੀ-ਧੁੰਦ ਅਤੇ ਪਾਣੀ ਦੇ ਪ੍ਰਦੂਸ਼ਣ ਦੇ ਕਹਿਰ ਦੀ ਮਾਰ ਝੱਲ ਰਹੇ ਸਨ। ਸਾਰੇ ਵਿਕਸਿਤ ਦੇਸ ਜਦੋਂ ਹਰ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਬੁਰੀ ਤਰ੍ਹਾਂ ਤੰਗ ਆਏ ਹੋਏ ਸਨ ਉਦੋਂ ਦੇ ਸਵੀਡਨ ਦੇ ਪ੍ਰਧਾਨ ਮੰਤਰੀ ਓਲਫ਼ ਪਾਲਮੇ ਨੇ ਸੰਯੁਕਤ ਰਾਸ਼ਟਰ ਨੂੰ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਨ ਮੁਹਈਆ ਕਰਵਾਉਣ ਵਾਸਤੇ ਅਤੇ ਪ੍ਰਦੂਸ਼ਣ ਤੋਂ ਬਚਾਉਣ ਲਈ ਅੰਤਰਰਾਸ਼ਟਰੀ ਪੱਧਰ ਉੱਤੇ ਉਪਰਾਲੇ ਕਰਨ ਦਾ ਸੁਝਾਅ ਦਿੱਤਾ ਸੀ। ਉਨ੍ਹਾਂ ਦੇ ਸੁਝਾਅ ਉੱਤੇ ਅਮਲ ਕਰਦਿਆਂ 1969 ਵਿਚ ਵਾਤਾਵਰਨ ਸੰਬੰਧੀ ਅੰਤਰ-ਰਾਸ਼ਟਰੀ ਪੱਧਰ ਉੱਤੇ ਕਾਨਫਰੰਸ ਕਰਵਾਉਣ ਦੀ ਵਿਉਂਤ ਬਣਾਈ ਗਈ ਅਤੇ ਇਸ ਸੰਬੰਧ ਵਿਚ ਤਿੰਨ ਸਾਲ ਬਾਅਦ 1972 ਵਿਚ ਸਵੀਡਨ ਦੇ ਸ਼ਹਿਰ ਸਟਾਕਹੋਲਮ ਵਿਚ 5 ਤੋਂ ਲੈ ਕੇ 16 ਜੂਨ ਤੱਕ ਇਕ ਕਾਨਫਰੰਸ ਹੋਈ ਜਿਸ ਨੂੰ ਸਟਾਕਹੋਲਮ ਕਾਨਫਰੰਸKਹਿਊਮਨ ਡਿਵੈਲਪਮੈਂਟ ਕਾਨਫਰੰਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਕਾਨਫਰੰਸ ਵਿਚ 119 ਦੇਸਾਂ ਦੇ ਨੁਮਾਇੰਦਿਆਂ ਅਤੇ 400 ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨੇ ਭਾਗ ਲਿਆ ਸੀ। ਵਾਤਾਵਰਨ ਸਾਂਭ-ਸੰਭਾਲ ਸੰਬੰਧੀ ਇਹ ਪਹਿਲੀ ਅੰਤਰਰਾਸ਼ਟਰੀ ਕਾਨਫਰੰਸ ਸੀ ਜਿਸ ਕਰਕੇ ਉਸ ਤੋਂ ਬਾਅਦ ਹਰ ਸਾਲ 5 ਜੂਨ ਨੂੰ ਦੁਨੀਆਂ ਦੇ ਸਾਰੇ ਦੇਸਾਂ ਵਿਚ ਵਾਤਾਵਰਨ ਦਿਵਸ ਮਨਾਇਆ ਜਾਣ ਲਗਿਆ।

ਇਸ ਕਾਨਫਰੰਸ ਵਿਚ ਵਾਤਾਵਰਨ ਦੀ ਸਾਂਭ-ਸੰਭਾਲ ਸੰਬੰਧੀ ਕਈ ਅਹਿਮ ਨੁਕਤਿਆਂ ਉੱਤੇ ਚਰਚਾ ਹੋਈ ਅਤੇ ਅੰਤ ਵਿਚ 26 ਨੁਕਤਿਆਂ ਉੱਤੇ ਸਾਰੇ ਦੇਸਾਂ ਨੇ ਰਜ਼ਾਮੰਦੀ ਜ਼ਾਹਿਰ ਕੀਤੀ ਜਿਨ੍ਹਾਂ ਵਿੱਚੋਂ ਕੁਝ ਮੁੱਖ ਨੁਕਤੇ ਇਸ ਤਰ੍ਹਾਂ ਹਨ: ਕਿਸੇ ਵੀ ਦੇਸ ਦੇ ਆਰਥਿਕ ਵਿਕਾਸ ਸਮੇਂ ਉੱਥੋਂ ਦੇ ਮਨੁੱਖਾਂ ਦੇ ਰਹਿਣ ਲਈ ਸਾਫ਼-ਸੁਥਰਾ ਵਾਤਾਵਰਨ ਹੋਣਾ ਜ਼ਰੂਰੀ ਹੈ। ਨਵਿਆਉਣਯੋਗ ਅਤੇ ਗ਼ੈਰ-ਨਵਿਆਉਣਯੋਗ ਦੋਹਾਂ ਤਰ੍ਹਾਂ ਦੇ ਕੁਦਰਤੀ ਸਾਧਨਾਂ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਵੇ ਜਿਸ ਨਾਲ ਵਰਤਮਾਨ ਜਨਸੰਖਿਆ ਦੀਆਂ ਲੋੜਾਂ ਨੂੰ ਪੂਰਾ ਕਰਦਿਆਂ ਹੋਇਆਂ ਭਵਿੱਖਤ ਜਨਸੰਖਿਆ ਦੀਆਂ ਲੋੜਾਂ ਵੀ ਸੁਖਾਲਿਆਂ ਪੂਰੀਆਂ ਹੋ ਜਾਣ। ਹਵਾ, ਪਾਣੀ, ਧਰਤੀ, ਬਨਸਪਤੀ ਅਤੇ ਹਰ ਪ੍ਰਕਾਰ ਦੇ ਜੀਵ-ਜੰਤੂਆਂ ਦੀ ਉੱਚਿਤ ਤਰੀਕੇ ਨਾਲ ਸਾਂਭ-ਸੰਭਾਲ ਕਰਨ ਲਈ ਕਮੇਟੀਆਂ ਬਣਾਈਆਂ ਜਾਣ। ਸਮੁੰਦਰਾਂ ਦੇ ਨਾਲ ਨਾਲ ਅਤੇ ਹਰ ਤਰ੍ਹਾਂ ਦੇ ਪਾਣੀ ਦੇ ਸਰੋਤਾਂ ਨੂੰ ਕੂੜੇਦਾਨਾਂ ਦੇ ਤੌਰ ਉੱਤੇ ਨਾ ਵਰਤਿਆ ਜਾਵੇ, ਸਗੋਂ ਉਨ੍ਹਾਂ ਦੀ ਸਾਂਭ-ਸੰਭਾਲ ਅਤੇ ਰੱਖ-ਰਖਾਅ ਲਈ ਨਿਯਮ ਬਣਾ ਕੇ ਸਭ ਤਰ੍ਹਾਂ ਦੇ ਜਲ ਸਰੋਤਾਂ ਅਤੇ ਸਮੁੰਦਰੀ ਜੀਵ-ਜੰਤੂਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਵਿਕਸਿਤ ਦੇਸ ਆਰਥਿਕ ਵਿਕਾਸ ਦੇ ਮੁੱਦੇ ਉੱਤੇ ਵਿਕਸਿਤ ਹੋ ਰਹੇ ਦੇਸਾਂ ਦੀ ਸਮੇਂ ਸਮੇਂ ਸਿਰ ਲੋੜ ਅਨੁਸਾਰ ਮਦਦ ਕਰਨ। ਆਰਥਿਕ ਵਿਕਾਸ ਲਈ ਵਿਗਿਆਨ ਅਤੇ ਤਕਨੀਕੀ ਗਿਆਨ ਨੂੰ ਵਾਤਾਵਰਨ ਦੀ ਸੁਰੱਖਿਆ ਲਈ ਵਰਤਣ ਲਈ ਵੀ ਕਿਹਾ ਗਿਆ ਸੀ। ਇਸ ਦੇ ਨਾਲ ਨਾਲ ਸਥਾਨਿਕ ਪੱਧਰ ਤੋਂ ਲੈ ਕੇ ਰਾਸ਼ਟਰੀ ਪੱਧਰ ਤੱਕ ਦੀਆਂ ਪ੍ਰਸ਼ਾਸ਼ਿਕੀ ਸੰਸਥਾਵਾਂ ਆਪਣੇ ਅਧਿਕਾਰ ਖੇਤਰਾਂ ਵਿਚ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਜ਼ਗੁਜ਼ਾਰੀਆਂ ਨਾ ਹੋਣ ਦੇਣ ਦੀ ਜ਼ਿੰਮੇਵਾਰੀ ਲੈਣ ਅਤੇ ਵਾਤਾਵਰਨ ਦੀ ਸਾਂਭ-ਸੰਭਾਲ ਲਈ ਬੱਚਿਆਂ ਅਤੇ ਨੌਜੁਆਨਾਂ ਨੂੰ ਸਿਖਿਅਤ ਕਰਨ ਲਈ ਵੀ ਜ਼ੋਰ ਦਿੱਤਾ ਗਿਆ ਸੀ ਤਾਂਕਿ ਆਉਣ ਵਾਲੇ ਸਮੇਂ ਵਿਚ ਉਹ ਵਾਤਾਵਰਨ ਨੂੰ ਖ਼ਰਾਬ ਹੋਣ ਤੋਂ ਬਚਾ ਸਕਣ।



ਭਾਵੇਂ ਅੰਤਰਰਾਸ਼ਟਰੀ ਪੱਧਰ ਉੱਤੇ ਇਹ ਵਾਤਾਵਰਨ ਸੰਬੰਧੀ ਇਹ ਪਹਿਲੀ ਕਾਨਫਰੰਸ ਸੀ ਅਤੇ ਇਸ ਦੇ ਹਰ ਨੁਕਤੇ ਵਿਚ ਵਜ਼ਨ ਵੀ ਸੀ। ਪਰ ਜੇਕਰ ਪਿਛਲੇ 50 ਸਾਲਾਂ ਵਿਚ ਉਪਰੋਕਤ ਸਾਰਿਆਂ ਨੁਕਤਿਆਂ ਉੱਤੇ ਦੁਨੀਆਂ ਭਰ ਦੇ ਦੇਸਾਂ ਨੇ ਸੰਜੀਦਗੀ ਨਾਲ ਅਮਲ ਕੀਤਾ ਜਾਂਦਾ ਤਾਂ ਅੱਜ ਅਸੀਂ ਵਾਤਾਵਰਨ ਸੰਬੰਧੀ ਵੱਖ ਵੱਖ ਸਮੱਸਿਆਵਾਂ ਨਾਲ ਜੂਝ ਨਾ ਰਹੇ ਹੁੰਦੇ। ਜੇਕਰ ਅਸੀਂ ਪਹਿਲੇ ਨੁਕਤੇ ਤੋਂ ਹੀ ਗੱਲ ਸ਼ੁਰੂ ਕਰੀਏ ਕਿ ਹਰ ਇੱਕ ਮਨੁੱਖ ਨੂੰ ਰਹਿਣ ਲਈ ਸਾਫ਼-ਸੁਥਰਾ ਵਾਤਾਵਰਨ ਚਾਹੀਦਾ ਹੈ ਤਾਂ ਉਸ ਉੱਤੇ ਕਿੰਨਾ ਅਮਲ ਹੋਇਆ ਹੈ ਉਸ ਬਾਰੇ ਵੀ ਸਾਨੂੰ ਥੋੜ੍ਹਾ ਜਿਹਾ ਜਾਣ ਲੈਣਾ ਚਾਹੀਦਾ ਹੈ ਕਿ ਵਿਸ਼ਵ ਸਿਹਤ ਸੰਸਥਾ ਦੀ (2016) ਇਕ ਰਿਪੋਰਟ ਅਨੁਸਾਰ ਦੁਨੀਆਂ ਦੀ 90 ਫ਼ੀਸਦ ਆਬਾਦੀ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੀ ਹੈ ਜਿਸ ਨਾਲ ਦੁਨੀਆਂ ਭਰ ਵਿਚ ਹਰ ਸਾਲ 70 ਲੱਖ ਲੋਕ ਸਮੇਂ ਤੋਂ ਪਹਿਲਾਂ ਵੱਖ ਵੱਖ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ। ਹਵਾ ਦੇ ਪ੍ਰਦੂਸ਼ਣ ਨਾਲ ਸਾਹ, ਫੇਫੜਿਆਂ, ਗੁਰਦਿਆਂ ਦੇ ਰੋਗਾਂ ਸਣੇ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਹੋ ਜਾਂਦੀਆਂ ਹਨ। ਕਰੋਨਾਵਾਇਰਸ ਸਭ ਤੋਂ ਵੱਧ ਫੇਫੜਿਆਂ ਉੱਤੇ ਅਸਰ ਕਰਦਾ ਹੈ। ਫੇਫੜੇ ਜਿਹੜੇ ਹਵਾ ਦੇ ਪ੍ਰਦੂਸ਼ਣ ਕਾਰਨ ਪਹਿਲਾਂ ਤੋਂ ਹੀ ਕੰਮਜ਼ੋਰ ਹੋ ਚੁੱਕੇ ਹੁੰਦੇ ਹਨ ਇਸ ਵਾਇਰਸ ਨਾਲ ਜੂਝਣ ਤੋਂ ਅਸਮਰੱਥ ਹੋ ਜਾਂਦੇ ਹਨ ਅਤੇ ਇਸ ਵਾਇਰਸ ਨਾਲ ਪੀੜਿਤ ਵਿਅਕਤੀ ਮੌਤ ਦੇ ਮੂੰਹ ਵਿਚ ਜਾ ਪੈਂਦਾ ਹੈ ਅਤੇ ਇਸ ਵਾਇਰਸ ਕਾਰਨ ਬਜ਼ੁਰਗਾਂ ਦੀਆਂ ਮੌਤਾਂ ਦੀ ਵੱਧ ਗਿਣਤੀ ਵੀ ਸ਼ਾਇਦ ਇਸ ਤਰਫ਼ ਇਸ਼ਾਰਾ ਕਰਦੀ ਹੈ। ਹਵਾ ਤੋਂ ਬਾਅਦ ਪਾਣੀ ਮਨੁੱਖੀ ਜ਼ਿੰਦਗੀ ਲਈ ਇਕ ਬਹੁਤ ਜ਼ਰੂਰੀ ਕੁਦਰਤੀ ਸਰੋਤ ਹੈ, ਪਰ ਸਾਡੇ ਅਣਆਯੋਜਿਤ ਆਰਥਿਕ ਵਿਕਾਸ ਨਾਲ ਲਗਭਗ 70 ਫ਼ੀਸਦ ਕੁਦਰਤੀ ਜਲਸਰੋਤ ਉਨ੍ਹਾਂ ਵਿਚ ਉਦਯੋਗਾਂ ਅਤੇ ਸੀਵਰੇਜ ਦੇ ਗੰਦੇ ਪਾਣੀ ਦੇ ਨਿਕਾਸ ਨਾਲ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕੇ ਹਨ। ਇਸ ਸੰਬੰਧ ਵਿਚ ਵਿਸ਼ਵ ਸਿਹਤ ਸੰਸਥਾ ਦੀ 2017 ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਦੇ 2 ਅਰਬ ਲੋਕਾਂ ਨੂੰ ਪੀਣ ਲਈ ਪ੍ਰਦੂਸ਼ਿਤ ਪਾਣੀ ਮਿਲਦਾ ਹੈ ਅਤੇ ਪ੍ਰਦੂਸ਼ਿਤ ਪਾਣੀ ਪੀਣ ਨਾਲ ਦੁਨੀਆਂ ਭਰ ਵਿਚ ਹਰ ਸਾਲ 46 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਭਾਰਤ ਵਿਚ ਵੀ ਹਰ ਸਾਲ 3 ਲੱਖ ਲੋਕ ਪ੍ਰਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਨਾਲ ਮਰ ਜਾਂਦੇ ਹਨ। ਕਰੋਨਾਵਾਇਰਸ ਤੋਂ ਬਚਣ ਲਈ ਸਾਨੂੰ ਸਾਫ਼ ਪਾਣੀ ਨਾਲ ਦਿਨ ਵਿਚ ਕਈ ਵਾਰ ਹੱਥ ਧੋਣੇ ਚਾਹੀਦੇ ਹਨ, ਪਰ ਹੁਣ ਉਨ੍ਹਾਂ ਲੋਕਾਂ ਬਾਰੇ ਸੋਚੋ ਜਿਨ੍ਹਾਂ ਨੂੰ ਪੀਣ ਲਈ ਤਾਂ ਸਾਫ਼ ਪਾਣੀ ਮਿਲਦਾ ਨਹੀਂ ਹੈ ਉਹ ਕਰੋਨਾਵਾਇਰਸ ਤੋਂ ਬਚਣ ਲਈ ਹੱਥ ਕਿਹੜੇ ਪਾਣੀ ਨਾਲ ਧੋਣ। ਇਸ ਨਾਲ ਇੱਥੇ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਵਾਤਾਵਰਨ ਸੰਬੰਧਿਤ ਪਹਿਲੀ ਕਾਨਫਰੰਸ ਵਿਚ ਜਿਹੜੀ ਪਹਿਲੀ ਗੱਲ ਉੱਤੇ ਜ਼ੋਰ ਦਿੱਤਾ ਗਿਆ ਸੀ ਕਿ ਹਰ ਮਨੁੱਖ ਦੇ ਰਹਿਣ ਲਈ ਸਾਫ਼-ਸੁਥਰਾ ਵਾਤਾਵਰਨ ਜ਼ਰੂਰੀ ਹੈ ਉਸ ਨੁਕਤੇ ਦੀ ਕਰੋਨਾਵਾਇਰਸ ਦੇ ਸਮੇਂ ਦੌਰਾਨ ਖ਼ਾਸ ਕਰਕੇ ਭਾਰਤ ਵਿਚ ਲੌਕਡਾਊਨ ਦੇ ਸਮੇਂ, ਪਰਵਾਸੀ ਮਜ਼ਦੂਰਾਂ ਦੀ ਖਾਣਪੀਣ ਦੀ ਵਿਵਸਥਾ ਤੋਂ ਲੈ ਕੇ ਘਰ ਵਾਪਸੀ ਤੱਕ ਦੀ ਤਰਾਸਦੀ ਨੇ ਦੇਸ ਦੇ ਆਰਥਿਕ ਵਿਕਾਸ ਦੇ ਕੋਝੇਪਣ ਅਤੇ ਕਰੂਰਤਾਂ ਦੀ ਮੂੰਹ ਬੋਲਦੀ ਤਸਵੀਰ ਦਿਖਾ ਦਿੱਤੀ ਹੈ ਜੋ ਪਰਤੱਖ ਰੂਪ ਵਿਚ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਵਾਤਾਵਰਨ ਕਾਨਫਰੰਸਾਂ ਦੇ ਵਾਅਦਿਆਂ ਦਾ ਮਜ਼ਾਕ ਉਡਾਉਂਦੀ ਦਿਖਾਈ ਦਿੰਦੀ ਹੈ।

ਦੁਨੀਆਂ ਦੇ ਸਾਰੇ ਦੇਸ ਆਮ ਤੌਰ ਉੱਤੇ ਅੰਤਰ-ਰਾਸ਼ਟਰੀ ਕਾਨਫਰੰਸਾਂ ਵਿੱਚ ਆਪਣੇ ਦੇਸ ਵਿਚ ਦੁਨੀਆਂ ਦੇ ਸਮੁੱਚੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਵਧ ਚੜ੍ਹ ਕੇ ਵਾਅਦੇ ਕਰਦੇ ਅਤੇ ਉਨ੍ਹਾਂ ਉੱਤੇ ਪੁਖਤਾ ਰੂਪ ਵਿਚ ਅਮਲ ਹੋਇਆ ਦਿਖਾਉਣ ਦੀ ਕੋਸ਼ਿਸ਼ ਵੀ ਕਰਦੇ ਹਨ, ਪਰ ਅਸਲ ਵਿਚ ਜੇਕਰ ਉਹ ਉਪਰਾਲੇ ਕਰ ਰਹੇ ਹੋਣ ਤਾਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਲਗਾਤਾਰ ਵਾਧਾ ਨਾ ਹੋ ਰਿਹਾ ਹੋਵੇ? ਹਾਂ, ਕਰੋਨਾਵਾਇਰਸ ਤੋਂ ਬਚਾਉ ਲਈ ਹੋਏ ਲੌਕਡਾਊਨ ਸਮੇਂ ਇਨ੍ਹਾਂ ਗੈਸਾਂ ਦੀ ਨਿਕਾਸੀ ਵਿਚ 17 ਫ਼ੀਸਦ ਕਮੀ ਆਈ ਹੈ ਜੋ ਕੁਦਰਤ ਵੱਲੋਂ ਦੁਨੀਆਂ ਦੇ ਲੀਡਰਾਂ ਅਤੇ ਆਮ ਲੋਕਾਂ ਨੂੰ ਇਕ ਸੰਕੇਤਕ ਭਾਸ਼ਾ ਵਿਚ ਚਿਤਾਵਨੀ ਹੈ ਕਿ ਹਾਲੇ ਵੀ ਸੰਭਲ ਜਾਵੋ, ਕੁਦਰਤ ਨਾਲ ਇਕਸੁਰਤਾ ਬਣਾ ਕੇ ਚੱਲੋ ਨਹੀਂ ਤਾਂ ਮਨੁੱਖਤਾ ਲਈ ਹੋਰ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਹੋਣਗੀਆਂ। ਇਸ ਲੌਕਡਾਊਨ ਦੇ ਅਰਸੇ ਦੌਰਾਨ ਭਾਰਤ ਦੀ ਹਵਾ ਅਤੇ ਦਰਿਆਵਾਂ ਦਾ ਪਾਣੀ ਵੀ ਸਾਫ਼ ਹੋ ਗਿਆ ਹੈ ਜਿਸ ਤੋਂ ਇਹ ਸਿੱਧ ਹੋ ਗਿਆ ਹੈ ਕਿ ਦਿੱਲੀ ਦੀ ਪ੍ਰਦੂਸ਼ਿਤ ਹਵਾ ਲਈ 24 ਘੰਟੇ ਸੜਕਾਂ ਉੱਤੇ ਘੁੰਮਣ ਵਾਲੀਆਂ ਦਿੱਲੀ ਦੀਆਂ ਆਪਣੀਆਂ ਮੋਟਰਗੱਡੀਆਂ, ਉਦਯੋਗਿਕ ਇਕਾਈਆਂ ਅਤੇ ਹਵਾਈ ਉਡਾਣਾਂ ਆਦਿ ਹਨ। ਇਸ ਤੋਂ ਇਲਾਵਾ ਸਾਡੇ ਦੇਸ ਵਿਚ ਗੰਗਾ ਅਤੇ ਜਮਨਾ ਦਾ ਪਾਣੀ ਵੀ ਜਿਸ ਨੂੰ ਸਰਕਾਰੀ ਯੋਜਨਾਵਾਂ ਕਰੋੜਾਂ ਰੁਪਏ ਖਰਚ ਕਰਕੇ ਸਾਫ਼ ਨਹੀਂ ਕਰ ਸਕੀਆਂ ਸਨ, ਉਹ ਵੀ ਕਰੋਨਾਵਾਇਰਸ ਦੇ ਲੌਕਡਾਊਨ ਸਮੇਂ ਸਾਫ਼ ਹੋਣ ਲੱਗ ਗਿਆ ਹੈ ਕਿਉਂਕਿ ਉਦਯੋਗਿਕ ਇਕਾਈਆਂ ਬੰਦ ਹੋਣ ਕਰਕੇ ਉਨ੍ਹਾਂ ਵਿਚ ਉਦਯੋਗਾਂ ਦਾ ਗੰਦਾ ਪਾਣੀ ਪੈਣਾ ਬੰਦ ਹੋ ਗਿਆ ਹਾਲਾਂਕਿ ਸੀਵਰੇਜ ਦਾ ਪਾਣੀ ਲਗਾਤਾਰ ਦਰਿਆਵਾਂ ਵਿਚ ਹਾਲੇ ਵੀ ਨਿਕਾਸਿਆ ਜਾਂਦਾ ਰਿਹਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉਦਯੋਗਾਂ ਲਈ ਬਣਾਏ ਗਏ ਵਾਤਾਵਰਨ ਸ਼ੁੱਧਤਾ ਕਾਨੂੰਨ ਸਰਕਾਰ ਸਖ਼ਤੀ ਨਾਲ ਲਾਗੂ ਕਰ ਨਹੀਂ ਰਹੀ ਹੈ ਜਿਸ ਦੇ ਨਤੀਜੇ ਵਜੋਂ ਦੇਸ ਦਾ ਵਾਤਾਵਰਨ ਤੇਜ਼ੀ ਨਾਲ ਪ੍ਰਦੂਸ਼ਿਤ ਹੋ ਰਿਹਾ ਹੈ। ਇਸੇ ਤਰ੍ਹਾਂ ਬਨਸਪਤੀ ਜੰਗਲੀ ਜੀਵਾਂ, ਸਮੁੰਦਰ ਅਤੇ ਸਮੁੰਦਰੀ ਜੀਵਾਂ ਦੀ ਵੀ ਵੱਡੇ ਪੱਧਰ ਉੱਤੇ ਅਣਦੇਖੀ ਕੀਤੀ ਜਾ ਰਹੀ ਹੈ। ਇਸ ਲਈ ਹਰ ਦੇਸ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਵਾਤਾਵਰਨ ਦੀ ਸਾਭ-ਸੰਭਾਲ ਲਈ ਵਾਤਾਵਰਨ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰੇ।

ਵਾਤਾਵਰਨ ਸੰਬੰਧੀ 1972 ਦੀ ਕਾਨਫਰੰਸ ਤੋਂ ਬਾਅਦ ਅੰਤਰਰਾਸ਼ਟਰੀ ਉੱਤੇ ਹੋਰ ਵੀ ਕਈ ਕਾਨਫਰੰਸਾਂ ਹੋਈਆਂ ਹਨ, ਜਿਨ੍ਹਾਂ ਵਿਚ ਵਾਤਾਵਰਨ ਨੂੰ ਬਚਾਉਣ ਲਈ ਕਈ ਤਰ੍ਹਾਂ ਦੀਆਂ ਯੋਜਨਾਵਾਂ ਵੀ ਉਲੀਕੀਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਕਾਨਫਰੰਸਾਂ ਵਿਚ ਲੰਮੀ ਬਹਿਸ ਤੋਂ ਬਾਅਦ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਲਈ ਹਾਲੇ ਤੱਕ ਕਈ ਵਿਕਸਿਤ ਦੇਸ ਰਾਜੀ ਹੀ ਨਹੀਂ ਹੋਏ ਹਨ, ਪਰ ਕਰੋਨਾਵਾਇਰਸ ਦੀ ਆਫ਼ਤ ਨੇ ਇਹ ਸਿੱਧ ਕਰ ਦਿੱਤਾ ਕਿ ਜੇਕਰ ਅਸੀਂ ਵਾਤਾਵਰਨ ਨੂੰ ਬਚਾਉਣ ਅਤੇ ਉਸ ਨੂੰ ਸਾਫ਼-ਸੁਥਰਾ ਰੱਖਣ ਲਈ ਤੇਜ਼ੀ ਨਾਲ ਕਦਮ ਨਾ ਚੁੱਕੇ ਤਾਂ ਕੁਦਰਤ ਵਾਤਾਵਰਨ ਨੂੰ ਆਪਣੇ ਤਰੀਕੇ ਨਾਲ ਸਾਫ਼ ਵੀ ਕਰ ਲਵੇਗੀ ਅਤੇ ਉਸ ਨੂੰ ਬਚਾ ਵੀ ਲਵੇਗੀ। ਸਾਰੀਆਂ ਕੁਦਰਤੀ ਪ੍ਰਕਿਰਿਆਂ ਨਿਯਮਬੱਧ ਤਰੀਕੇ ਨਾਲ ਲੌਕਡਾਊਨ ਸਮੇਂ ਵੀ ਚੱਲਦੀਆਂ ਰਹੀਆਂ ਹਨ, ਜੇਕਰ ਰੁਕੀਆਂ ਹਨ ਤਾਂ ਮਨੁੱਖੀ ਗਤੀਵਿਧੀਆਂ! ਜੇਕਰ ਮਨੁੱਖਾਂ ਨੇ ਬਚਣਾ ਹੈ ਤਾਂ ਕੁਦਰਤ ਨਾਲ ਇਕਸੁਰਤਾ ਬਣਾ ਕੇ ਚੱਲਣਾ ਹੋਵੇਗਾ। ਉਹ ਹੀ ਵਾਤਾਵਰਨ ਦਿਵਸ ਮਨਾਉਣ ਦਾ ਸਹੀ ਤਰੀਕਾ ਹੈ।

# ਜੈਸੇ ਕੋ ਤੈਸਾ

ਕਰੀਬੀ ਰਾਮ ਪਿੰਡ ਦੇ ਤੱਪੜ ਸਕੂਲ 'ਚੋਂ ਦਿਹਾੜੀਆਂ ਕਰ-ਕਰ ਕੇ ਪੜ੍ਹਿਆ। ਦਸਵੀਂ ਵਿਚ ਉਸਦੀ ਇਲਾਕੇ ਵਿਚ ਫਸਟ ਡਵੀਜਨ ਆਈ ਸੀ। ਉਸ ਸਮੇਂ ਪਹਿਲਾ ਦਰਜਾ ਲੈਣ ਵਾਲੇ ਵਿਦਿਆਰਥੀਆਂ ਨੂੰ ਵਜੀਫਾ ਮਿਲਦਾ ਸੀ, ਜੋ ਕਰੀਬੀ ਰਾਮ ਛੇਵੀਂ ਤੋਂ ਪ੍ਰਾਪਤ ਕਰ ਰਿਹਾ ਸੀ।

ਉਸਨੇ ਸਿਹਤ ਵਿਪਾਗ ਦੇ ਕਲਰਕਾਂ ਦੀ ਨੌਕਰੀ ਲਈ ਫਾਰਮ ਭਰਿਆ ਅਤੇ ਉਸੂੰ ਝੱਟ ਹੀ ਨੌਕਰੀ ਦਾ ਚੋਣ ਪੱਤਰ ਮਿਲ ਗਿਆ। ਖਜ਼ਾਨੇ ਵਿਚ ਮੈਡੀਕਲ ਕਰਾਉਣ ਲਈ ਭਰਨ ਉਪਰੰਤ ਉਹ ਚੰਡੀਗੜ੍ਹ ਦੇ ਹਸਪਤਾਲ ਵਿਚ ਆਪਣਾ ਮੈਡੀਕਲ ਕਰਾਉਣ ਗਿਆ। ਵੁਹ ਸਾਰਾ ਦਿਨ ਮੈਡੀਕਲ ਕਰਾਉਂਦਾ ਰਿਹਾ। ਬਾਕੀ ਸਾਰੇ ਉਮੀਦਵਾਰਾਂ ਨੂੰ ਫਿ-ਨਟੈਸ ਸਰਟੀਫਿਕੇਟ ਮਿਲ ਗਿਆ ਪ੍ਰੰਤੂ ਕਰੀਬੀ ਰਾਮ ਨੂੰ ਨਹੀਂ ਮਿਲਿਆ। ਉਹ ਡਾਕਟਰਾਂ ਦੇ ਹਾੜੇ ਕੱਢਦਾ ਫਿਰੇ। ਇਕ ਉਹ ਘਰ ਤੋਂ ਆਰਥਿਕ ਤੌਰ 'ਤੇ ਕਮਜ਼ੋਰ ਸੀ, ਦੂਜਾ ਡਾਕਟਰ ਉਸਨੂੰ ਕਹਿਣ ਲੱਗਾ, ''ਕਾਕਾ ਸੌ ਦੋ ਸੌ ਵਾਲੀ ਗੱਲ ਨਹੀਂ, ਜ਼ਿਆਦਾ ਰਕਮ ਲੱਗੇਗੀ, ਮੇਰੀ ਰਿਹਾਇਸ਼ ਹਸਪਤਾਲ ਦੇ ਉਪਰ ਹੀ ਹੈ। ਤੂੰ ਆ ਜਾਵੀਂ ਅਤੇ ਆਪਣਾ ਮੈਡੀਕਲ ਫਿਟਨੈਸ ਸਰਟੀਫਿਕੇਟ ਲੈ ਜਾਵੀਂ।'' ਕਬੀਰ ਰਾਮ ਲੱਗਾ ਝੂਰਨ ਕਿ ਮਸਾਂ ਤਾਂ ਨੌਕਰੀ ਮਿਲੀ ਹੈ। ਉਸਦਾ ਚੰਡੀਗੜ੍ਹ ਵਿਚ ਕੋਈ ਜਾਣਕਾਰ ਵੀ ਨਹੀਂ। ਸੋਚਦਾ ਸੀ ਕਿ ਐਨੀ ਰਕਮ ਕਿੱਥੋਂ ਲੈ ਕੇ ਆਵੇ। ਉਹ ਪਿੰਡ ਵਾਪਸ ਗਿਆ ਅਤੇ ਆਪਣੇ ਘਰ ਨੂੰ ਗਿਰਵੀ ਰੱਖ ਕੇ ਪੰਜ ਹਜ਼ਾਰ ਦੀ ਰਕਮ ਲਿਆਂਦੀ ਅਤੇ ਰਕਮ ਡਾਕਟਰ ਨੂੰ ਦੇ ਕੇ ਫਿਟਨੈਸ ਸਰਟੀਫਿਕੇਟ ਲਿਆ। ਉਸਦੀ ਸੱਤ ਸੈਕਟਰ ਸਿਹਤ ਵਿਭਾਗ ਹੈਡ ਆਫਿਸ ਤਾਇਨਾਤੀ ਹੋ ਗਈ।


ਕਈਆਂ ਸਾਲਾਂ ਬਾਅਦ ਕਿਤੇ ਉਸੇ ਡਾਕਟਰ ਨੂੰ ਸਿਹਤ ਵਿਭਾਗ ਦੇ ਮੁੱਖ ਦਫਤਰ ਕੰਮ ਪੈ ਗਿਆ। ਕਰੀਬੀ ਰਾਮ ਨੇ ਉਸਨੂੰ ਪਛਾਣ ਲਿਆ ਅਤੇ ਕੰਮ ਵੀ ਉਸੇ ਦਾ ਸੀ। ਡਾਕਟਰ ਲੱਗਿਆ ਚੱਕਰ ਕੱਢਣ। ਜਦੋਂ ਸ਼ਾਮ ਤੱਕ ਉਸਦੀ ਫਾਈਲ ਨਾ ਨਿਕਲੀ, ਉਹ ਕਰੀਬੀ ਰਾਮ ਨੂੰ ਕਹਿੰਦਾ, ''ਕੋਈ ਸੇਵਾ ਭਾਈ ਸਾਹਿਬ।'' ਡਾਕਟਰ ਸਾਹਿਬ, ਤੁਸੀਂ ਮੈਨੂੰ ਨਹੀਂ ਜਾਣਦੇ ਪਰ ਮੈਂ ਜਾਣਦਾ ਹਾਂ।'' ਉਹ ਡਾਕਟਰ ਹੈਰਾਨ, ''ਇਹ ਕਿਸ ਤਰ੍ਹਾਂ ਹੋ ਸਕਦਾ ਹੈ?'' ਕਰੀਬੀ ਰਾਮ ਕਹਿੰਦਾ, ਡਾਕਟਰ ਸਾਹਿਬ ਮਿਤੀ 5 ਅਪ੍ਰੈਲ 1981 ਦੀ ਗੱਲ ਹੈ, ਯਾਦ ਕਰੋ। ਉਹ ਡਾਕਟਰ ਕਹਿੰਦਾ, ਮੈਨੂੰ ਤਾਂ ਕੋਈ ਯਾਦ ਨਹੀਂ। ਤੁਸੀਂ ਮੇਰੀ ਮੈਡੀਕਲ ਫਿਟਨੈਸ ਸਰਟੀਫਿਕੇਟ ਦੇ 5 ਹਜ਼ਾਰ ਰੁਪਏ ਲਏ ਸਨ ਜੋ ਮੈਂ ਘਰ ਗਹਿਣੇ ਰੱਖ ਕੇ ਲਿਆਂਦੇ ਸਨ। ਮੈਂ ਤੁਹਾਨੂੰ ਯਾਦ ਕਰਵਾ ਕੇ ਉਨੀ ਹੀ ਰਕਮ ਵਾਪਸ ਲੈਣੀ ਹੈ। ਹੋਰ ਮੈਂ ਰਿਸ਼ਵਤ ਨਹੀ ਲੈਂਦਾ, ਮੇਰੇ ਪੈਸੇ ਮੈਨੂੰ ਵਾਪਸ ਕਰ ਦਿਓ ਅਤੇ ਆਪਣਾ ਕੰਮ ਕੱਲ੍ਹ ਵੀ ਕਰਵਾ ਲੈ ਜਾਓ। ਉਹ ਡਾਕਟਰ ਨੂੰ 5 ਹਜ਼ਾਰ ਰੁਪਏ ਕਰੀਬੀ ਰਾਮ ਨੂੰ ਵਾਪਸ ਮੋੜਨੇ ਪਏ। ਉਸਦੀ ਇਹ ਗੱਲ ਸਾਰੇ ਡਾਇਰੈਕਟੋਰੇਟ ਵਿਚ ਮਸ਼ਹੂਰ ਸੀ ਕਿ ਕਰੀਬੀ ਰਾਮ ਨੇ 'ਜੈਸੇ ਕੋ ਤੈਸਾ' ਕੀਤਾ ਹੈ।

**– ਸਾਹੋਕੇ**



# ਪੰਥ-ਖਾਲਸਾ ਦੀ ਜਥੇਬੰਦਕ ਮਜ਼ਬੂਤੀ ਲਈ - ਗੁਰਬਾਣੀ ਦੀ ਸੇਧ 'ਚ ਤੁਰਨਾ ਪਵੇਗਾ!

**ਵਿਚਾਰ ਆਪੋ-ਆਪਣਾ**



ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

ਗੁਰਬਾਣੀ ਅੰਦਰ ਦਰਸਾਇਆ ਗਿਆ ਪਰਮੇਸ਼ਰ ਪ੍ਰਾਪਤੀ ਦਾ ਮਾਰਗ (ਪੰਥ) ਹੀ 'ਗੁਰੂ ਪੰਥ' ਹੈ। 'ਪੰਥ' ਸ਼ਬਦ ਸੰਸਕ੍ਰਿਤ ਦੇ 'ਪਥ' ਸ਼ਬਦ ਦਾ ਦੂਸਰਾ ਰੂਪ ਹੈ, ਜਿਸ ਦਾ ਅਰਥ ਹੁੰਦਾ ਹੈ ਮਾਰਗ ਜਾਂ ਰਸਤਾ। ਗੁਰੂ ਸਾਹਿਬਾਨ ਸਮੇਂ ਇਸ ਸ਼ਬਦ ਨੂੰ ਇਨਾਂ ਅਰਥਾਂ ਵਿਚ ਹੀ ਸਮਝਿਆ ਜਾਂਦਾ ਸੀ, ਜਿਵੇਂ ਕਿ ਗੁਰਬਾਣੀ ਵਿਚੋਂ ਪਤਾ ਲੱਗਦਾ ਹੈ :-

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥
ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥
- ਰਾਗੁ ਗਉੜੀ ਕਬੀਰ ਜੀ ਕੀ, ਪੰਨਾ ੩੩੭

ਪੰਥ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ॥
ਹਰਿ ਹਰਿ ਨਾਮੁ ਚੇਤਾਇ ਗੁਰੂ ਹਰਿ ਮਾਰਗਿ ਚਾਲੀ॥
- ਆਸਾ ਮ: ੪, ਪੰਨਾ ੪੪੯

ਉਪਰੋਕਤ ਦੋਹਾਂ ਪੰਗਤੀਆਂ ਵਿਚ ਵਰਤਿਆ ਗਿਆ ਸ਼ਬਦ 'ਪੰਥ' ਮਾਰਗ ਜਾਂ ਰਸਤੇ ਦੇ ਅਰਥ ਹੀ ਰੱਖਦਾ ਹੈ। ਪਰ ਅੱਜ ਕਲ੍ਹ ਅਸੀਂ ਗੁਰੂ ਦੇ ਪੰਥ ਉਤੇ ਚੱਲਣ ਵਾਲੇ ਸਿੱਖਾਂ ਦੇ ਸਮੂਹ ਲਈ ਵੀ ਇਸ ਲਫ਼ਜ਼ ਦੀ ਵਰਤੋਂ ਕਰਨ ਲੱਗ ਪਏ ਹਾਂ।

'ਪੰਥ ਖਾਲਸਾ' ਜਾਂ 'ਗੁਰੂ-ਪੰਥ' ਉਹ ਰਸਤਾ ਹੈ, ਜਿਸ ਉਤੇ ਚੱਲ ਕੇ ਗੁਰਸਿੱਖ ਗੁਰੂ (ਪ੍ਰਮੇਸ਼ਰ) ਨਾਲ ਅਭੇਦ (ਲੀਨ) ਹੋ ਜਾਂਦਾ ਹੈ। ਦੂਸਰੀ ਗੱਲ ਇਹ ਹੈ ਕਿ ਇਸ ਮਾਰਗ (ਪੰਥ) ਦੀ ਜਾਣਕਾਰੀ, ਕਿਉਂਕਿ ਗੁਰੂ (ਪ੍ਰਮੇਸ਼ਰ) ਨੇ ਖੁਦ ਆਪ ਕਰਵਾਈ ਹੈ, ਇਸ ਲਈ ਭੀ ਇਸ ਨੂੰ 'ਗੁਰੂ-ਪੰਥ' ਆਖਿਆ ਜਾਂਦਾ ਹੈ। ਮਨੁੱਖੀ ਮਨ (ਬੁੱਧੀ) ਇਸ ਮਾਰਗ ਨੂੰ ਆਪ ਖੋਜ ਲਵੇ, ਅਜਿਹਾ ਨਾ ਕਦੇ ਹੋਇਆ ਹੀ ਹੈ, ਨਾ ਹੋ ਸਕਦਾ ਹੈ ਅਤੇ ਨਾ ਹੀ ਕਦੇ ਅਜਿਹਾ ਹੋਵੇਗਾ। ਇਸ ਮਾਰਗ ਨੂੰ ਖੋਜ ਲੈਣ ਦੀ ਗੱਲ ਤਾਂ ਇਕ ਪਾਸੇ ਰਹੀ, ਇਸ ਦੀ ਤਾਂ ਸਮਝ ਭੀ ਪਰਮੇਸ਼ਰ ਦੀ ਕਿਰਪਾ ਬਿਨਾਂ ਨਹੀਂ ਆਇਆ ਕਰਦੀ ਜਿਵੇਂ ਕਿ ਰਾਮਕਲੀ ਰਾਗ ਵਿਚ ਭਗਤ ਕਬੀਰ ਜੀ ਦਾ ਫਰਮਾਨ :-

ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ॥
ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮਾਰਿ॥੪॥
ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ॥
ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ॥੫॥
- ਪੰਨਾ ੨੦

ਭਗਤ ਜੀ ਆਖ ਰਹੇ ਹਨ ਕਿ ਇਸ, ਪੰਜ ਤੱਤਾਂ ਦੇ ਮਾਇਆ ਰੂਪੀ ਕੋਠੜੇ (ਸਰੀਰ) ਅੰਦਰ ਇਕ ਹਿਰਦਾ ਰੂਪੀ ਕੋਠੜੀ ਹੈ। ਉਸ ਨੂੰ ਹੀ ਪਰਮ ਕੋਠੜੀ, ਇਸ ਲਈ ਆਖਿਆ ਹੈ, ਕਿਉਂਕਿ ਤੱਤ ਵਸਤੂ ਦੀ ਪ੍ਰਾਪਤੀ ਇਸੇ ਕੋਠੜੀ ਵਿਚੋਂ ਹੁੰਦੀ ਹੈ। ਇਸ ਵਿਚੋਂ ਹੀ ਕਬੀਰ ਜੀ ਨੂੰ ਪਰਮ ਤੱਤ (ਸ਼ਬਦ ਗੁਰੂ ਦੀ ਪ੍ਰਾਪਤੀ ਹੋਈ ਹੈ ਅਤੇ ਕਬੀਰ ਜੀ ਨੇ ਇਸ ਨੂੰ ਅੱਖਰੀ ਰੂਪ ਦੇ ਕੇ ਮਾਰੀ ਜੀਵਾਂ ਦੇ ਕਲਿਆਣ ਹਿਤ ਸੰਭਾਲ ਲਿਆ ਅਤੇ ਸੰਸਾਰੀ ਲੋਕਾਂ ਨੂੰ ਇਹ ਦੱਸ ਭੀ ਦਿੱਤਾ ਕਿ ਇਸ ਵਸਤੂ ਦੀ ਪ੍ਰਾਪਤੀ ਕਰ ਲੈਣ ਉਪਰੰਤ ਜਨਮ-ਮਰਨ ਦਾ ਭਰਮ-ਚੱਕਰ ਮੁੱਕ ਜਾਂਦਾ ਹੈ। ਫਿਰ ਭੀ ਇਸ ਵਸਤੂ ਦੀ ਪ੍ਰਾਪਤੀ ਉਸੇ ਪ੍ਰਾਣੀ ਨੂੰ ਹੋ ਸਕੇਗੀ, ਜੋ ਪਰਮੇਸ਼ਰ ਦੀ ਕਿਰਪਾ ਦਾ ਪਾਤਰ ਬਣ ਜਾਣ ਵਿਚ ਸਫਲਤਾ ਪ੍ਰਾਪਤ ਕਰ ਲਵੇਗਾ। ਤੀਜੇ ਸਤਿਗੁਰੂ ਜੀ ਭੀ 'ਅਨੰਦ' ਸਾਹਿਬ (ਰਾਗ ਰਾਮਕਲੀ) ਵਿਚ ਕੁਝ ਅਜਿਹਾ ਹੀ ਸੰਕੇਤ ਕਰਦੇ ਹੋਏ ਆਖ ਰਹੇ ਹਨ :-

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥
- ਪੰਨਾ ੯੧੮

ਸਤਿਗੁਰੁ ਜੀ ਦਾ ਕਹਿਣਾ ਹੈ ਕਿ ਭਗਤ ਜਨਾਂ ਦਾ ਮਾਰਗ, ਸੰਸਾਰੀ ਸਾਕਤਾਂ ਦੇ ਚਲਾਏ ਹੋਏ ਮਾਰਗਾਂ ਨਾਲੋਂ ਨਿਆਰਾ (ਉਲਟਾ) ਹੁੰਦਾ ਹੈ। ਸੰਸਾਰੀ ਮੱਤਾਂ ਵਾਲੇ ਪਰਮੇਸ਼ਰ ਨੂੰ ਬਾਹਰੋਂ ਖੋਜ ਕੇ, ਸਰੀਰਕ ਨੇਤਰਾਂ ਦੁਆਰਾ ਦਰਸ਼ਨ ਕਰ ਲੈਣ ਵਿਚ ਵਿਸ਼ਵਾਸ ਰੱਖਦੇ ਹਨ, ਭਾਵੇਂ ਉਹ ਇਸ ਸੱਚਾਈ ਨੂੰ ਭੀ ਕਬੂਲਦੇ ਹਨ ਕਿ ਪਰਮੇਸ਼ਰ ਨਿਰਾਕਾਰ ਹੈ। ਦੂਸਰੇ ਨੰਬਰ 'ਤੇ ਉਹ ਲਬ, ਲੋਭ ਅਤੇ ਤ੍ਰਿਸ਼ਨਾ ਦੀ ਪੂਰਤੀ ਹਿਤ ਹੀ ਜਪ, ਤਪ ਜਾਂ ਦਾਨ ਆਦਿ ਕਰਿਆ ਕਰਦੇ ਹਨ, ਪਰ ਇਸ ਦੇ ਉਲਟ 'ਹਰਿ ਕੇ ਲੋਗ' ਆਪਣੇ ਪਿਆਰੇ ਨਾਲ ਇਕਮਿਕ ਹੋ ਜਾਣ ਤੋਂ ਇਲਾਵਾ ਹੋਰ ਕੋਈ ਇੱਛਾ ਰੱਖਦੇ ਹੀ ਨਹੀਂ ਹੁੰਦੇ। ਉਹ ਲਬ, ਲੋਭ, ਅਹੰਕਾਰ ਅਤੇ ਤ੍ਰਿਸ਼ਨਾ ਆਦਿ ਔਗੁਣਾਂ ਨੂੰ ਤਿਆਗ ਦਿੰਦੇ ਹਨ। ਇਸੇ ਨੂੰ ਹੀ ਸਤਿਗੁਰੂ ਜੀ 'ਭਗਤਾ ਕੀ ਚਾਲ ਨਿਰਾਲੀ' ਆਖ ਰਹੇ ਹਨ। ਸਭ ਤੋਂ ਮਹੱਤਵਪੂਰਨ ਗੱਲ ਜੋ ਸਤਿਗੁਰੂ ਜੀ ਨੇ ਉਪਰੋਕਤ ਪੰਗਤੀਆਂ ਵਿਚ ਆਖੀ ਹੈ ਕਿ ਗੁਰਮਤਿ ਅੰਦਰ ਸੁਝਾਇਆ ਹੋਇਆ ਪੰਥ (ਮਾਰਗ) ਅਤਿ ਬਰੀਕ ਹੋਣ ਕਰਕੇ ਇਸ ਉਪਰ ਚੱਲਣਾ ਭੀ ਅਤਿ ਕਠਿਨ ਹੈ। ਇਸ ਨੂੰ ਬੁੱਝਣ ਜਾਂ ਜਾਣਨ ਵਾਸਤੇ ਪਰਮੇਸ਼ਰ ਦੀ ਕ੍ਰਿਪਾ ਦਾ ਪਾਤਰ ਬਣਨਾ ਅਤਿ ਜ਼ਰੂਰੀ ਹੈ। ਇਹ ਗੱਲ ਇਤਨੀ ਬਰੀਕ ਹੈ, ਜਿਹੜੀ ਕਿ ਮਨ ਬੁੱਧੀ ਦੀ ਪਕੜ ਤੋਂ ਪਰੇ ਹੈ। ਇਸੇ ਲਈ ਸਤਿਗੁਰੁ ਜੀ ਗੁਰਮਤਿ ਵਿਚਲੇ ਪੰਥ ਨੂੰ ਖੰਡੇ ਦੀ ਧਾਰ ਅਤੇ ਵਾਲ ਤੋਂ ਬਰੀਕ ਰਸਤਾ ਦੱਸ ਰਹੇ ਹਨ, ਜਿਸ ਉਤੇ ਚੱਲਣ ਲਈ ਪੂਰੇ ਧਿਆਨ ਦੀ ਲੋੜ ਹੈ।

ਸਚੁ ਧਰਮ ਅੰਦਰ ਸੰਪਰਦਾਵਾਂ ਲਈ ਕੋਈ ਥਾਂ ਨਹੀਂ ਕਿਉਂਕਿ ਖੰਡੇ ਦੀ ਧਾਰ ਜਾਂ ਵਾਲ ਜਿਹੇ ਬਰੀਕ ਰਸਤੇ ਨੂੰ ਨਾ ਤਾਂ ਵੰਡਿਆ ਹੀ ਜਾ ਸਕਦਾ ਹੈ ਅਤੇ ਨਾ ਹੀ ਇਸ ਅੰਦਰ ਕੋਈ ਦੂਸਰੀ ਵੱਟ ਹੀ ਪਾਈ ਜਾ ਸਕਦੀ ਹੈ। ਦੂਸਰੀ ਗੱਲ ਇਹ ਹੈ ਕਿ ਸਚੁ ਦਾ ਦੂਸਰਾ ਰੂਪ ਹੁੰਦਾ ਹੀ ਨਹੀਂ। ਜਿਹੜੇ ਲੋਕ ਸਚੁ ਦਾ ਦੂਸਰਾ ਰੂਪ ਪੇਸ਼ ਕਰਨ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਗੁਰਬਾਣੀ ਅੰਦਰ ਝੂਠੇ, ਕਪਟੀ, ਪਖੰਡੀ, ਪਰਪੰਚੀ ਅਤੇ ਬਨਾਰਸ ਕੇ ਠੱਗ ਆਦਿ ਉਪਾਧੀਆਂ ਨਾਲ ਨਿਵਾਜਿਆ ਗਿਆ ਹੈ। ਇਸ 'ਪੰਥ ਖਾਲਸੇ' ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਇਹ ਕੇਵਲ ਇਕੋ-ਇਕ ਰਸਤਾ ਹੈ ਜਿਸ ਵਿਚ ਕਿ ਆਤਮਾ ਅਤੇ ਪਤਮਾ ਨੂੰ ਇਕ ਕਰਕੇ ਪਰਮਾਤਮਾ ਰੂਪ ਬਣਾ ਦੇਣ ਦੀ ਸਮਰੱਥਾ ਹੈ। ਪਰੰਤੂ ਸੰਪਰਦਾਵਾਂ ਦਾ ਨਿਰਮਾਣ, ਭਰਮ-ਗਿਆਨੀਆਂ ਦੀ ਸ਼ਾਤਰ ਬੁੱਧੀ ਵਿਚੋਂ ਹੁੰਦਾ ਹੈ। ਪਰਮੇਸ਼ਰ ਨੇ ਤਾਂ ਕੇਵਲ ਇਕ ਹੀ ਰਸਤਾ ਦੱਸਿਆ ਹੈ ਜਿਹੜਾ ਕਿ ਉਸ (ਪਰਮੇਸ਼ਰ) ਤਕ ਲੈ ਜਾਣ ਵਿਚ ਸਮਰੱਥ ਹੈ। ਬਾਕੀ ਭਰਮ-ਗਿਆਨੀਆਂ ਦੁਆਰਾ ਦੱਸੀਆਂ ਹੋਈਆਂ ਸਭ ਮੱਤਾਂ (ਸੰਪਰਦਾਵਾਂ) ਲਈ ਗੁਰਬਾਣੀ ਅੰਦਰ ਭਗਤ ਕਬੀਰ ਜੀ ਦਾ ਗਉੜੀ ਗੁਆਰੇਰੀ ਰਾਗ ਵਿਚ ਫ਼ਰਮਾਨ ਇਉਂ ਦਰਜ ਹੈ:-

ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ॥
- ਪੰਨਾ ੩੩੧

ਉਪਰੋਕਤ ਕਥਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸੰਸਾਰ ਵਿਚ ਪ੍ਰਮੇਸ਼ਰ ਪ੍ਰਾਪਤੀ ਲਈ ਭਾਵੇਂ ਕਿੰਨੀਆਂ ਭੀ ਮੱਤਾਂ (ਸੰਪਰਦਾਵਾਂ) ਹਨ ਜਾਂ ਭਾਵੇਂ ਕਿੰਨੀਆਂ ਭੀ ਹੋਰ ਕਿਉਂ ਨਾ ਹੋ ਜਾਣ ਪਰ ਇਸ ਭਵ ਸਾਗਰ ਵਿਚੋਂ ਛੁਟਕਾਰਾ ਕਰਾਉਣ ਵਾਲੀ ਕੇਵਲ ਇਕੋ-ਇਕ ਬਿਧੀ ਗੁਰਮਤਿ ਅੰਦਰ ਦਰਜ ਹੈ ਜਿਸ ਨੂੰ ਕਿ ਪ੍ਰਮੇਸ਼ਰ ਨੇ ਭਗਤਾਂ ਜਾਂ ਗੁਰੁ ਸਾਹਿਬਾਨ ਪਾਸੋਂ ਆਪ ਉਚਾਰਨ ਕਰਵਾਇਆ ਹੈ। ਇਹ ਕਹਿਣਾ ਅਗਿਆਨਤਾ ਹੈ ਕਿ ਸਾਰੇ ਧਾਰਮਕ ਮੱਤ ਬਰਾਬਰ ਹਨ। ਭਾਵੇਂ ਕੁਝ ਗੱਲਾਂ ਉਪਰ ਇਨ੍ਹਾਂ ਸਾਰੀਆਂ ਮੱਤਾਂ (ਸੰਪਰਦਾਵਾਂ) ਦਾ ਮੇਲ ਜ਼ਰੂਰ ਹੈ ਪਰ ਸਚ ਨੂੰ ਪ੍ਰਤੱਖ ਰੂਪ ਵਿਚ ਸਮਝਾ (ਦਰਸਾ) ਦੇਣ ਦੇ ਮਾਮਲੇ 'ਚ ਗੁਰਬਾਣੀ ਹੀ ਪੂਰਨ ਸਮਰੱਥ ਹੈ।

ਖਾਲਸੇ ਵਿਚ ਜਥੇਦਾਰੀਆਂ ਪੁਰਾਤਨ ਸਮੇਂ ਤੋਂ ਹੀ ਪ੍ਰਚਲਤ ਹਨ। ਜਥੇਦਾਰ - ਜਥੇਬੰਦੀ ਦੇ ਆਗੂਆਂ ਨੂੰ ਹੀ ਆਖਿਆ ਜਾਂਦਾ ਸੀ। ਗੁਰੁ ਨਾਨਕ ਸਾਹਿਬ ਤੋਂ ਪਹਿਲਾਂ ਭਗਤਾਂ ਦੇ ਸਮੇਂ ਜਾਂ ਉਸ ਤੋਂ ਵੀ ਪਹਿਲਾਂ ਕਿਸੇ ਅਜਿਹੀ ਜਥੇਬੰਦੀ ਦਾ ਕੋਈ ਜ਼ਿਕਰ ਨਹੀਂ ਮਿਲਦਾ, ਜਿਹੜੀ ਕਿ ਸਚੁ ਧਰਮ ਦੀ ਝੰਡਾ ਬਰਦਾਰ ਹੋਵੇ। ਇਸੇ ਲਈ ਭਗਤਾਂ ਤੋਂ ਝਟਪਟ ਬਾਅਦ ਉਸ ਲਹਿਰ ਦਾ, ਜਿਸ ਨੂੰ ਕਿ ਭਗਤਾਂ ਦੁਆਰਾ ਚਲਾਇਆ ਗਿਆ ਸੀ, ਵਿਰੋਧੀਆਂ ਦੁਆਰਾ ਭੋਗ ਪਾ ਦਿੱਤਾ ਗਿਆ। ਅਸਲ ਵਿਚ ਜਦੋਂ-ਜਦੋਂ ਭੀ ਸਚੁ ਧਰਮ ਦੀ ਲਹਿਰ ਪ੍ਰਗਟ ਹੋਇਆ ਕਰਦੀ ਹੈ, ਉਦੋਂ-ਉਦੋਂ ਹੀ ਸੰਸਾਰ ਵਿੱਚ ਪ੍ਰਚਾਰੀਆਂ ਜਾ ਰਹੀਆਂ ਦੂਸਰੀਆਂ ਮੱਤਾਂ ਵੱਲੋਂ ਇਸ ਦਾ ਵਿਰੋਧ ਸ਼ੁਰੂ ਹੋ ਜਾਂਦਾ ਹੈ। ਕੋਈ ਭੀ ਅਨਮੱਤੀਆ ਆਪਣੀ ਮੱਤ ਦੀ ਕਮੀ ਨੂੰ ਦੂਰ ਕਰਨ ਦੀ ਥਾਂ, ਸਚੁ ਧਰਮ ਦਾ ਵਿਰੋਧ ਕਰਨ ਵਿਚ ਹੀ ਆਪਣਾ ਭਲਾ ਸਮਝਦਾ ਹੈ। ਹਰ ਕੋਈ ਆਪਣੀ ਮੱਤ ਨੂੰ ਸਹੀ ਸਿੱਧ ਕਰਨ ਲਈ ਆਪਣੀ ਪੂਰੀ ਵਾਹ ਲਾਉਂਦਾ ਹੈ। ਸਚੁ ਧਰਮ ਦੇ ਪ੍ਰਚਾਰ , ਦਾ ਜ਼ੋਰ ਜ਼ਿਆਦਾ ਵਧ ਜਾਣ ਦੀ ਸੂਰਤ ਵਿਚ, ਇਹ ਸਾਰੇ ਅਨਮੱਤੀਏ ਆਪਾ-ਵਿਰੋਧ ਭੁਲਾ ਕੇ ਇਸ ਸੱਚੀ ਮੱਤ ਦੇ ਦੁਸ਼ਮਣ ਬਣ ਜਾਇਆ ਕਰਦੇ ਹਨ।

ਸਚੁ ਧਰਮ ਦੀ ਇਸ ਮੱਤ ਵੱਲੋਂ ਚਲਾਈ ਗਈ 'ਗਿਆਨ ਕੀ ਆਂਧੀ' ਸਾਹਮਣੇ ਇਨਾਂ ਮੱਤਾਂ ਦਾ ਆਪਣਾ ਵਜੂਦ ਤਹਿਸ-ਨਹਿਸ ਹੋਇਆ ਨਜ਼ਰ ਆਉਣ ਲੱਗ ਪੈਂਦਾ ਹੈ। ਇਸੇ ਲਈ ਗੁਰੂ-ਘਰ ਵੱਲੋਂ ਸਚੁ ਧਰਮ ਦੇ ਝੰਡਾ ਬਰਦਾਰ, ਖਾਲਸੇ ਨੂੰ ਜਥੇਬੰਦ ਕਰਨ ਹਿਤ ਮੁਹਿੰਮ ਵਿੱਢੀ ਗਈ ਸੀ।

ਗੁਰੂ-ਘਰ ਦੀ ਚੜਦੀ ਕਲਾ ਦੇਖ ਕੇ ਛੇਵੇਂ ਗੁਰੁ ਹਰਿਗੋਬਿੰਦ ਜੀ ਨੂੰ ਅਨਮੱਤੀਆਂ ਵੱਲੋਂ ਚਾਰ ਜੁੱਧ ਲੜਨ ਲਈ ਮਜਬੂਰ ਕੀਤਾ ਗਿਆ। ਭਾਵੇਂ ਇਨ੍ਹਾਂ ਚਾਰਾਂ ਜੁੱਧਾਂ ਵਿਚ ਫਤਹਿ ਗੁਰੁ ਸਾਹਿਬ ਜੀ ਦੀ ਹੀ ਹੋਈ ਪਰ ਉਨ੍ਹਾਂ ਨੇ ਕਦੇ ਭੀ, ਹਾਰ ਖਾ ਕੇ ਭੱਜਣ ਵਾਲਿਆਂ ਦਾ ਪਿੱਛਾ ਨਹੀਂ ਕੀਤਾ ਕਿਉਂਕਿ ਗੁਰੂ-ਘਰ ਦੀ ਲੜਾਈ ਨਾ ਤਾਂ ਸੰਸਾਰੀ ਰਾਜ ਲਈ ਸੀ ਅਤੇ ਨਾ ਹੀ ਕਿਸੇ ਹੋਰ ਲਾਲਚ ਵੱਸ। ਗੁਰੂ-ਘਰ ਦੀ ਲੜਾਈ ਤਾਂ ਸਚੁ ਧਰਮ ਤੇ ਹਮਲਾ ਕਰਨ ਵਾਲਿਆਂ ਵਿਰੁੱਧ, ਆਪਣੇ ਬਚਾਅ ਲਈ ਹੀ ਸੀ। ਸਚੁ ਧਰਮ ਦੇ ਝੰਡਾ ਬਰਦਾਰਾਂ ਨੂੰ ਕਿਸੇ ਉਤੇ ਹਮਲਾ ਕਰਨ ਦੀ ਆਗਿਆ ਨਹੀਂ। ਉਨ੍ਹਾਂ ਦੀ ਤਲਵਾਰ ਤਾਂ ਹੱਕ ਸਚੁ ਦੇ ਘਾਣ ਕਰਨ ਵਾਲੇ ਜਰਵਾਣਿਆਂ ਦੇ ਖਿਲਾਫ ਹੀ ਉਠ ਸਕਦੀ ਹੈ! ਮਜ਼ਲੂਮ ਦੀ ਰਾਖੀ ਕਰਨਾ ਅਤੇ ਸਚੁ 'ਤੇ ਪਹਿਰਾ ਦੇਣਾ ਇਸ 'ਪੰਥ ਖਾਲਸੇ' ਦੇ ਪੰਥੀਆਂ ਦਾ ਧਰਮ ਹੈ। ਇਸੇ ਲਈ ਕਸ਼ਮੀਰੀ ਪੰਡਤਾਂ ਦੇ ਵਿਰਲਾਪ ਸੁਣ ਕੇ ਨੌਂਵੇਂ ਪਾਤਸ਼ਾਹ ਗੁਰੁ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਦੀ ਜ਼ਾਲਮ ਹਕੂਮਤ ਨਾਲ ਟੱਕਰ ਲੈ ਕੇ ਆਪਣਾ ਬਲੀਦਾਨ ਦੇ ਦਿੱਤਾ।

ਜਦੋਂ ਦਸਮ ਪਾਤਸ਼ਾਹ ਗੁਰੁ ਗੋਬਿੰਦ ਸਿੰਘ ਜੀ ਸਮੇਂ ਖਾਲਸੇ ਦੀ ਚੜਦੀ ਕਲਾ ਸਿਖਰਾਂ ਛੂਹ ਰਹੀ ਸੀ ਅਤੇ ਉਨ੍ਹਾਂ ਨੇ ਚਾਰ ਵਰਨਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਦਿੱਤਾ ਤਾਂ ਇਨ੍ਹਾਂ ਬ੍ਰਾਹਮਣਾਂ ਦੇ ਹਿਰਦੇ ਦਹਿਲ ਗਏ। ਇਨ੍ਹਾਂ ਨੇ ਝਟਪਟ ਮੌਲਾਣਿਆਂ ਨਾਲ ਮਿਲ ਕੇ ਸਚੁ ਧਰਮ ਨੂੰ ਖਤਮ ਕਰ ਦੇਣ ਦੀਆਂ ਵਿਉਂਤਾਂ ਬਣਾਉਣੀਆਂ ਆਰੰਭ ਦਿੱਤੀਆਂ। ਬਾਈਧਾਰੀਏ ਰਾਜਪੂਤ ਰਾਜੇ, ਜਿਹੜੇ ਕਿ ਇਨ੍ਹਾਂ ਬਾਹਮਣਾਂ ਦੇ ਚੇਲੇ ਸਨ, ਸਤਿਗੁਰੁ ਜੀ ਦੇ ਵੈਰੀ ਬਣ ਗਏ। ਪਾਉਂਟਾ ਸਾਹਿਬ ਦੀ ਲੜਾਈ ਵਿਚ ਹਾਰ ਖਾਣ ਤੋਂ ਬਾਅਦ ਇਨ੍ਹਾਂ ਰਾਜਿਆਂ ਨੂੰ ਯਕੀਨ ਹੋ ਗਿਆ ਕਿ ਅਸੀਂ ਇਕੱਲੇ, ਇਸ ਸਚੁ ਧਰਮ ਦੇ ਪ੍ਰਚਾਰ ਦਾ ਮੂੰਹ ਬੰਦ ਕਰ ਦੇਣ ਵਿਚ ਕਾਮਯਾਬ ਨਹੀਂ ਹੋ ਸਕਦੇ। ਇਸ ਲਈ ਦਿੱਲੀ ਦੇ ਸਮਰਾਟ ਔਰੰਗਜ਼ੇਬ ਪਾਸੋਂ ਮੱਦਦ ਮੰਗੀ ਗਈ। ਉਸ ਤੋਂ ਬਾਅਦ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਗਿਆ। ਫਿਰ ਭੀ ਜਦੋਂ ਕਾਮਯਾਬੀ ਹੱਥ ਲੱਗਦੀ ਨਜ਼ਰ ਨਾ ਆਈ ਤਾਂ ਆਟੇ ਦੀ ਗਊ ਬਣਾ ਕੇ ਕਸਮਾਂ ਖਾਣ ਦਾ ਫਰੇਬ ਭੀ ਕੀਤਾ ਗਿਆ। ਕਿਲਾ ਛੱਡਣ ਉਪਰੰਤ ਜਿਸ ਤਰੀਕੇ ਨਾਲ ਧੋਖਾ, ਇਨ੍ਹਾਂ ਅਨਮੱਤੀਆਂ ਵੱਲੋਂ ਸਚੁ ਧਰਮ ਦਾ ਖੁਰਾ-ਖੋਜ ਮਿਟਾ ਦੇਣ ਲਈ ਕੀਤਾ ਗਿਆ, ਉਹ ਕਿਸੇ ਕੋਲੋਂ ਵੀ ਲੁਕਿਆ ਹੋਇਆ ਨਹੀਂ ਹੈ। ਕਹਿਣ ਤੋਂ ਭਾਵ ਇਹ ਹੈ ਕਿ ਗੁਰੁ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਤੀਹ-ਬੱਤੀ ਸਾਲ ਦੇ ਅੰਦਰ-ਅੰਦਰ ਹੀ ਉਹ ਕਿਹੜੇ ਕਾਰਨ ਸਨ, ਜਿਨ੍ਹਾਂ ਕਰਕੇ ਇਨ੍ਹ ਬਾਈਧਾਰ ਦੇ ਹਿੰਦੂ ਰਾਜੇ, ਉਸੇ ਗੁਰੂ ਦੇ ਖਾਨਦਾਨ ਦਾ ਖੁਰਾ-ਖੋਜ ਮਿਟਾ ਦੇਣ ਲਈ ਚਿੰਤਾਤੁਰ ਹੋ ਗਏ, ਜਿਸ ਗੁਰੁ ਨੇ ਇਨ੍ਹਾਂ ਨੂੰ ਮੁਸਲਮਾਨ ਹੋਣੋਂ ਬਚਾਇਆ ਸੀ। ਗੁਰੂ-ਘਰ ਵੱਲੋਂ ਪੱਥਰ-ਪੂਜਾ ਦੀ ਇਤਨੀ ਤੀਬਰ ਵਿਰੋਧਤਾ ਪਹਿਲੇ ਗੁਰੁ ਸਾਹਿਬਾਨ ਵੇਲੇ ਕਦੇ ਨਹੀਂ ਸੀ ਹੋਈ, ਜਿਤਨੀ ਕਿ ਦਸਮ ਪਾਤਸ਼ਾਹ ਵੇਲੇ ਹੋਣ ਲੱਗ ਪਈ ਸੀ, ਜਿਹੜੀ ਕਿ ਪਹਾੜੀ ਰਾਜਿਆਂ ਅਤੇ ਉਨ੍ਹਾਂ ਦੇ ਮੋਹਰੀ ਜਾਂ ਆਗੂ ਪੰਡਿਤਾਂ ਨੂੰ ਅਤਿ ਕੌੜੀ ਲੱਗਦੀ ਸੀ। ਮੁਸਲਮਾਨ ਧਰਮ ਦੇ ਭੀ ਬਹੁਤ ਸਾਰੇ ਫਕੀਰ ਗੁਰੂ-ਘਰ ਉਪਰ ਭਰੋਸਾ ਕਰਨ ਲੱਗ ਪਏ ਸਨ, ਜਿਸ ਕਰਕੇ ਮੌਲਾਣੇ ਭੀ ਦਿਨੋ-ਦਿਨ ਚਿੰਤਤ ਹੁੰਦੇ ਜਾ ਰਹੇ ਸਨ। ਇਹੀ ਕਾਰਨ ਸੀ ਦਸਮ ਪਾਤਸ਼ਾਹ ਤੋਂ ਬਾਅਦ ਇਸ ਸਚੁ ਧਰਮ ਉਤੇ ਕਹਿਰ ਢਾਹੇ ਜਾਣ ਦਾ। ਹਿੰਦੂਆਂ ਨੂੰ ਤਾਂ ਮੁਲਾਣਿਆਂ ਨਾਲੋਂ ਭੀ ਵਧੇਰੇ ਖਤਰਾ ਦਿਖਾਈ ਦੇ ਰਿਹਾ ਸੀ। ਇਸੇ ਲਈ ਉਨ੍ਹਾਂ ਮੁਗਲ ਹਕੂਮਤ ਨਾਲ ਮਿਲ ਕੇ ਇਸ ਸਚੁ ਧਰਮ ਦੇ ਪ੍ਰਚਾਰ ਦਾ ਖੁਰਾ-ਖੋਜ ਮਿਟਾ ਦੇਣ ਦੀਆਂ ਵਿਉਂਤਾਂ ਘੜਨੀਆਂ ਜਾਰੀ ਰੱਖੀਆਂ। ਖਾਲਸੇ ਨੂੰ ਘਰ-ਬਾਰ ਛੱਡ ਕੇ ਜੰਗਲਾਂ ਵਿਚ ਦਿਨ ਕਟੀ ਕਰਨ ਲਈ ਮਜਬੂਰ ਹੋਣਾ ਪਿਆ, ਪਰ ਉਨ੍ਹਾਂ ਨੇ ਸਚੁ ਧਰਮ ਨਾਲੋਂ ਆਪਣਾ ਨਾਤਾ ਨਹੀਂ ਤੋੜਿਆ।

ਅੱਜ ਸਾਡੇ ਕੋਲ ਸਿੱਖੀ ਦੇ ਪ੍ਰਚਾਰ ਦਾ ਵਿਗੜਿਆ ਹੋਇਆ ਸਰੂਪ, ਉਪਰ ਦੱਸੇ ਗਏ ਇਤਿਹਾਸ ਦੀ ਹੀ ਦੇਣ ਹੈ। ਇਹ ਸਭ ਕੁਝ ਲਿਖਣ ਦਾ ਮਤਲਬ ਇਹ ਹੈ ਕਿ ਸਿੱਖ ਰਾਜ ਹੋਣ ਦੇ ਬਾਵਜੂਦ ਭੀ ਅਸੀਂ ਅੱਜ ਤਕ ਗੁਰਮਤਿ ਵਿਚ ਦਰਸਾਏ ਗਏ ਪੰਥ ਨੂੰ ਪਛਾਣ ਲੈਣ ਵਿਚ ਅਸਮਰੱਥ ਰਹੇ ਹਾਂ ਜਿਸ ਕਾਰਨ ਸਾਨੂੰ ਹੁਣ ਵੀ ਗੁਰੂ-ਘਰ ਦੇ ਕੁਝ ਦੋਖੀ, ਕੇਸਾਧਾਰੀ ਹਿੰਦੂ ਆਖ ਕੇ ਚਿੜਾ ਰਹੇ ਹਨ। ਅਸੀਂ ਇਹ ਮੰਨਦੇ ਹਾਂ ਕਿ ਗੁਰਬਾਣੀ ਦੇ ਬਹੁਤੇ ਟੀਕੇ ਸਾਨੂੰ ਬਿਪਰਵਾਦ ਦੀਆਂ ਲੀਹਾਂ ਉਪਰ ਹੀ ਤੋਰੀ ਜਾ ਰਹੇ ਹਨ। ਜਿਨ੍ਹਾਂ ਲੋਕਾਂ ਨੇ ਪਿਛਲੇ ਸਮੇਂ ਗੁਰਬਾਣੀ ਨੂੰ ਅਰਥਾਇਆ । ਜਾਂ ਅਰਥਾਉਣ ਵਾਲਿਆਂ ਨਾਲ ਸਹਿਯੋਗ ਦਿੱਤਾ, ਉਨ੍ਹਾਂ 'ਚੋਂ ਬਹੁਤਿਆਂ ਦਾ ਮੰਤਵ ਹੀ ਕਾਸ਼ੀ ਮੱਤ ਅਤੇ ਸਿੱਖ ਮੱਤ ਨੂੰ ਰਲ ਗਡ ਕਰ ਦੇਣ ਦਾ ਸੀ।

ਇਥੇ ਇਹ ਗੱਲ ਦੱਸਣੀ ਭੀ ਜ਼ਰੂਰੀ ਬਣਦੀ ਹੈ ਕਿ ਉਹ ਅਖੌਤੀ ਸਿੱਖ ਰਾਜੇ, ਜਿਹੜੇ ਕਿ ਪੰਥ ਖਾਲਸੇ ਦੇ ਸਰਬ-ਰਾਹ ਬਣੇ ਹੋਏ ਸਨ, ਉਹ ਆਪਣੀਆਂ ਸਿਆਸੀ ਮਜਬੂਰੀਆਂ ਕਾਰਨ ਗੁਰਮਤਿ ਦੇ ਦੋਖੀਆਂ ਨਾਲ ਅੰਦਰ-ਖਾਤੇ ਮਿਲੇ ਹੋਏ ਸਨ ਕਿਉਂਕਿ ਉਨ੍ਹਾਂ ਨੂੰ ਗੁਰਮਤਿ ਦੇ ਪ੍ਰਚਾਰ ਨਾਲੋਂ ਆਪਣੀਆਂ ਗੱਦੀਆਂ ਦੀ ਵਧੇਰੇ ਚਿੰਤਾ ਸੀ। ਆਦਿ ਪੋਥੀ ਸਾਹਿਬ (ਗੁਰੂ-ਗ੍ਰੰਥ ਸਾਹਿਬ) ਜੀ ਦੀ ਬਾਣੀ ਵਿਚ ਰਲਾ ਪਾ ਦੇਣ ਦੀ ਹਿੰਮਤ ਤਾਂ । ਉਨ੍ਹਾਂ ਵਿਚ ਨਹੀਂ ਸੀ ਪਰ ਉਨ੍ਹਾਂ ਨੇ ਅਖੌਤੀ ਸਿੱਖ, ਬਾਹਮਣਾਂ ਕੋਲੋਂ ਗੁਰਬਾਣੀ ਨੂੰ ਇਸ ਢੰਗ ਨਾਲ ਅਰਥਵਾਉਣ ਦੀ ਸਾਜ਼ਿਸ਼ ਰਚੀ, ਜਿਸ ਨਾਲ ਸਿੱਖ ਮੱਤ ਦਾ ਸਰੂਪ, ਹਿੰਦੂ ਮੱਤ ਜਿਹਾ ਹੀ ਲੱਗਣ ਲੱਗ ਪਿਆ। ਬਿਪਰਵਾਦੀ ਸੋਚ ਵਾਲਿਆਂ ਆਪਣੀ ਸ਼ਾਤਰ ਬੁੱਧੀ ਨਾਲ ਅਜਿਹੀਆਂ ਸਾਖੀਆਂ ਘੜ ਕੇ ਗੁਰਮਤਿ ਨਾਲ ਜੋੜ ਦਿੱਤੀਆਂ, ਜਿਨ੍ਹਾਂ ਨੂੰ ਸਮਝ ਲੈਣਾ, ਸਧਾਰਨ ਵਿਦਵਾਨਾਂ ਦੇ ਵੱਸ ਤੋਂ ਬਾਹਰ ਦੀ ਗੱਲ ਬਣੀ ਹੋਈ ਹੈ।



ਅਗਸਤ 1995 ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਸ਼ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਜਨਮਦਿਵਸ ਤੇ ਅੰਮ੍ਰਿਤਸਰ ਸਾਹਿਬ ਪਧਾਰੇ ਸਨ ਉਸ ਉਪਰੰਤ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ। ਸ਼ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਦਫਤਰ ਸ਼ਰੋਮਣੀ ਕਮੇਟੀ 'ਚ ਉਹਨਾਂ ਦੀ ਜਲ ਪਾਣੀ ਨਾਲ ਸੇਵਾ ਕੀਤੀ ਗਈ । ਇਸ ਤਸਵੀਰ ਵਿਚ ਸ. ਲਾਲ ਸਿੰਘ ਸੁਲਹਾਣੀ ਤੋਂ ਇਲਾਵਾ ਜਥੇਦਾਰ ਸ. ਸੇਵਾ ਸਿੰਘ ਸੇਖਵਾਂ ਤੇ ਉਤਰ ਪ੍ਰਦੇਸ਼ ਦੇ ਤਤਕਾਲੀ ਕੈਬਨਿਟ ਮੰਤਰੀ ਸ੍ਰੀ ਰਾਮ ਬਿਲਾਸ ਵਾਲਮੀਕਿ ਵੀ ਨਜਰ ਆ ਰਹੇ ਹਨ।

# ਕੁਦਰਤੀ ਨਿਆਮਤਾਂ ਦਾ ਅਣਮੋਲ ਖਜਾਨਾ- ਗੁਰ ਲਗਨ

1994 ਵਿੱਚ ਇੱਕ ਹਿੰਦੀ ਫ਼ਿਲਮ ਨੇ ਤਹਿਲਕਾ ਮਚਾ ਦਿੱਤਾ ਸੀ, ਉਹ ਫਿਲਮ ਸੀ; ਹਮ ਆਪ ਕੇ ਹੈਂ ਕੌਣ। ਇਸ ਫਿਲਮ ਵਿੱਚ ਸਲਮਾਨ ਖ਼ਾਨ ਤੇ ਮਾਧੁਰੀ ਦੀਕਸ਼ਿਤ ਦੀ ਮਸ਼ਹੂਰ ਜੋੜੀ ਤੋਂ ਇਲਾਵਾ ਇੱਕ ਹੋਰ ਚਿਹਰਾ ਵੀ ਸੀ ਜਿਸਦੀ ਤਾਰੀਫ਼ ਹਰ ਕਿਸੇ ਦੀ ਜੁਬਾਨ ਤੋਂ ਆਪ ਮੁਹਾਰੇ ਹੁੰਦੀ ਸੀ। ਹਰ ਵੇਲ਼ ਹਸੂੰ ਹਸੂੰ ਕਰਦਾ ਉਹ ਚਿਹਰਾ ਸੀ; ਰੇਣੂਕਾ ਸ਼ਹਾਨੇ। 1994 ਤੋਂ ਬਾਅਦ ਹੁਣ 2020 ਦੌਰਾਨ ਹਾਲ ਹੀ ਵਿੱਚ ਇੱਕ ਨਵੇਂ ਹਸੂੰ ਹਸੂੰ ਕਰਦੇ ਚਿਹਰੇ ਨੇ ਵਖਰੇ ਅੰਦਾਜ਼ ਵਿੱਚ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਧਮਾਕੇਦਾਰ ਐਂਟਰੀ ਕੀਤੀ ਹੈ, ਉਹ ਹੈ ਗੁਰ ਲਗਨ। ਗੁਰ ਲਗਨ ਨੇ ਆਪਣੇ ਪਲੇਠੇ ਗੀਤ ਮਹਿੰਦੀ ਰੰਗਾ ਨਾਲ ਸੱਚੇ ਸੁੱਚੇ ਤੇ ਸ਼ਰਬਤੀ ਸੰਗੀਤ ਨੂੰ ਚਾਹੁਣ ਤੇ ਸੁਣਨ ਵਾਲੇ ਸਰੋਤਿਆਂ ਵਿੱਚ ਤਹਿਲਕਾ ਮਚਾ ਦਿੱਤਾ ਹੈ। ਦੇਸ਼ਾਂ ਵਿਦੇਸ਼ਾਂ ਤੇ ਗੁਆਂਢੀ ਮੁਲਕ ਪਾਕਿਸਤਾਨ ਤੋਂ ਲਹਿੰਦੇ ਪੰਜਾਬ ਦੇ ਫ਼ਨਕਾਰਾਂ ਕਲਾਕਾਰਾਂ ਨੇ ਵੀ ਗੁਰ ਲਗਨ ਦੀ ਰੱਜ ਕੇ ਤਾਰੀਫ਼ ਕੀਤੀ। ਫੇਸ ਬੁੱਕ, ਯੂ ਟਿਊਬ ਤੇ ਟਿੱਕ ਟੋਕ ਤੇ ਇਸ ਵੇਲੇ ਗੁਰ ਲਗਨ ਦੇ ਹੀ ਚਰਚੇ ਹਨ। ਕੋਈ ਢੋਲ ਵਜਾ ਕੇ, ਕੋਈ ਤਬਲਾ ਵਜਾ ਕੇ ਤੇ ਕੋਈ ਹਰਮੋਨੀਅਮ ਤੇ ਗੁਨ ਗੁਣਾ ਕੇ ਉਸਦੇ ਮਹਿੰਦੀ ਰੰਗਾ ਗੀਤ ਦਾ ਤਰਜੁਮਾ ਪੇਸ਼ ਕਰ ਰਿਹਾ ਹੈ। ਕਿੱਤੇ ਵਜੋਂ ਅਧਿਆਪਕਾ ਗੁਰ ਲਗਨ ਇੱਕ ਮਿਹਨਤੀ ਤੇ ਬਹੁ ਕਲਾਤਮਿਕ ਸ਼ਖਸ਼ੀਅਤ ਹੈ। ਲਿਖਣਾ, ਗਾਉਣਾ ਤੇ ਡਾਂਸ ਕਰਨਾ ਗੁਰ ਲਗਨ ਨੂੰ ਰੱਬੀ ਸੁਗਾਤ ਵਜੋਂ ਮਿਲੇ ਹਨ। ਗਾਇਕੀ ਦੀ ਗੱਲ ਕਰੀਏ ਤਾਂ ਸਾਦਗੀ ਤੇ ਖੂਬਸੂਰਤੀ ਦੇ ਵਿਲੱਖਣ ਸੁਮੇਲ ਨਾਲ ਮਿਸ਼ਰੀ ਵਰਗੇ ਬੋਲਾਂ ਨਾਲ ਫਿਜਾਵਾਂ ਵਿੱਚ ਸ਼ਰਬਤ ਘੋਲਣ ਵਾਲੀ ਪੰਜਾਬ ਦੀ ਇਸ ਧੀ ਨੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਜੀ ਨੂੰ ਤਾਜ਼ਾ ਤਰੀਨ ਅੰਦਾਜ ਵਿੱਚ ਦਰਸ਼ਕਾਂ ਦੇ ਰੂ ਬਰੂ ਕੀਤਾ ਹੈ। ਇਹ ਕਹਿ ਲਿਆ ਜਾਵੇ ਕਿ ਸੁਰਿੰਦਰ ਕੌਰ ਜੀ ਦੀ ਸ਼ਵੀ ਉਸਦੀ ਸੀਰਤ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੀ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਗੁਰ ਲਗਨ ਦੀ ਮਿੱਠੀ ਤੇ ਸੁਰੀਲੀ ਆਵਾਜ਼ ਵਿੱਚ ਧੁਰ ਅੰਦਰ ਤੱਕ ਲਹਿ ਜਾਣ ਦਾ ਜਾਦੂ ਹੈ। ਉਸਦਾ ਕਹਿਣਾ ਹੈ ਕਿ ਉਸਨੂੰ ਮਸ਼ਹੂਰ ਹੋਣ ਦਾ ਨਹੀਂ ਬਲਕਿ ਮਾਂ ਬੋਲੀ ਤੇ ਪੰਜਾਬੀ ਸੱਭਿਆਚਾਰ ਲਈ ਬਣਦਾ ਫ਼ਰਜ਼ ਅਦਾ ਕਰਨ ਦਾ ਸ਼ੌਕ ਤੇ ਜਨੂੰਨ ਹੈ। ਸਰੋਤਿਆਂ ਦੇ ਮਣਾ ਮੂੰਹੀਂ ਪਿਆਰ ਤੇ ਦੁਲਾਰ ਨੇ ਉਸ ਅੰਦਰਲੀਆਂ ਕੋਮਲ ਭਾਵੀ ਉਡਾਰੀਆਂ ਨੂੰ ਹਕੀਕੀ ਜਾਮਾ ਪਹਿਨਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਅੱਜ ਕੱਲ੍ਹ ਫੋਕੀ ਵਾਹੋ ਵਾਹੀ ਪਾਉਣ ਲਈ ਨਵੇਂ ਗਾਇਕ ਹਰ ਤਰ੍ਹਾਂ ਦੇ ਪਾਪੜ ਵੇਲਦੇ ਨਜਰ ਆਉਂਦੇ ਹਨ।




ਇਥੋਂ ਤੱਕ ਕੇ ਯੂ ਟਿਊਬ ਤੇ ਮੁੱਲ ਦੇ ਵਿਊਜ਼ ਦਿਖਾ ਕੇ ਆਪਣੀ ਝੂਠੀ ਸ਼ੋਹਰਤ ਸਾਬਿਤ ਕਰਨ ਤੋਂ ਵੀ ਰੈਡੀ ਮੇਡ ਗੱਵਈਏ ਪਰਹੇਜ਼ ਨਹੀਂ ਕਰਦੇ। ਪਰ ਅਸਲ ਵਿੱਚ ਜਦੋਂ ਕੋਈ ਸੁਰਾਂਗਲਾ ਸੱਜਣ ਸ਼ਹਿਦ ਨਾਲ਼ੋਂ ਮਿੱਠੇ ਵਿਸਮਾਦੀ ਬੋਲਾਂ ਨਾਲ ਦਿਲ ਟੁੰਬਵੇਂ ਅੰਦਾਜ ਵਿੱਚ ਤੱਰਨੁਮ ਭਰਪੂਰ ਕੋਈ ਸੱਭਿਆਚਾਰਕ ਰਚਨਾ ਸਰੋਤਿਆਂ ਦੀ ਕਚਹਿਰੀ ਵਿੱਚ ਸੁਹਿਰਦਤਾ ਨਾਲ ਪੇਸ਼ ਕਰਦਾ ਹੈ ਤਾਂ ਉਸਨੂੰ ਫੋਕੀ ਸ਼ੋਹਰਤ ਲਈ ਤਰਲੋ ਮੱਛੀ ਨਹੀਂ ਹੋਣਾ ਪੈਂਦਾ ਬਲਕਿ ਚੰਗਾ ਸੁਣਨ ਵਾਲੇ ਸਰੋਤੇ ਆਪ ਜਨੂਨੀ ਬਣ ਜਾਂਦੇ ਉਸਨੂੰ ਪਿਆਰ ਤੇ ਸਤਿਕਾਰ ਦੇਣ ਲਈ। ਤਾਂ ਹੀ ਤਾਂ ਗੁਰ ਲਗਨ ਦੇ ਪਲੇਠੇ ਗੀਤ ਨੇ ਹੀ ਸੂਝਵਾਨ ਸਰੋਤਿਆਂ ਦੇ ਦਿਲਾਂ ਵਿੱਚ ਇੱਕ ਖਾਸ ਮੁਕਾਮ ਹਾਸਿਲ ਕਰ ਲਿਆ ਹੈ। ਮਾਸੂਮ, ਪਿਆਰੀ ਤੇ ਹਰ ਵੇਲੇ ਹਸੂੰ ਹਸੂੰ ਕਰਦੀ ਖੁਸ਼ ਤਬੀਅਤ ਦੀ ਮਲਿਕਾ ਗੁਰ ਲਗਨ ਦੇ ਕੋਮਲ ਭਾਵੀ ਖੁਆਬਾਂ ਵਿੱਚ ਹਕੀਕੀ ਰਮਜ਼ਾਂ ਛੁਪੀਆਂ ਹਨ। ਇਹਨਾਂ ਰਮਜਾਂ ਨੂੰ ਖੂਬਸੂਰਤ ਹਰਕਤਾਂ, ਮੁਰਕੀਆਂ ਤੇ ਸੁਰਾਂ ਦੇ ਵਿਸਮਾਦੀ ਤੇ ਵਿਲੱਖਣ ਸੁਮੇਲ ਨਾਲ ਗੁਰ ਲਗਨ ਆਪਣੇ ਆਉਣ ਵਾਲੇ ਗੀਤਾਂ ਰਾਹੀਂ ਬਾ ਕਮਾਲ ਅੰਦਾਜ ਵਿੱਚ ਪੇਸ਼ ਕਰਕੇ ਸਰੋਤਿਆਂ ਨੂੰ ਕਿੰਨਾ ਕੁ ਸਹਿਜ ਤੇ ਸਕੂਨ ਭਰਿਆ ਸਰੂਰ ਦੇਵੇਗੀ, ਬੇਸਬਰੀ ਨਾਲ ਉਡੀਕ ਰਹੇਗੀ।

**- ਡਾਕਟਰ ਅਵਤਾਰ ਸਿੰਘ**

## 5 ਜੂਨ, 2020 ਵਿਸ਼ਵ ਵਾਤਾਵਰਣ ਦਿਵਸ ਸਬੰਧੀ ਵਿਸ਼ੇਸ਼

# ਇਸ ਸਾਲ ਦਾ ਮੁੱਖ ਉਦੇਸ਼ ਕੁਦਰਤ ਦਾ ਸਮਾਂ ਹੈ ਜੈਵਿਕ ਵਿਭਿੰਨਤਾ

ਹਰ ਸਾਲ ਵਾਂਗ ਅੱਜ 05 ਜੂਨ ਦਾ ਦਿਹਾੜਾ ਵਿਸ਼ਵ ਵਾਤਾਵਰਣ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਵਾਤਾਵਰਣ ਵਿਚ ਵੱਧ ਰਹੇ ਪ੍ਰਦੂਸ਼ਣ ਤੇ ਚਿੰਤਾ ਦਾ ਪ੍ਰਗਟਾਵਾ ਕਰਨ ਲਈ ਲੱਗਭੱਗ ਹਰ ਕਸਬੇ ਸ਼ਹਿਰ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਪ੍ਰੋਗਰਾਮ ਕੀਤੇ ਜਾਣਗੇ। ਜੇਕਰ ਇਸ ਦਾ ਪਿਛੋਕੜ ਵੇਖੀਏ ਤਾਂ ਸੰਯੁਕਤ ਰਾਸ਼ਟਰ ਸੰਘ ਨੇ ਸਾਲ 1972 ਤੋਂ ਹਰ ਸਾਲ 05 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਸੀ। ਇਸਦਾ ਮੁੱਖ ਉਦੇਸ਼ ਵਾਤਾਵਰਣ ਦੇ ਪ੍ਰਤੀ ਜਾਗਰੂਕਤਾ ਲਿਆਂਦੇ ਹੋਏ ਰਾਜਨੀਤਿਕ ਚੇਤਨਾ ਜਗਾਉਣਾ ਅਤੇ ਆਮ ਜਨਤਾ ਨੂੰ ਪ੍ਰੇਰਿਤ ਕਰਨਾ ਸੀ। ਇਸ ਸਾਲ 2020 ਨੂੰ ਵਿਸਵ ਵਾਤਾਵਰਣ ਦਿਵਸ ਦੇ ਪ੍ਰੋਗਰਾਮ ਦੀ ਮੇਜ਼ਵਾਨੀ ਜਰਮਨੀ ਦੀ ਭਾਈਵਾਲੀ ਨਾਲ ਕੋਲੰਬੀਆ ਕਰ ਰਿਹਾ ਹੈ ਅਤੇ ਇਸ ਸਾਲ ਦਾ ਮੁੱਖ ਉਦੇਸ਼ ਜੈਵਿਕ ਵਿਭਿੰਨਤਾ ਮਨਾਓ ਹੈ। ਜੈਵਿਕ ਵਿਭਿੰਨਤਾ ਬਾਰੇ ਪਾਰਟੀਆਂ ਦੀ ਕਨਵੈਨਸ਼ਨ ਦੀ 15ਵੀਂ ਮੀਟਿੰਗ ਜੋਕਿ ਅਕਤੂਬਰ 2020 ਵਿੱਚ ਆਯੋਜਿਤ ਹੋਣੀ ਸੀ ਕੋਵਿਡ-19 ਕਾਰਨ ਰੱਦ ਕੀਤੀ ਗਈ ਹੈ ਅਤੇ ਹੁਣ 2021 ਵਿੱਚ ਹੋਣ ਦੀ ਸੰਭਾਵਨਾ ਹੈ। ਵਰਣਨਯੋਗ ਹੈ ਕਿ ਕੋਲੰਬੀਆ ਪੂਰੇ ਵਿਸ਼ਵ ਦੀ ਜੈਵਿਕ ਵਿਭਿੰਨਤਾ ਦੇ 10 ਫਿਸਦੀ ਹਿੱਸੇ ਨੂੰ ਸਾਂਭਣ ਲਈ ਵਿਸ਼ਵ ਵਿੱਚ ਸਭ ਤੋਂ ਵੱਡੀ ਮੈਗਾਡੀਵਰਸੀ ਦੇਸ਼ਾਂ ਵਿੱਚੋਂ ਇੱਕ ਹੈ ਕਿਉਂਕਿ ਇਹ ਅਮੇਜਨ ਰੇਨ ਜੰਗਲੀ ਖੇਤਰ ਦਾ ਹਿੱਸਾ ਹੈ। ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਲੈਕੇ ਅੱਜ ਪੂਰਾ ਵਿਸ਼ਵ ਚਿੰਤਿਤ ਹੈ। ਪ੍ਰਦੂਸ਼ਣ ਦੀਆਂ ਕਈ ਕਿਸਮਾਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਆਦਿ ਹੈ। ਪ੍ਰਦੂਸ਼ਣ ਕਾਰਨ ਮਨੁੱਖੀ ਜੀਵਨ ਸਮੇਤ ਹੋਰ ਕਈ ਪ੍ਰਜਾਤੀਆਂ ਨੂੰ ਵੱਡਾ ਖਤਰਾ ਹੋ ਗਿਆ ਹੈ ਪਰ ਵਾਤਾਵਰਣ ਵਿਚ ਪ੍ਰਦੂਸ਼ਣ ਵਧਾਉਣ ਲਈ ਸਿਰਫ ਮਾਨਵ ਹੀ ਜਿੰਮੇਵਾਰ ਹੈ। ਜਿਵੇਂ-ਜਿਵੇਂ ਵਿਕਾਸ ਹੋ ਰਿਹਾ ਹੈ ਪ੍ਰਦੂਸ਼ਣ ਵੀ ਵੱਧਦਾ ਜਾ ਰਿਹਾ ਹੈ। ਵਧਦਾ ਸ਼ਹਿਰੀਕਰਣ ਅਤੇ ਉਦਯੋਗਿਕਰਣ ਵਾਤਾਵਰਣ ਲਈ ਵੱਡਾ ਖਤਰਾ ਬਣ ਰਹੇ ਹਨ। ਹਵਾ ਵਿੱਚ ਵਧੱ ਰਹੇ ਪ੍ਰਦੂਸ਼ਣ ਨੇ ਵਾਤਾਵਰਣ ਨੂੰ ਬਹੁਤ ਜ਼ਿਆਦਾ ਹੈ। ਹਵਾ ਵਿੱਚ ਪ੍ਰਦੂਸ਼ਣ ਉਦੋ ਵਧੱਦਾ ਹੈ ਜਦੋ ਵਾਯੂਮੰਡਲ ਵਿੱਚ ਗੈਸਾਂ ਧਾਤੂਆਂ ਅਤੇ ਜੈਵਿਕ ਅਣੂਆਂ ਸਮੇਤ ਪਦਾਰਥਾਂ ਦੇ ਨੁਕਸਾਨਦਹੇ ਜਾਂ ਵੱਧ ਮਾਤਰਾ ਵਿੱਚ ਹੁੰਦੀਆਂ ਹਨ। ਇਸ ਨਾਲ ਮਨੁਖਾਂ ਸਮੇਤ ਹੋਰ ਜੀਵਾਂ ਨੂੰ ਐਲਰਜ਼ੀ ਸਮੇਤ ਕਈ ਖਤਰਨਾਕ ਰੋਗ ਲੱਗ ਸਕਦੇ ਹਨ ਅਤੇ ਮੋਤ ਹੋ ਸਕਦੀ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਹਵਾ ਪ੍ਰਦੂਸ਼ਣ ਕਾਰਨ ਹੀ ਲੱਗਭੱਗ 70 ਲੱਖ ਵਿਅਕਤੀਆਂ ਦੀ ਮੋਤ ਹੋਈ ਹੈ। ਪਾਣੀ ਦੇ ਪ੍ਰਦੂਸ਼ਣ ਕਾਰਨ ਵੀ ਰੋਜਾਨਾ ਲੱਗਭੱਗ 14 ਹਜਾਰ ਵਿਅਕਤੀ ਮਰਦੇ ਹਨ। ਵਾਤਾਵਰਣ ਵਿਗਿਆਨੀਆਂ ਨੇ ਬੀਤੇ ਸਮੇਂ ਵਿੱਚ ਜੋ ਸ਼ੰਕੇ ਜਾਹਿਰ ਕੀਤੇ ਸਨ ਉਹ ਅੱਜ ਸੱਚ ਹੋਣ ਵੱਲ ਵੱਧ ਰਹੇ ਹਨ। ਓਜ਼ੋਨ ਪਰਤ ਵਿੱਚ ਛੇਕ ਹੋ ਜਾਣੇ, ਗਲੇਸ਼ੀਅਰਾਂ ਦਾ ਲਗਾਤਾਰ ਪਿਘਲਣਾ ਤੇ ਆਲਮੀ ਤਪਸ਼ ਦਾ ਵੱਧਣਾ ਇਸਦੇ ਮਾਰੂ ਪ੍ਰਭਾਵਾਂ ਦੇ ਸਪੱਸ਼ਟ ਲੱਛਣ ਹਨ। ਪ੍ਰਦੂਸ਼ਣ ਕਾਰਨ ਕੈਂਸਰ ਵਰਗੀ ਬਿਮਾਰੀਆਂ ਨੇ ਦੁਨੀਆਂ ਭਰ ਵਿੱਚ ਪੈਰ ਪਸਾਰ ਲਏ ਹਨ। ਅੱਜ ਗਲੋਬਲ ਵਾਰਮਿੰਗ ਵਿੱਚ ਵਾਧਾ ਹੋ ਰਿਹਾ ਹੈ ਜਿਸ ਨਾਲ ਧਰੁਵਾਂ ਤੇ ਪਈ ਬਰਫ ਪਿਘਲ ਰਹੀ ਹੈ। ਜੇਕਰ ਇਸ ਪਾਸੇ ਹੁਣ ਵੀ ਧਿਆਨ ਨਾ ਦਿੱਤਾ ਤਾਂ ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਤੱਟਵਰਤੀ ਇਲਾਕੇ ਇਸ ਵਿੱਚ ਡੁੱਬ ਜਾਣਗੇ। ਪੈਰਾਵੈਂਗਨੀ ਕਿਰਨਾਂ ਧਰਤੀ ਤੇ ਕੈਂਸਰ ਵਰਗੇ ਰੋਗ ਫੈਲਾ ਰਹੀਆਂ ਹਨ। ਗਰੀਨ ਹਾਊਸ ਪ੍ਰਭਾਵ ਵਿੱਚ ਵਾਧਾ ਹੋ ਰਿਹਾ ਹੈ। ਕਾਰਬਨ ਡਾਈਆਕਸਾਈਡ ਗੈਸ ਦੀ ਹਵਾ ਵਿੱਚ ਮਾਤਰਾ 0.03ਗ ਤੋਂ ਵੱਧ ਰਹੀ ਹੈ। ਇਹ ਗਰਮੀ ਨੂੰ ਵਧਾਉਣ ਦਾ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਪੈਟ੍ਰੋਲੀਅਮ ਪਦਾਰਥਾਂ ਦੀ ਅਥਾਹ ਵਰਤੋਂ ਕਰਨ ਨਾਲ ਜ਼ਹਿਰੀਲੇ ਧੂੰਏ ਦੀ ਵੱਧ ਪੈਦਾਵਾਰ ਹੋ ਰਹੀ ਹੈ। ਫਰਿਜ਼ ਅਤੇ ਏਅਰ ਕੰਡੀਸ਼ਨਰਾਂ ਦੀ ਵੱਧ ਰਹੀ ਵਰਤੋਂ ਅਤੇ ਤੇਜ਼ੀ ਨਾਲ ਵੱਧ ਰਹੇ ਉਦਯੋਗੀਕਰਨ ਨਾਲ ਕਾਰਬਨ ਡਾਈਆਕਸਾਈਡ ਵਿੱਚ ਵਾਧਾ ਹੋ ਰਿਹਾ ਹੈ ਅਤੇ ਸੀ.ਐਫ.ਸੀ.




ਗੈਸ ਦਾ ਰਿਸਾਵ ਹੋ ਰਿਹਾ ਹੈ। ਵਾਤਾਵਰਣ ਬਾਰੇ ਜੇਕਰ ਭਾਰਤ ਦੀ ਗੱਲ ਕਰੀਏ ਤਾ ਹਾਲਾਤ ਬਹੁਤੇ ਚੰਗੇ ਨਜ਼ਰ ਨਹੀਂ ਆਉਂਦੇ। ਦੇਸ਼ ਦੀਆਂ ਲੱਗਭੱਗ ਸਾਰੀਆਂ ਨਦੀਆਂ, ਦਰਿਆਵਾਂ ਅਤੇ ਪਾਣੀ ਦੇ ਹੋਰ ਕੁਦਰਤੀ ਸੋਮਿਆਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਫੈਕਟਰੀਆਂ ਤੇ ਸ਼ਹਿਰਾਂ ਦਾ ਜ਼ਹਿਰੀਲਾ ਤੇ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ ਜਿਸ ਕਾਰਨ ਇਹ ਪਾਣੀ ਦੇ ਸਰੋਤ ਖਤਰਨਾਕ ਸਾਬਤ ਹੋ ਰਹੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦਰਿਆਵਾਂ ਵਿੱਚ ਵੱਖ ਵੱਖ ਉਦਯੋਗਾਂ ਵਿੱਚ ਪੈ ਰਹੇ ਪ੍ਰਦੂਸ਼ਣ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਪ੍ਰਦੂਸ਼ਤ ਪਾਣੀ ਕਾਰਨ ਲੋਕ ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਖੇਤਾਂ ਵਿੱਚ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕ ਦਵਾਈਆਂ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਹ ਜ਼ਹਿਰ ਧਰਤੀ ਹੇਠਲੇ ਪਾਣੀ ਤੱਕ ਵੀ ਪਹੁੰਚ ਗਈ ਹੈ। ਉਦਯੋਗਾਂ ਵਲੋਂ ਹਵਾ ਵਿੱਚ ਛੱਡੇ ਜਾ ਰਹੇ ਜਹਰੀਲੇ ਧੂੰਏ ਅਤੇ ਗੈਸਾਂ ਕਾਰਨ ਕਈ ਵਾਰ ਸਾਹ ਲੈਣਾਂ ਵੀ ਮੁਸ਼ਕਿਲ ਹੋ ਜਾਂਦਾ ਹੈ। ਸਮੇਂ ਸਮੇਂ ਤੇ ਉਦਯੋਗਾਂ ਵਿੱਚ ਹੋ ਰਹੇ ਹਾਦਸਿਆਂ ਕਾਰਨ ਨੁਕਸਾਨ ਹੋ ਰਿਹਾ ਹੈ। ਸਮਾਜਿਕ, ਧਾਰਮਿਕ, ਰਾਜਨੀਤਿਕ ਕਾਰਜਾਂ ਲਈ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰ ਅਵਾਜ਼ ਦੇ ਪ੍ਰਦੂਸ਼ਣ ਵਿੱਚ ਅਥਾਹ ਵਾਧਾ ਕਰ ਰਹੇ ਹਨ ਅਤੇ ਕਈ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਨਿਰਮਾਣ ਅਤੇ ਵਿਕਾਸ ਕਾਰਜਾਂ ਲਈ ਰੁੱਖਾਂ ਦੀ ਕਟਾਈ ਹੋ ਰਹੀ ਹੈ। ਰੁੱਖ ਜੋ ਸਾਡੇ ਜੀਵਨ ਅਤੇ ਵਾਤਾਵਰਣ ਦੇ ਸਭ ਤੋਂ ਅਹਿਮ ਕਾਰਕ ਹਨ ਉਹ ਲਗਾਤਾਰ ਖਤਮ ਹੁੰਦੇ ਜਾ ਰਹੇ ਹਨ ਜਿਸ ਕਾਰਨ ਧਰਤੀ ਦਾ ਪਰਿਵਰਤਨ ਚੱਕਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਗੱਡੀਆਂ ਦਾ ਧੂੰਆਂ, ਕਾਰਖਾਨਿਆਂ ਦੀ ਗੰਦਗੀ, ਨਾਲੀਆਂ ਦਾ ਗੰਦਾ ਪਾਣੀ, ਇਹਨਾਂ ਸਭ ਨੇ ਸਾਡੇ ਜੀਵਨ ਦੀਆਂ ਜ਼ਰੂਰਤਾਂ ਹਵਾ, ਪਾਣੀ ਅਤੇ ਧਰਾਤਲ ਨੂੰ ਦੂਸ਼ਿਤ ਕਰਕੇ ਕਈ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਦ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਿੱਚ 40 ਫੀਸਦੀ ਵਾਧਾ ਹੋਇਆ ਹੈ। ਲੋਕ ਵੱਡੀ ਮਾਤਰਾ ਵਿੱਚ ਕੁਦਰਤੀ ਸਾਧਨਾਂ ਦਾ ਦੁਰਉਪਯੋਗ ਕਰਦੇ ਹਨ। ਖੇਤੀ ਦੀ ਰਹਿੰਦ ਖੂਹੰਦ ਅੰਨੇਵਾਹ ਜਲਾਉਣ ਨਾਲ ਹੀ ਹਰ ਸਾਲ ਹਰਿਆਣਾ ਅਤੇ ਦਿੱਲੀ ਸਮੇਤ ਦੇਸ਼ ਦੇ ਕਈ ਭਾਗਾਂ ਵਿੱਚ ਕਈ ਦਿਨ ਅਸਮਾਨ ਵਿੱਚ ਧੂੰਏ ਦੇ ਕਾਲੇ ਬੱਦਲ ਹੀ ਨਜ਼ਰ ਆਂਦੇ ਹਨ। ਭਾਰਤ ਵਿੱਚ ਵਾਤਾਵਰਣ ਸੁਰੱਖਿਆ ਅਧਿਨਿਯਮ ਸਭ ਤੋਂ ਪਹਿਲਾਂ 19 ਨਵੰਬਰ, 1986 ਨੂੰ ਲਾਗੂ ਹੋਇਆ ਸੀ, ਜਿਸ ਵਿੱਚ ਵਾਤਾਵਰਣ ਦੀ ਗੁਣਵੱਤਾ ਦੇ ਮਾਣਕ ਨਿਰਧਾਰਤ ਕੀਤੇ ਗਏ ਸੀ ਪਰ ਸਿਰਫ ਕਾਨੂੰਨ ਬਣਾ ਦੇਣ ਨਾਲ ਹੀ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਨਹੀਂ ਬਚਾਇਆ ਜਾ ਸਕਦਾ ਹੈ। ਸਰਕਾਰ ਨੂੰ ਪ੍ਰਦੂਸ਼ਣ ਕਰਨ ਵਾਲੇ ਅਦਾਰਿਆਂ ਅਤੇ ਇਸ ਲਈ ਜਿੰਮੇਵਾਰ ਵਿਅਕਤੀਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਵਾਤਾਵਰਣ ਵਿੱਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਵਲੋਂ ਨੈਸਨਲ ਗਰੀਨ ਟ੍ਰਿਬਿਊਨਲ, ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਅਤੇ ਰਾਜਾਂ ਵਿੱਚ ਰਾਜ ਪ੍ਰਦੂਸ਼ਣ ਨਿੰਯਤਰਣ ਬੋਰਡ ਬਣਾਏ ਗਏ ਹਨ। ਇਨ੍ਹਾਂ ਮਹੱਤਵਪੂਰਨ ਅਦਾਰਿਆਂ ਵਿੱਚ ਸਟਾਫ ਦੀ ਘਾਟ ਕਾਰਨ ਇਨ੍ਹਾਂ ਅਦਾਰਿਆਂ ਨੂੰ ਕੰਮ ਕਰਨ ਵਿੱਚ ਭਾਰੀ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨੈਸਨਲ ਗਰੀਨ ਟ੍ਰਿਬਿਉਨਲ ਜੋ ਕਿ 2011 ਵਿੱਚ ਵੱਖ ਵੱਖ ਖੇਤਰੀ ਕੇਂਦਰਾਂ ਨਾਲ ਸਥਾਪਿਤ ਕੀਤਾ ਗਿਆ ਸੀ ਵਿੱਚ ਮੈਂਬਰ ਵੀ ਪੂਰੇ ਨਹੀਂ ਹਨ। ਕੇਂਦਰੀ ਪ੍ਰਦੂਸ਼ਣ ਨਿੰਯਤਰਣ ਬੋਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਇਸ ਅਦਾਰੇ ਲਈ ਕੁੱਲ 533 ਪੋਸਟਾਂ ਮੰਨਜੂਰ ਹਨ ਜਿਨ੍ਹਾਂ ਵਿੱਚੋਂ 426 ਭਰੀਆਂ ਹੋਈਆਂ ਹਨ ਜਦਕਿ 107 ਖਾਲੀ ਹੀ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਿੱਚ ਕੁੱਲ 648 ਅਸਾਮੀਆਂ ਹਨ ਜਿਹਨਾਂ ਵਿੱਚੋਂ 421 ਅਸਾਮੀਆਂ ਭਰੀਆਂ ਹਨ ਅਤੇ 227 ਅਸਾਮੀਆਂ ਖਾਲੀ ਹਨ ਜਿਨ੍ਹਾਂ ਵਿੱਚ ਵਾਤਾਵਰਣ ਇੰਜਨੀਅਰ, ਸਹਾਇਕ ਵਾਤਾਵਰਣ ਇੰਜਨੀਅਰ, ਸਹਾਇਕ ਵਿਗਿਆਨਕ ਅਫਸਰ, ਸਿਸਟਮ ਐਨਾਲਿਸਟ, ਜੂਨੀਅਰ ਵਿਗਿਆਨਕ ਅਫਸਰ, ਕਨੂੰਨੀ ਅਫਸਰ ਗ੍ਰੇਡ 2, ਜੂਨੀਅਰ ਵਾਤਾਵਰਣ ਇੰਜਨੀਅਰ, ਵਿਗਿਆਨਕ ਸਹਾਇਕ, ਜੂਨੀਅਰ ਸਹਾਇਕ, ਕਲਰਕ, ਰਿਸੈਪਸ਼ਨਿਸਟ, ਕਲਰਕ ਲੇਖਾ, ਸਟੈਨੋ ਟਾਇਪੀਸਟ, ਡਰਾਇਵਰਾਂ ਦੀਆਂ ਪੋਸਟਾਂ ਸ਼ਾਮਿਲ ਹਨ। ਇਨ੍ਹਾਂ ਅਦਾਰਿਆਂ ਵਿੱਚ ਅਸਾਮੀਆਂ ਖਾਲੀ ਹੋਣ ਤੇ ਪ੍ਰਦੂਸ਼ਣ ਤੇ ਨਿਯੰਤਰਣ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਇਹ ਸੋਚਣ ਵਾਲੀ ਗੱਲ ਹੈ। ਨੈਸਨਲ ਗਰੀਨ ਟ੍ਰਿਬਿਉਨਲ ਵਿੱਚ ਸਾਲ 2011 ਤੋਂ 2019 ਤੱਕ ਆਏ ਲੱਗਭੱਗ 31000 ਮਾਮਲਿਆਂ ਵਿੱਚੋਂ ਲੱਗਭੱਗ 28000 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਪੰਜਾਬ ਪ੍ਰਦੂਸ਼ਣ ਨਿਯੰਤਰਣ ਬੌਰਡ ਦੀ ਸਾਲਾਨਾ ਰਿਪੋਰਟ ਅਨੁਸਾਰ ਵੱਖ ਵੱਖ ਅਦਾਲਤਾਂ ਵਿੱਚ ਵਾਤਾਵਰਣ ਪ੍ਰਦੂਸ਼ਣ ਸਬੰਧੀ 1073 ਕੇਸ ਦਾਇਰ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ 869 ਕੇਸਾਂ ਸਬੰਧੀ ਹੁਕਮ ਜਾਰੀ ਹੋ ਚੁੱਕੇ ਹਨ ਜਿਨ੍ਹਾ ਵਿੱਚੋਂ 157 ਬੌਰਡ ਦੇ ਹੱਕ ਵਿੱਚ, 356 ਬੌਰਡ ਦੇ ਵਿਰੋਧ ਵਿੱਚ, ਗੈਰ ਹਾਜਰ ਹੋਣ ਕਾਰਨ 49 ਖਾਰਜ ਕੀਤੇ ਗਏ, 223 ਕੇਸ ਵਾਪਸ ਲਏ ਗਏ ਅਤੇ 204 ਕੇਸ ਅਦਾਲਤਾਂ ਵਿੱਚ ਬਕਾਇਆ ਪਏ ਹਨ। ਇਸੇ ਤਰਾਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੌਰਟ, ਮਾਣਯੋਗ ਸੁਪਰੀਮ ਕੌਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵਿੱਚ ਵੀ ਕਈ ਕੇਸ ਚੱਲ ਰਹੇ ਹਨ। ਕੌਵਿਡ- 19 ਤੋਂ ਸੁਰੱਖਿਆ ਤੋਂ ਬਚਾਓ ਲਈ ਵੀ ਪ੍ਰਦੂਸ਼ਣ ਨਿਯੰਤਰਣ ਲਈ ਸਥਾਪਿਤ ਅਦਾਰੇ ਅਹਿਮ ਭੂਮਿਕਾ ਨਿਭਾ ਰਹੇ ਹਨ। ਸਾਨੂੰ ਸਭਨੂੰ ਸਰਕਾਰ ਅਤੇ ਪ੍ਰਦੂਸ਼ਣ ਨਿਯੰਤਰਣ ਲਈ ਸਥਾਪਿਤ ਅਦਾਰਿਆਂ ਨਾਲ ਮਿਲਕੇ ਅਪਣੇ ਵਾਤਾਵਰਣ ਨੂੰ ਪ੍ਰਦੂਸ਼ਣ ਦੀ ਮਾਰ ਤੋ ਬਚਾਉਣ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਅਪਣੀਆਂ ਆਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਅਤੇ ਪ੍ਰਦੂਸ਼ਣ ਮੁੱਕਤ ਵਾਤਾਵਰਣ ਦੇ ਸਕੀਏ ਨਹੀਂ ਤਾਂ ਇਹ ਦਿਨ ਮਨਾਉਣਾ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਵੇਗਾ।



ਕੁਲਦੀਪ ਚੰਦ
91-9417563054

# ਭੋਗ 'ਤੇ ਵਿਸ਼ੇਸ਼ ਪਹਿਲੀ ਮਿਲਣੀ 'ਚ ਹੀ ਹਰੇਕ ਦੇ ਦਿਲ 'ਚ ਵਸ ਜਾਂਦਾ ਸੀ ਕੁਲਵੰਤ ਸਿੰਘ ਚੌਧਰੀ ਮਾਜਰਾ

ਪਿਛਲੇ ਦਿਨੀਂ ਛੋਟੀ ਉਮਰੇ ਭਰ ਜਵਾਨੀ ਵਿੱਚ ਹੀ ਵੱਡੇ ਪੱਧਰ ਤੇ ਲੋਕਾਂ ਨਾਲ ਸਾਂਝ ਪਾਕੇ ਹਰੇਕ ਦੇ ਦਿਲ ਵਿੱਚ ਵਸ ਜਾਣ ਵਾਲਾ ਆਜ਼ਾਦ ਸਪੋਰਟਸ ਕਲੱਬ ਦਾ ਜਨਰਲ ਸਕੱਤਰ ਅਤੇ ਯੂਥ ਕਲਚਰਲ ਐਂਡ ਵੈਲਫੇਅਰ ਕਲੱਬ ਦਾ ਸੀਨੀਅਰ ਪ੍ਰਧਾਨ ਕੁਲਵੰਤ ਸਿੰਘ ਚੌਧਰੀ ਮਾਜਰਾ ਸ਼ੰਖੇਪ ਜਿਹੀ ਬਿਮਾਰੀ ਪਿਛੋਂ ਇਸ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਉਸ ਦਾ ਜਨਮ ਮਿਹਨਤਕਸ਼ ਪਿਤਾ ਸ਼੍ਰ. ਜੀਤ ਸਿੰਘ ਦੇ ਘਰ ਮਾਤਾ ਬਲਦੇਵ ਕੌਰ ਦੀ ਕੁੱਖੋਂ ਨਾਭਾ ਨੇੜਲੇ ਪਿੰਡ ਚੌਧਰੀ ਮਾਜਰਾ ( ਪਟਿਆਲਾ) ਵਿਖੇ 12 ਨਵੰਬਰ 1981 ਨੂੰ ਹੋਇਆ।

ਉਸ ਨੇ ਪੰਜਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਦਸਵੀਂ ਬਾਬਾ ਅਜੈਪਾਲ ਸਿੰਘ ਖਾਲਸਾ ਹਾਈ ਸਕੂਲ ਨਾਭਾ ਤੋਂ ਮਾਰਚ 1998 'ਚ ਪਾਸ ਕਰ ਲਈ।ਬਾਰਵੀਂ ਪਾਸ ਕਰਨ ਉਪਰੰਤ ਉਸ ਨੇ ਘਰ ਦੀਆਂ ਆਰਥਿਕ ਤੰਗੀਆਂ ਨੂੰ ਦੇਖਦੇ ਹੋਏ ਪਰਿਵਾਰ ਦੀ ਮਦਦ ਕਰਨ ਦਾ ਤਹੀਆ ਕਰਕੇ ਐਲ.ਆਈ.ਸੀ. ਦਾ ਕੰਮ ਬਤੌਰ ਏਜੰਟ ਸ਼੍ਰ. ਨਰਵਿੰਦਰ ਸਿੰਘ ਡਿਵੈਲਪਮੈਂਟ ਅਫਸਰ ਅਧੀਨ 2002 'ਚ ਕਰਨਾ ਸ਼ੁਰੂ ਕਰ ਦਿੱਤਾ।ਛੋਟੇ ਹੁੰਦਿਆਂ ਹੀ ਮਾਸਟਰ ਮੇਜਰ ਸਿੰਘ ਦੀ ਦੁਕਾਨ ਤੇ ਬੈਠਣ ਕਾਰਨ ਉਹ ਉਨ੍ਹਾਂ ਦੇ ਪਰਿਵਾਰਕ ਮੈਂਬਰ ਦੀ ਤਰ੍ਹਾਂ ਵਿਚਰਦਾ ਰਿਹਾ,ਇਸ ਤਰ੍ਹਾਂ ਉਸ ਦੀ ਵਾਕਫੀਅਤ ਦਾ ਦਾਇਰਾ ਗੁਰੂ ਤੇਗ ਬਹਾਦਰ ਨਗਰ ਅਤੇ ਆਲੇ ਦੁਆਲੇ ਦੀਆਂ ਕਲੋਨੀਆਂ 'ਚ ਵੱਧਦਾ ਹੋਇਆ ਦੂਰ ਦੂਰ ਤੱਕ ਹੋ ਗਿਆ। ਜਿਉਂ ਜਿਉਂ ਉਸ ਦਾ ਦੋਸਤਾਂ ਮਿੱਤਰਾਂ ਦਾ ਦਾਇਰਾ ਵੱਧਦਾ ਗਿਆ ਅਤੇ ਬੀਮੇ ਦਾ ਕੰਮ ਵੀ ਵਧੀਆ ਚਲ ਪਿਆ। ਜੰਮੂ ਤੋਂ 2006-08 ਸੈਸ਼ਨ ਦੌਰਾਨ ਈ.ਟੀ.ਟੀ.ਦਾ ਕੋਰਸ ਕਰ ਲਿਆ। ਉਸ ਨੇ ਪ੍ਰਾਈਵੇਟ ਤੌਰ ਤੇ ਡੀਮਡ ਯੂਨੀਵਰਸਿਟੀ ਅਲਾਹਾਬਾਦ ਤੋਂ ਬੀ.ਏ. 2011 'ਚ ਕਰ ਲਈ। ਪਰ ਅਧਿਆਪਕ ਬਣਨ ਦਾ ਸੁਪਨਾ ਪੰਜਾਬ ਦੀ ਬੇਰੁਜ਼ਗਾਰੀ ਕਾਰਨ ਪੂਰਾ ਨਾ ਹੋ ਸਕਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਸਵੈ-ਰੁਜ਼ਗਾਰ ਸਕੀਮ ਅਧੀਨ ਕਰਵਾਈ ਜਾ ਰਹੀ ਦੋ ਹਫਤਿਆਂ ਦੀ ਬੀ-ਕੀ-ਪਿੰਗ (ਮੱਖੀ-ਪਾਲਣ) ਦੀ ਟ੍ਰੇਨਿੰਗ 2015 'ਚ ਕਰ ਲਈ । ਉਸ ਨੇ ਕਈ ਸਾਲ ਮੱਖੀ-ਪਾਲਣ ਦਾ ਕੰਮ ਕਰਕੇ ਸ਼ਹਿਦ ਦਾ ਕੰਮ ਵੀ ਕੀਤਾ। ਉਸ ਦੀ ਵੱਡੇ ਪੱਧਰ ਤੇ ਕੋਈ ਕੰਮ ਕਰਨ ਦੀ ਸੋਚ ਸਦਕਾ ਉਸ ਨੇ ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਬੀਜਾ (ਲੁਧਿਆਣਾ) ਤੋਂ ਵੀ ਟ੍ਰੇਨਿੰਗ ਪ੍ਰਾਪਤ ਕੀਤੀ। ਪਰ ਇਹ ਉਹ ਨਾ ਕਰ ਸਕਿਆ। ਉਸ ਦੀ ਪ੍ਰਾਪਟਰੀ ਡੀਲਰਾਂ ਨਾਲ ਗੂੜ੍ਹੀ ਦੋਸਤੀ ਕਾਰਨ, ਉਸ ਨੇ ਇਹ ਕੰਮ ਵੀ ਉਨ੍ਹਾਂ ਨਾਲ ਰਲ ਕੇ ਕਰਨਾ ਸ਼ੁਰੂ ਕਰ ਦਿੱਤਾ। ਉਸ ਦੀ ਰਹਿਣੀ ਬਹਿਣੀ ਤੋਂ ਹਰ ਕੋਈ ਪ੍ਰਭਾਵਿਤ ਹੋ ਜਾਂਦਾ। ਉਸ ਦੀ ਦਸਤਾਰ ਸ਼ਜਾਉਣ ਦਾ ਨਿਵੇਕਲਾ ਸਟਾਈਲ ਸੀ।ਬਹੁਤ ਸਾਰੇ ਨਵੇਂ ਮੁੰਡੇ ਦਸਤਾਰ ਸਜਾਉਣੀ ਸਿੱਖਣ ਲਈ ਉਸ ਕੋਲ ਆਉਂਦੇ । ਉਹ ਦੋਸਤਾਂ ਮਿਤਰਾਂ ਦੇ ਕੰਮਾਂ ਨੂੰ ਕਰਨ 'ਚ ਹਮੇਸ਼ਾ ਖੁਸ਼ੀ ਮਹਿਸੂਸ ਕਰਦਾ ਸੀ। ਜਦੋਂ ਵੀ ਸੰਸਥਾਵਾਂ ਵਲੋਂ ਕੋਈ ਇਨਕਲਾਬੀ ਨਾਟਕ ਮੇਲੇ, ਧਾਰਮਿਕ ਸਮਾਗਮ, ਖੂਨਦਾਨ ਕੈਂਪ ਅਤੇ ਖੇਡ ਮੇਲੇ ਕਰਵਾਏ ਜਾਂਦੇ ਤਾਂ ਉਹ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਮੋਹਰੀ ਹੋ ਕੇ ਕੰਮ ਕਰਦਾ। ਉਸ ਨੇ ਆਪਣੇ ਪਿਤਾ ਅਤੇ ਵੱਡੇ ਭਰਾ ਕੁਲਵਿੰਦਰ ਸਿੰਘ ਦੀ ਮਦਦ ਨਾਲ ਥੋੜੇ ਸਮੇਂ 'ਚ ਸਾਂਝੇ ਪਰਿਵਾਰ ਨੂੰ ਬੁਲੰਦੀਆਂ ਤੇ ਲੈ ਗਿਆ। ਦੋਵੇਂ ਭਰਾਵਾਂ ਨੇ ਸਵ: ਵੱਡੇ ਭਰਾ ਹਰਬੰਸ ਸਿੰਘ ਦੇ ਬੱਚਿਆਂ ਦੀ ਪਰਵਰਿਸ਼ ਵੀ ਵਧੀਆ ਢੰਗ ਨਾਲ ਕੀਤੀ।ਉਸ ਦਾ ਵਿਆਹ 24 ਜੁਲਾਈ 2016 ਨੂੰ ਸੁਨਾਮ ਵਿਖੇ ਸਵ: ਸ਼੍ਰ. ਸੁਖਦੇਵ ਸਿੰਘ ਐਕਸ਼ੀਅਨ (ਬਿਜਲੀ ਬੋਰਡ) ਦੀ ਪੁੱਤਰੀ ਹਰਜੀਤ ਕੌਰ ਨਾਲ ਬੜੇ ਚਾਵਾਂ ਨਾਲ ਹੋਇਆ। ਉਸ ਦੇ ਘਰ 19 ਜਨਵਰੀ 2020 ਨੂੰ ਨੰਨ੍ਹੀ ਬੇਟੀ ਜਪਕੀਰਤ ਕੌਰ ਨੇ ਜਨਮ ਲਿਆ। ਉਹ ਬੇਟੀ ਨੂੰ ਮਿਲਣ ਲਈ ਸੁਨਾਮ ਗਿਆ ਤਾਂ ਲਾਕ ਡਾਊਨ ਲੱਗਣ ਕਾਰਨ ਉਹ ਉਥੇ ਹੀ ਫਸ ਗਿਆ। ਤਕਰੀਬਨ ਮਹੀਨੇ ਤੋਂ ਉੱਪਰ ਸਮਾਂ ਉਸ ਨੇ ਬੇਟੀ ਨਾਲ ਉਥੇ ਲਾਡ ਲਡਾਏ। ਪਿੰਡ ਚੌਧਰੀ ਮਾਜਰਾ ਆਉਣ ਤੇ ਕਈ ਦਿਨਾਂ ਬਾਅਦ ਉਸ ਨੂੰ ਬੁਖਾਰ ਚੜ੍ਹ ਗਿਆ ਤੇ ਦਵਾਈ ਲੈ ਲਈ, ਥੋੜੇ ਦਿਨਾਂ ਬਾਅਦ ਪੇਟ ਅੰਦਰ ਇਨਫੈਕਸ਼ਨ ਹੋਣੀ ਸ਼ੁਰੂ ਹੋ ਗਈ ਜਿਸ ਕਰਕੇ ਉਸ ਨੂੰ ਪਟਿਆਲੇ, ਮੁਹਾਲੀ ਡਾਕਟਰਾਂ ਤੱਕ ਇਲਾਜ਼ ਲਈ ਲਿਜਾਇਆ ਗਿਆ ਪਰ ਟੈਸਟਾਂ ਦੇ ਚੱਕਰਾਂ 'ਚ ਦਿਨ ਲੰਘਣ ਕਾਰਨ ਇਲਾਜ਼ ਡਾਕਟਰਾਂ ਨੇ ਸ਼ੁਰੂ ਨਾ ਕੀਤਾ।ਆਖਰ ਉਸ ਨੂੰ ਪੀ.ਜੀ.ਆਈ ਚੰਡੀਗੜ੍ਹ ਲਿਜਾਇਆ ਗਿਆ ਪਰ ਦੋ ਦਿਨ ਦਾਖਲ ਰੱਖ ਕੇ ਡਾਕਟਰਾਂ ਨੇ ਟੈਸਟ ਤਾਂ ਲੈ ਲਏ ਪਰ ਟੈਸਟ ਰਿਪੋਰਟਾਂ ਆਉਣ ਤੱਕ ਕਰੋਨਾ ਦੇ ਡਰੋਂ ਉਸ ਨੂੰ ਛੁੱਟੀ ਕਰਕੇ ਘਰ ਹੀ ਰਹਿਣ ਨੂੰ ਕਹਿ ਦਿੱਤਾ। ਟੈਸਟਾਂ ਦੀਆਂ ਰਿਪੋਰਟਾਂ ਉਡੀਕਦੇ ਹੀ ਉਸਦੀ ਹਾਲਤ ਵਿਗੜਦੀ ਗਈ। ਉਸ ਦੇ ਸਾਲੇ ਅਮਨਦੀਪ ਸਿੰਘ, ਸਾਢੂ ਲਖਵਿੰਦਰ ਸਿੰਘ ,ਭਰਾ ਕੁਲਵਿੰਦਰ ਸਿੰਘ ਅਤੇ ਭਰਾਵਾਂ ਸਮਾਨ ਦੋਸਤਾਂ ਅਮਰਜੀਤ ਸਿੰਘ ਰੋਹਟੀ ਪੁੱਲ, ਜੱਸੀ ਸੋਹੀਆਂ ਵਾਲਾ (ਆਮ ਆਦਮੀ ਪਾਰਟੀ ਯੂਥ ਵਿੰਗ ਜਿਲ੍ਹਾ ਪਟਿਆਲਾ ਦੇ ਪ੍ਰਧਾਨ), ਅਵਤਾਰ ਸਿੰਘ ਮਾਸਟਰ ਆਦਿ ਨੇ ਉਸ ਦੇ ਇਲਾਜ਼ ਲਈ ਪੂਰੀ ਤਾਣ ਲਾ ਕੇ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ ਅਤੇ ਉਸ ਨੇ 27 ਮਈ ਨੂੰ ਆਪਣੀ ਆਪਣੀ ਪਤਨੀ ਹਰਜੀਤ ਕੌਰ, ਬੇਟੀ, ਮਾਂ-ਬਾਪ ਅਤੇ ਹੋਰ ਪਰਿਵਾਰਕ ਮੈਂਬਰਾਂ, ਰਿਸਤੇਦਾਰਾਂ, ਮਿੱਤਰਾਂ ਦੋਸਤਾਂ ਨੂੰ ਸਦਾ ਲਈ ਅਲਵਿਦਾ ਕਹਿ ਦਿੱਤੀ।ਇਲਾਕੇ 'ਚ ਇਹ ਖਬਰ ਨਾਲ ਸੋਗ ਦੀ ਲਹਿਰ ਫੈਲ ਗਈ। ਨਾਭਾ ਦੇ ਐਲ.ਆਈ.ਸੀ. ਦਫਤਰ ਸਮੂਹ ਦੇ ਸਟਾਫ ਅਤੇ ਏਜੰਟਾਂ ਨੇ ਇਸ ਅਤਿ ਦੁਖਦ-ਾਈ ਘੜੀ 'ਚ ਗਹਿਰਾ ਦੁੱਖ ਪ੍ਰਗਟ ਕੀਤਾ। ਸ਼੍ਰ. ਨਰਵਿੰਦਰ ਸਿੰਘ ਡਿਵੈਲਪਮੈਂਟ ਅਫਸਰ ਐਲ.ਆਈ.ਸੀ.। ਉਸ ਦੀ ਨਮਿੱਤ ਅੰਤਿਮ ਅਰਦਾਸ ਪਿੰਡ ਚੌਧਰੀ ਮਾਜਰਾ ਵਿਖੇ ਦੁਪਿਹਰ ਬਾਅਦ 5 ਜੂਨ 2020 ਦਿਨ ਸੁਕਰਵਾਰ ਨੂੰ ਹੋਵੇਗੀ। ਪਰਮਾਤਮਾ ਉਸ ਦੀ ਆਤਮਾ ਨੂੰ ਸਾਂਤੀ ਬਖਸ਼ੇ।





ਮੇਜਰ ਸਿੰਘ ਨਾਭਾ
91-94635-53962

# ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਇੰਡਸਟਰੀ ਗਠਜੋੜ ਤਹਿਤ ਪਲੇਸਮੈਂਟ ਦੀ ਗਰੰਟੀ ਨਾਲ ਐਮ.ਬੀਏ ਡਿਗਰੀ ਦੀ ਸ਼ੁਰੂਆਤ

## ਵਿਦਿਆਰਥੀਆਂ ਲਈ ਵਿਲੱਖਣ ਮੰਚ: ਦਾਖ਼ਲੇ ਦੌਰਾਨ ਹੀ ਮਿਲਣਗੇ ਪਲੇਸਮੈਂਟ ਆਫ਼ਰ





ਤਕਨੀਕੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਰੋਜ਼ਗਾਰ ਪ੍ਰਾਪਤੀ ਸਬੰਧੀ ਦਰਪੇਸ਼ ਆ ਰਹੀਆਂ ਚਣੌਤੀਆਂ ਦੇ ਚਲਦੇ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਨੇ ਰੋਜ਼ਗਾਰ ਗਰੰਟੀ ਨਾਲ ਐਮ.ਬੀ.ਏ ਡਿਗਰੀ ਕਰਵਾਉਣ ਦੀ ਵਿਲੱਖਣ ਸ਼ੁਰੂਆਤ ਕੀਤੀ ਹੈ। ਵੱਡੇ ਕਾਰਪੋਰੇਟਾਂ ਦੀ ਭਾਈਵਾਲੀ ਨਾਲ ਪਹਿਲੀ ਵਾਰ ਸ਼ੁਰੂ ਕੀਤੀ ਐਮ.ਬੀ.ਏ ਡਿਗਰੀ ਵਿੱਚ ਦਾਖ਼ਲੇ ਦੇ ਸਮੇਂ ਹੀ ਵਿਦਿਆਰਥੀਆਂ ਨੂੰ ਨੌਕਰੀ ਸਬੰਧੀ ਨਿਯੁਕਤੀ ਪੱਤਰ ਦਿੱਤੇ ਜਾਣਗੇ। ਇਹ ਜਾਣਕਾਰੀ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਆਰ.ਐਸ ਬਾਵਾ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਬਾਵਾ ਨੇ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਵਿਸ਼ਵ ਪੱਧਰ ’ਤੇ ਨਾਮਵਰ ਸੰਸਥਾ ’ਅਪਗ੍ਰੇਡ’ ਨਾਲ ਗਠਜੋੜ ਤਹਿਤ ਇਹ ਦੋ ਸਾਲਾ 'ਐਮ.ਬੀ.ਏ ਅਪਗ੍ਰੇਡ’ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਤਹਿਤ ਦੇਸ਼-ਵਿਦੇਸ਼ ਦੀਆਂ ਪ੍ਰਸਿੱਧ ਕੰਪਨੀਆਂ ਦਾਖ਼ਲੇ ਸਮੇਂ ਹੀ ਰੋਜ਼ਗਾਰ ਪ੍ਰਾਪਤੀ ਲਈ ਪਲੇਸਮੈਂਟ ਆਫ਼ਰਾਂ ਦੀ ਪੇਸ਼ਕਸ਼ ਕਰਨਗੀਆਂ। ਉਨ੍ਹਾਂ ਦੱਸਿਆ ਕਿ ਇਸ ਨਿਵੇਕਲੀ ਪਹਿਲਕਦਮੀ ਨਾਲ ਚੰਡੀਗੜ੍ਹ ਯੂਨੀਵਰਸਿਟੀ ਉੱਤਰ ਭਾਰਤ ਦੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ, ਜਿਸ ਨੇ ਐਮ.ਬੀ.ਏ ਦੀ ਸ਼ੁਰੂਆਤ ਤੋਂ ਹੀ ਪਲੇਸਮੈਂਟ ਯਕੀਨੀ ਬਣਾਉਣ ਲਈ ’ਅਪਗ੍ਰੇਡ’ ਨਾਲ ਭਾਈਵਾਲੀ ਕੀਤੀ ਹੈ। ਡਾ. ਬਾਵਾ ਨੇ ਦੱਸਿਆ ਕਿ ਗਠਜੋੜ ਅਧੀਨ ਕਰਵਾਇਆ ਜਾ ਰਿਹਾ 2 ਸਾਲਾ ਐਮ.ਬੀ.ਏ ਪ੍ਰੋਗਰਾਮ ਇੱਕ ਅਨੋਖਾ ਤਜ਼ਰਬੇਕਾਰ ਸਿਖਲਾਈ ਆਧਾਰਿਤ ਕੋਰਸ ਹੈ, ਜੋ ਪ੍ਰੀ-ਪਲੇਸਮੈਂਟ ਦੇ ਨਾਲ-ਨਾਲ ਵਿਦਿਆਰਥੀਆਂ ਨੂੰ 9 ਮਹੀਨੇ ਦੀ ਪੇਡ ਇੰਟਰਨਸ਼ਿਪ ਦੀ ਸਹੂਲਤ ਵੀ ਮੁਹੱਈਆ ਕਰਵਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਅਧੀਨ 'ਅਪਗ੍ਰੇਡ’ ਅਤੇ ’ਵਰਸਿਟੀ ਤੋਂ 70 ਫ਼ੀਸਦੀ ਉਦਯੋਗਿਕ ਤਜ਼ਰਬਾ ਪ੍ਰਾਪਤ ਫੈਕਲਟੀ ਵਿਦਿਆਰਥੀਆਂ ਨਾਲ ਕੋਰਸ ਚੋਣ ਪ੍ਰੀਕਿਰਿਆ, ਪਾਠਕ੍ਰਮ ਡਿਜ਼ਾਇਨ, ਪ੍ਰੋਗਰਾਮ ਲਈ ਫੈਕਲਟੀ ਅਤੇ ਇੰਟਰਨਸ਼ਿਪ ਡਿਜ਼ਾਇਨ ਆਦਿ ਲਈ ਦਾਖ਼ਲੇ ਦੀ ਸ਼ੁਰੂਆਤ ਵੇਲੇ ਤੋਂ ਜੁੜੇਗੀ ਅਤੇ ਨਾ ਕੇਵਲ ਇੰਡਸਟਰੀ ਦੀ ਮੰਗ ਅਨੁਸਾਰ ਵਿਦਿਆਰਥੀਆਂ ਨੂੰ ਪਾਠਕ੍ਰਮ ਅਤੇ ਤਜ਼ਰਬਾ ਮੁਹੱਈਆ ਕਰਵਾਏਗੀ ਬਲਕਿ ਬਤੌਰ ਮਾਰਗ ਦਰਸ਼ਕ ਵੀ ਕੰਮ ਕਰੇਗੀ।

ਡਾ. ਬਾਵਾ ਦੱਸਿਆ ਕਿ ਐਮ.ਬੀ.ਏ ਅਪਗ੍ਰੇਡ ਪ੍ਰੋਗਰਾਮ ਅਧੀਨ ਵਿਦਿਆਰਥੀਆਂ ਨੂੰ ਐਮ.ਬੀ.ਏ ਦੇ ਸੇਲਜ਼ ਐਂਡ ਮਾਰਕਟਿੰਗ ਮੈਨੇਜਮੈਂਟ, ਅਪਲਾਈਡ ਹਿਊਮਨ ਰਿਸੋਰਸ ਮੈਨੇਜਮੈਂਟ, ਲੋਜਿਸਟਿਕਸ ਐਂਡ ਸਪਲਾਈ ਚੇਨ ਮੈਨੇਜਮੈਂਟ, ਇਨਵੈਸਟਮੈਂਟ ਬੈਕਿੰਗ ਅਤੇ ਡੇਟਾ ਸਾਇੰਸ ਐਂਡ ਡੇਟਾ ਐਨਾਲੇਟਿਕਸ ਖੇਤਰਾਂ ਦੀ ਚੋਣ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਅਧੀਨ ਵਿਦਿਆਰਥੀਆਂ ਨੂੰ ਪਹਿਲੇ ਸਮੈਸਟਰ ਦੌਰਾਨ ਵਿਦਿਆਰਥੀਆਂ ਨੂੰ ਇੰਡਸਟਰੀ ਤਜ਼ਰਬੇਕਾਰ ਅਧਿਆਪਕਾਂ ਦੁਆਰਾ ਖੇਤਰ ਸਬੰਧੀ ਮੁਹਾਰਤ ਮੁਹੱਈਆ ਕਰਵਾਈ ਜਾਵੇਗੀ ਅਤੇ ਦੂਜੇ ਸਮੈਸਟਰ ਦੌਰਾਨ ਅਪਗ੍ਰੇਡ ਟ੍ਰੇ-ਨਿੰਗ ਪ੍ਰੋਗਰਾਮ ਅਧੀਨ ਵਿਦਿਆਰਥੀਆਂ ਨੂੰ ਉਦਯੋਗਿਕ ਮਾਹਿਰਾਂ ਦੁਆਰਾ ਸਿਖਲਾਈ ਦਿੱਤੀ ਜਾਵੇਗੀ ਜਦਕਿ ਤੀਜਾ ਅਤੇ ਚੌਥਾ ਸਮੈਸਟਰ ਇੰਟਰਨਸ਼ਿਪ ਪ੍ਰੋਗਰਾਮ ਅਧੀਨ ਅਪਗ੍ਰੇਡ ਦੀ ਨਿਗਰਾਨੀ ਹੇਠ ਉਦਯੋਗਿਕ ਸਿਖਲਾਈ ਦੇ ਨਾਲ-ਨਾਲ ਸੰਗਠਿਤ ਸਿਖਲਾਈ ’ਤੇ ਆਧਾਰਿਤ ਹੋਵੇਗਾ। ਦਾਖ਼ਲਾ ਪ੍ਰੀਕਿਰਿਆ ਸਬੰਧੀ ਗੱਲਬਾਤ ਕਰਦੇ ਹੋਏ ਉਪ-ਕੁਲਪਤੀ ਨੇ ਦੱਸਿਆ ਕਿ ਯੋਗਤਾ ਦੇ ਮਾਪਦੰਡ ਤਹਿਤ ਦਾਖ਼ਲੇ ਲਈ ਵਿਦਿਆਰਥੀਆਂ ਦੇ ਬੈਚਲਰ ਡਿਗਰੀ ’ਚ 60 ਫ਼ੀਸਦੀ (ਐਸ.ਸੀ ਅਤੇ ਐਸ.ਟੀ ਮਾਮਲੇ ’ਚ 55 ਫ਼ੀਸਦੀ) ਅੰਕ ਹੋਣੇ ਲਾਜ਼ਮੀ ਹੋਣਗੇ ਅਤੇ ਦਾਖ਼ਲਾ ਪ੍ਰੀਖਿਆ ਸਮੇਤ ਗਰੁੱਪ ਡਿਸਕਸ਼ਨ, ਵਿਅਕਤੀਗਤ ਇੰਟਰਵਿਊ ਅਤੇ ਸਾਈਕੋਮੈਟਰਿਕ ਟੈਸਟ ਪੜਾਅ ਵਿਚੋਂ ਗੁਜ਼ਰਨਾ ਹੋਵੇਗਾ।

ਉਨ੍ਹਾਂ ਕਿਹਾ ਕਿ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ 'ਵਰਸਿਟੀ ਦੀ ਵੈਬਸਾਈਟ www.cuchd.in/management/ mba-up-grad/ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ 'ਅਪਗ੍ਰੇਡ’ ਨਾਲ ਸਾਡੀ ਭਾਈਵਾਲੀ ਉਚ ਅਤੇ ਮਿਆਰੇ ਹੁਨਰਾਂ ਤੱਕ ਪਹੁੰਚ ਨੂੰ ਬਿਹਤਰ ਬਣਾ ਕੇ ਵਿਦਿਆਰਥੀਆਂ ਲਈ ਰੋਜ਼ਗਾਰ ਤੇ ਕਰੀਅਰ ਵਿਕਾਸ ਦੇ ਮੌਕੇ ਪੈਦਾ ਕਰਨ ’ਤੇ ਆਧਾਰਿਤ ਹੈ, ਜੋ ਸਿੱਖਿਆ ਸੰਸਥਾਵਾਂ ਲਈ ਆਨਲਾਈਨ ਸਿਖਲਾਈ ਪਲੇਟਫ਼ਾਰਮਾਂ ਦੇ ਮਾਧਿਅਮ ਰਾਹੀਂ ਮੁਹੱਈਆ ਕਰਵਾਉਣਾ ਸਮੇਂ ਦੀ ਲੋੜ ਹੈ। ਸ. ਸੰਧੂ ਨੇ ਕਿਹਾ ਕਿ ਐਮ.ਬੀ.ਏ ਅਪਗ੍ਰੇਡ ਪ੍ਰੋਗਰਾਮ ਕੇਸ ਅਧਿਐਨ ਅਤੇ ਪ੍ਰੋਜੈਕਟਾਂ ਦੇ ਨਾਲ-ਨਾਲ ਹੱਥੀ ਤਜ਼ਰਬਿਆਂ ਅਤੇ ਸਿਖਲਾਈ ਦਾ ਮਿਸ਼ਰਣ ਹੈ, ਜਿਸ ਦੇ ਅੰਤਰਗਤ ਪ੍ਰੋਗਰਾਮ ਵਿੱਚ ਦਾਖ਼ਲ ਹੋਏ ਹਰ ਵਿਦਿਆਰਥੀ ਦੀ ਪਲੇਸਮੈਂਟ ਯਕੀਨੀ ਬਣਾ ਕੇ ਉਨ੍ਹਾਂ ਦੀ ਸਿਖਲਾਈ ਨੂੰ ਠੋਸ ਕਰੀਅਰ ਦੇ ਨਤੀਜਿਆਂ ’ਚ ਬਦਲਿਆ ਜਾਵੇਗਾ।






# ਆਖ਼ਿਰ ਕਦੋ, ਕਿਵੇ' ਅਤੇ ਕਿਸ ਸਾਜਿਸ਼ ਤਹਿਤ ਢਾਹਿਆ ਗਿਆ ਬੂੰਗਾ ਰੰਗਰੇਟਿਆਂ ਦਾ?



ਡਾਕਟਰ ਅਵਤਾਰ ਸਿੰਘ
91-83603-42500

ਰੰਗਰੇਟੇ ਸਿੱਖਾਂ ਨੂੰ ਗੁਰੂ ਘਰ ਤੋ' ਮਿਲੀਆਂ ਅਪਾਰ ਬਖਸ਼ਿਸ਼ਾਂ ਨੂੰ ਕੌਣ ਨਹੀ' ਜਾਣਦਾ। 'ਗੁਰੂ ਕੇ ਬੇਟੇ ਦੀ ਕੌਮ' 'ਮਾਰਸ਼ਲ ਕੌਮ', 'ਸ਼ੇਰਾਂ ਦੀ ਕੌਮ', 'ਗੁਰੂ ਕੀਆਂ ਲਾਡਲੀਆਂ ਫੌਜਾਂ' ਤੇ 'ਧਰਮੀ ਸਿੱਖਾਂ' ਦੀ ਕੌਮ ਮਜ਼ਹਬੀ ਸਿੱਖਾਂ ਨੂੰ ਅੱਜ ਦੇ ਸਿੱਖ ਪੰਥ ਦੇ ਅਖੌਤੀ ਪਹਿਰੇਦਾਰਾਂ ਨੇ ਆਪਣੀ ਹੈ'ਕੜਬਾਜੀ ਭਰਪੂਰ ਤੰਗ ਬੁੱਧੀ ਵਾਲੀ ਨਿੱਕੀ ਤੇ ਘਿਰਣਾਯੋਗ ਸੋਚ ਸਦਕਾ ਇਸ ਤਰਾਂ ਲਤਾੜਿਆ ਹੈ ਜਿਸ ਨਾਲ ਗੁਰੂ ਘਰ ਦੀ ਮਰਿਆਦਾ ਤਾਰ ਤਾਰ ਕਰ ਦਿੱਤੀ ਗਈ। ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਖੁਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਕਿ ਗੁਰੂ ਘਰ ਦੀ ਮਰਿਆਦਾ ਨੂੰ ਬਰਕਰਾਰ ਰੱਖਣ ਲਈ ਆਪਣੇ ਆਪ ਨੂੰ ਸਭ ਤੋ' ਸੁਪਰੀਮ ਤੇ ਸਰਵ ਉੱਚ ਸੰਸਥਾ ਅਖਵਾਉ'ਦੀ ਹੈ, ਉਹ ਹੀ ਸੱਚਾ ਸੁੱਚਾ ਤੇ ਬਣਦਾ ਰੋਲ ਅਦਾ ਨਹੀ' ਕਰ ਰਹੀ। ਭਾਵੇ' ਇਹ ਸੰਸਥਾ ਸ਼ੁਰੂ ਵਿੱਚ ਆਪਣੇ ਉਦੇਸ਼ਾਂ ਵਿੱਚ ਪ੍ਰਪੱਕ ਰਹੀ। ਪਰ ਸਮੇ' ਦੇ ਬੀਤਣ ਨਾਲ ਅਖੌਤੀ ਸਿੱਖਾਂ ਤੇ ਰਾਨੀਤੀਵਾਨਾਂ ਦੇ ਹੱਥੇ ਚੜ੍ਹ ਕੇ ਇਸ ਸੰਸਥਾ ਦੇ ਉਦੇਸ਼ ਨਿੱਜਵਾਦ ਤੇ ਭੇਦ ਭਾਵ ਨਾਲ ਲੁਪਤ ਹੋ ਗਏ। ਅਜੋਕੀ ਹਾਲਤ ਤਾਂ ਏਨੀ ਨਿੱਘਰ ਚੁੱਕੀ ਹੈ ਕਿ ਇਹ ਇੱਕ ਧਾਰਮਿਕ ਸੰਸਥਾ ਨਾ ਰਹਿ ਕੇ ਰਾਜਨੀਤਿਕ ਲੋਕਾਂ ਦੀ ਜਾਗੀਰ ਬਣ ਗਈ ਹੈ। ਗੁਰੂ ਘਰ ਦੇ ਸਰਬ ਸਾਂਝੀਵਾਲਤਾ ਦੇ ਸੁਨੇਹੇ ਨੂੰ ਰੂਹਾਨੀਅਤ ਦਾ ਅਧਾਰ ਬਣਾ ਕੇ ਘਰ ਘਰ ਤੱਕ ਪਹੁੰਚਾਉਣ ਦੀ ਬਜਾਏ ਇਸ ਸੰਸਥਾ ਦਾ ਉਦੇਸ਼ ਕੇਵਲ ਤੇ ਕੇਵਲ ਨਿੱਜੀ ਮੁਫ਼ਾਦਾਂ ਤੱਕ ਹੀ ਸੀਮਤ ਰਹਿ ਗਿਆ ਹੈ। ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵੀ ਬੰਦਸ਼ ਵਿੱਚ ਰਹਿ ਕੇ ਪੱਖਪਾਤੀ ਜਿਹੇ ਨਜ਼ਰ ਆਉ'ਦੇ ਹਨ। ਅਜੋਕੇ ਜੱਥੇਦਾਰਾਂ ਦੀ ਕੀ ਮਜ਼ਾਲ ਕਿ ਉਹ ਸਿੱਖੀ ਮਰਿਆਦਾ ਅਨੁਸਾਰ ਜੱਥੇਦਾਰ ਅਕਾਲੀ ਫੂਲਾ ਸਿੰਘ ਵਰਗੀ ਮਿਸਾਲ ਕਾਇਮ ਕਰ ਸਕਣ ਜਿੰਨ੍ਹਾਂ ਨੇ ਓਸ ਵੇਲੇ ਦੇ ਸ਼ਕਤੀਸ਼ਾਲੀ ਮਹਾਰਾਜਾ ਰਣਜੀਤ ਸਿੰਘ ਨੂੰ ਤਲਬ ਕਰਕੇ ਕੌੜੇ ਮਾਰੇ ਸਨ। ਕਿਉ' ਗੁਰੂ ਘਰ ਦੇ ਸਿੱਖ ਆਪਣਾ ਅਸਲੀ ਕਿਰਦਾਰ ਭੁੱਲ ਗਏ ਹਨ ? ਅਜੋਕੇ ਚੌਧਰੀ ਤੇ ਅਖੌਤੀ ਸਿੱਖਾਂ ਦੀ ਮੱਤ ਮਾਇਆ ਦਾ ਰੰਗ ਚੜ੍ਹਨ ਨਾਲ ਊਚ ਨੀਚ, ਭੇਦ ਭਾਵ ਤੇ ਗਰੀਬਾਂ ਨੂੰ ਪੈਰ ਦੀ ਜੁੱਤੀ ਸਮਾਨ ਸਮਝਣ ਵਾਲੀ ਬਣ ਗਈ ਹੈ।

'ਰੰਗਰੇਟੇ ਗੁਰੂ ਕੇ ਬੇਟੇ' ਦਾ ਅਦੁੱਤਾ ਖਿਤਾਬ ਪ੍ਰਾਪਤ ਕਰਨ ਵਾਲੇ ਸ੍ਰੋਮਣੀ ਸ਼ਹੀਦ ਭਾਈ ਜੀਵਨ ਸਿੰਘ (ਭਾਈ ਜੈਤਾ) ਜੀ ਦੀ ਸੇਵਾ ਤੋ' ਪ੍ਰਸੰਨ ਹੋ ਕੇ ਕਾਮਿਲ ਮੁਰਸ਼ਦ, ਕੰਲਗੀਆਂ ਵਾਲੇ ਸੱਚੇ ਸਾਹਿਬ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਰੰਗਰੇਟੇ ਗੁਰੂ ਕੇ ਬੇਟੇ ਦਾ ਖਿਤਾਬ ਬਖਸ਼ਣ ਦੇ ਨਾਲ ਹਰਿਮੰਦਰ ਸਾਹਿਬ ਵਿਖੇ ਪਵਿੱਤਰ ਸਰੋਵਰ ਦੀ ਚੌਥੀ ਬਾਹੀ ਵਿੱਚ 'ਬੂੰਗਾ ਮਜ਼ਹਬੀਆਂ' ਵੀ ਬਖਸ਼ ਦਿੱਤਾ ਜਿਸਦੀ ਹਾਮੀ ਭਰਦੇ ਹੋਏ 'ਸੰਖੇਪ ਦਸ ਗੁਰ ਕਥਾ' ਦੇ ਲੇਖਕ ਕਵੀ ਕੰਕਣ ਲਿਖਦੇ ਹਨ ਕਿ -

'ਲੈ ਆਯਾ ਸਤਿਗੁਰ ਪਹਿ ਰਾਖੀ ਕੁਸਾ ਬਿਛਾਯ।
ਧੋਯਾ ਸੀਸ ਗੁਲਾਬ ਸੋ' ਪ੍ਰੀਤਿ ਕਰੀ ਅਧਿਕਾਯ।
ਮਜ਼੍ਹਬੀ ਉਪਰ ਸਤਿਗੁਰੂ ਐਸੀ ਕ੍ਰਿਪਾ ਕੀਨ।
ਸ੍ਰੀ ਅੰਮ੍ਰਿਤਸਰ ਤਾਲ ਕੀ ਬਾਹੀ ਚਉਥੀ ਦੀਨ।'

ਪਿੱਛੇ ਜਿਹੇ ਰੰਗਰੇਟਿਆਂ ਦੇ ਇਸ ਬੂੰਗੇ ਦੇ ਨਿ-ਰਮਾਣ ਬਾਰੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਤਿਆਰ ਕੀਤੇ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਚੋਣ ਮੈਨੀਫੈਸਟੋ ਵਿੱਚ ਵੀ ਮੁੱਦੇ ਦੇ ਤੌਰ ਤੇ ਉਭਾਰਿਆ ਗਿਆ ਸੀ ।ਸੁਰਜੀਤ ਸਿੰਘ ਸੱਤੀ ਰਾਹੀ' ਚੰਡੀਗੜ੍ਹ ਤੋ' ਛਪੀ ਖਬਰ ਅਨੁਸਾਰ ਇਸ ਬੂੰਗੇ ਸੰਬੰਧੀ ਐਕਸ ਮਿਲਟਰੀ ਮਜ਼੍ਹਬੀ ਸਿੱਖ ਐਸੋਸੀਏਸ਼ਨ ਦੇ ਹੱਕ ਵਿੱਚ ਅੰਮ੍ਰਿਤਸਰ ਦੀ ਅਦਾਲਤ ਨੇ ਫੈਸਲਾ 28 ਅਗਸਤ, 1978 ਨੂੰ ਦੇ ਦਿੱਤਾ ਸੀ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1979 ਵਿੱਚ ਪੰਜਾਬ ਐ'ਡ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਤੇ ਜਸਟਿਸ ਬੀ ਐਸ ਵਾਲੀਆ ਦੀ ਇਕਹਿਰੀ ਬੈ'ਚ ਨੇ ਇਸ ਫੈਸਲੇ ਤੇ ਰੋਕ ਲਗਾ ਦਿੱਤੀ। ਇਸ ਤੋ' ਪਤਾ ਚੱਲਦਾ ਹੈ ਕਿ ਕਿਵੇ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਬੂੰਗਾ ਰੰਗਰੇਟਿਆਂ ਦੀ ਖਿਲਾਫਤ ਕਰ ਰਹੀ ਹੈ । ਆਖਰ ਕਿੱਥੇ ਗਿਆ ਰੰਗਰੇਟਿਆਂ ਦਾ ਇਹ ਬੂੰਗਾ ? ਕੀ ਸਿੱਖ ਇਤਿਹਾਸ ਦੀ ਮੇਟੀ ਗਈ ਇਸ ਅਣਮੋਲ ਯਾਦਗਾਰ ਲਈ ਕਦੀ ਕੋਈ ਜਾਂਚ ਕਮੇਟੀ ਬਿਠਾਈ ਗਈ? ਕੀ ਸਰਵ ਉੱਚ ਅਕਾਲ ਤਖਤ ਤੇ ਬਾਕੀ ਚਾਰ ਤਖਤਾਂ ਵਿੱਚੋ' ਕਿਸੇ ਨੇ ਵੀ ਇਸ ਯਾਦਗਾਰ ਦੀ ਅਲੋਪਤਾ ਲਈ ਹੋਈ ਸਾਜਿਸ ਦਾ ਪਰਦਾਫਾਸ਼ ਕਰਨ ਲਈ ਕੋਈ ਅਵਾਜ਼ ਉਠਾਈ? ਜੇ ਨਹੀ' ਤਾਂ ਕਿਉ' ਨਹੀ'? ਬਾਬਾ ਬੀਰ ਸਿੰਘ ਰੰਗਰੇਟੇ ਦੇ ਤਾਕਤਵਰ ਜੱਥੇ ਨੂੰ ਸ਼ਾਜਿਸ਼ਾਂ ਨਾਲ ਮਿਟਾਉਣ ਦੀ ਘਟਨਾ ਨੂੰ ਬਿਆਨ ਕਰਦਾ ਇਤਿਹਾਸ ਗਵਾਹੀ ਦਿੰਦਾ ਹੈ ਕਿ ਗੁਰੂ ਸਾਹਿਬ ਦੇ ਜਾਣ ਮਗਰੋ' ਕਿਵੇ' ਅਖੌਤੀ ਚੌਧਰੀਆਂ ਨੇ ਸਿੱਖ ਪੰਥ ਤੇ ਕਬਜ਼ਾ ਕੀਤਾ। ਗੁਰੂ ਕੇ ਬੇਟੇ ਰੰਗਰੇਟੇ ਸਿੰਘਾਂ ਨਾਲ ਅਜਿਹਾ ਵਤੀਰਾ ਕਿਉ' ? ਇੱਕ ਪਾਸੇ ਅਸੀ' ਰੋਜ਼ ਅਰਦਾਸ ਵਿੱਚ ਕਹਿੰਦੇ ਹਾਂ ਕਿ, ''ਚੌ'ਕੀਆਂ ਝੰਡੇ ਬੂੰਗੇ ਜੁੱਗੋ ਜੁੱਗ ਅਟੱਲ'' ਤੇ ਦੂਜੇ ਪਾਸੇ ਅਸੀ' ਗੁਰੂ ਕੇ ਬੇਟੇ ਨੂੰ ਦਰਬਾਰ ਸਾਹਿਬ ਵਿਖੇ ਬਖਸ਼ਿਸ ਕੀਤੀ ਗੁਰੂ ਕੀ ਬਖਸ਼ਿਸ਼ ''ਬੂੰਗਾ ਰੰਗਰੇਟਿਆਂ'' ਨੂੰ ਖੁਦ ਹੀ ਢਾਹ ਦਿੱਤਾ। ਕੀ ਅਸੀ' ਝੂਠੇ ਨਹੀ'? ਕੀ ਅਸੀ' ਰੋਜ਼ ਵਿਖਾਵੇ ਮਾਤਰ ਅਰਦਾਸ ਕਰਦੇ ਹਾਂ? ਯਾਦ ਰਹੇ ਕਿ ਇਸ ਤਰਾਂ ਦਾ ਕੁਫ਼ਰ ਗੁਰੂ ਘਰ ਵਿੱਚ ਕਦੇ ਵੀ ਬਖਸ਼ਿਆ ਨਹੀ' ਜਾਵੇਗਾ। ਮਜ਼ਹਬੀ ਸਿੱਖ ਘਰਾਣੇ ਦੀ ਗੁਰੂ ਘਰ ਪ੍ਰਤੀ ਅਥਾਹ ਸ਼ਰਧਾ, ਗੁਰੂ ਘਰ ਵਿੱਚ ਮਿਲੀ ਮਾਣ ਵਡਿਆਈ, ਮਹਾਨ ਸੇਵਾ ਤੇ ਪੰਥ ਸੰਗ ਅਮੇਟੇ ਹੋਣ ਦੀ ਅਦੁੱਤੀ ਨਿਸ਼ਾਨੀ, ਗੁਰੂ ਘਰ ਦੀ ਵਿਰਾਸਤ ਤੇ ਸਿੱਖ ਇਤਿਹਾਸ ਦੀ ਅਣਮੋਲ ਇਤਿਹਾਸਿਕ ਯਾਦਗਾਰ 'ਬੂੰਗਾ ਰੰਗਰੇਟਿਆਂ ਦਾ' ਨੂੰ ਅਲੋਪ ਕਰਨ ਵਿੱਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਥਿਤ ਸਾਜਿਸ਼ ਭਰਪੂਰ ਅਹਿਮ ਭੂਮਿਕਾ ਨਜ਼ਰ ਆਉ'ਦੀ ਹੈ। ਗੁਰੂ ਦੇ ਸਿੱਖਾਂ ਸੇਵਕਾਂ ਦੀਆਂ ਖੁਦ ਗੁਰੂ ਸਾਹਿਬਾਂ ਵਲੋ' ਬਖਸ਼ੀਆਂ ਯਾਦਗਾਰਾਂ ਨੂੰ ਮੇਟਣ ਦਾ ਅਧਿਕਾਰ ਅਖੌਤੀ ਸਿੱਖਾ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਸ ਨੇ ਦਿੱਤਾ? ਕੀ ਗੁਰੂ ਘਰ ਦੀਆਂ ਬਖਸ਼ਿਸ਼ਾਂ ਨੂੰ ਮਿਟਾਉਣ ਵਾਲੇ ਸਿੱਖ ਅਖਵਾਉਣ ਦੇ ਯੋਗ ਹਨ? ਕੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥ ਸੰਗ ਅਮੇਟੇ ਰੰਗਰੇ-ਟਿਆਂ ਨੂੰ ਗੁਰੂ ਪੰਥ ਚੋ' ਮੇਟਣਾ ਚਾਹੁੰਦੀ ਹੈ? ਪਰ ਇਸ ਅਖੌਤੀ ਕਮੇਟੀ ਦੀ ਇਹ ਸਾਜਿਸ਼ ਕਦੇ ਵੀ ਸੰਭਵ ਨਹੀ' ਹੋ ਸਕਦੀ। ਗੁਰੂ ਕੇ ਰੰਗ ਵਿੱਚ ਰੰਗੇ ਮਜ਼ਹਬੀ ਸਿੰਘ ਧਰਮੀ ਸਿੱਖ ਹਨ। ਉਹ ਪੰਥ ਦਾ ਅਨਿੱਖੜਵਾ ਅੰਗ ਹਨ ਤੇ ਰਹਿ-ਣਗੇ।



ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਆਪਣੇ ਆਪ ਨੂੰ ਪੰਥ ਦੇ ਰਖਵਾਲੇ ਕਹਾਉਣ ਵਾਲੇ, ਜਿਹੜੇ ਆਪਣੇ ਆਪ ਨੂੰ ਗੁਰੂ ਘਰ ਦੇ ਅਨਿਨ ਭਗਤ ਦਰਸਾਉ'ਦੇ ਹਨ ਉਹ ਗੁਰੂਆਂ ਦੇ ਲਾਡਲੇ ਤੇ ਗਰੀਬੜੇ ਬੇਟਿਆਂ ਨੂੰ ਖੁਦ ਹੀ ਘ੍ਰਿਣਾ ਤੇ ਭੇਦ ਭਾਵ ਦੀਆਂ ਨਜ਼ਰਾਂ ਨਾਲ ਦੇਖਦੇ ਹਨ ਤੇ ਊਚ ਨੀਚ, ਜਾਤ ਪਾਤ ਦੇ ਭੇਦ ਭਾਵ ਨੂੰ ਮਿਟਾਉਣ ਦੀ ਭੂਮਿਕਾ ਤਾਂ ਸ੍ਰੋਮਣੀ ਗੁਰਦੁਆਰਾ ਪ੍ਰਬ-ਧਕ ਕਮੇਟੀ ਨੇ ਨਿਭਾਉਣੀ ਕਿੱਥੋ' ਹੈ? ਅਕਸਰ ਹੀ ਸੁਣਨ ਤੇ ਦੇਖਣ ਵਿੱਚ ਆਇਆ ਹੈ ਕਿ ਰੂਮੀਵਾਲਾ ਡੇਰਾ (ਭੁੱਚੋ) ਤੇ ਬੱਧਨੀ ਕਲਾਂ ਦੇ ਡੇਰੇ ਅੰਦਰ ਅੱਜ ਵੀ ਰੰਗਰੇਟੇ ਸਿੱਖਾਂ ਦੇ ਲੰਗਰ ਛਕਣ ਲਈ ਭਾਂਡੇ ਤੇ ਉਹਨਾਂ ਦੀ ਬੈਠਣ ਦੀ ਥਾਂ ਨਕਲੀ ਉੱਚ ਜਾਤੀਆਂ ਤੋ' ਵੱਖਰੀ ਹੈ। ਐਸਾ ਵਤੀਰਾ ਗੈਰ ਸੰਵਿਧਾਨਿਕ ਹੋਣ ਦੇ ਨਾਲ ਨਾਲ ਗੁਰ ਮੱਤ ਦੇ ਅਸੂਲਾਂ ਦੇ ਉਲਟ ਹੈ। ਕੀ ਪੱਖਪਾਤ ਤੇ ਭੇਦ ਭਾਵ ਦੀ ਨਿੱਘਰੀ ਬਿਰਤੀ ਵਾਲੇ ਐਸੇ ਡੇਰੇ ਰੂਹਾਨੀਅਤ ਦਾ ਕੇ'ਦਰ ਹੋ ਸਕਦੇ ਹਨ?

ਕੀ ਗੁਰੂ ਕੇ ਬੇਟਿਆਂ ਨੂੰ ਦੁਰਕਾਰਨਾ ਗੁਰੂ ਸਹਿਬਾਨ ਦਾ ਅਪਮਾਨ ਕਰਨ ਦੇ ਤੁਲ ਨਹੀ'? ਸਿੱਖੀ ਦੀ ਪ੍ਰਚਾਰਕ ਤੇ ਸਰਵ ਉੱਚ ਸੰਸਥਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅੱਖਾਂ ਐਸੇ ਘਟੀਆ ਵਰਤਾਰੇ ਨੂੰ ਦੇਖ ਕੇ ਚੁੰਧਿਆ ਕਿਉ' ਜਾਂਦੀਆਂ ਹਨ? ਉਸਦੀ ਜੁ ਵਿਰੁੱਧ ਅਵਾਜ਼ ਉਠਾਉਣ ਲੱਗਿਆਂ ਜੀਭ ਨੂੰ ਜੰਗਾਲ ਕਿਉ' ਲੱਗ ਜਾਂਦਾ ਹੈ? ਸੰਤ ਸਮਾਜੀਆਂ ਦੀ ਇਸ ਅਨਿਆਂ ਖਿਲਾਫ ਚੁੱਪੀ ਕਿਉ'? ਸ਼ਾਇਦ ਇਹਨਾ ਡੇਰਿਆਂ ਦੇ ਸ਼ਰਧਾਲੂਆਂ ਦੀਆਂ ਹਜਾਰਾਂ ਲੱਖਾਂ ਵੋਟਾਂ ਦੀ ਚਮਕ ਪੰਥ ਦੇ ਰਾਖਿਆਂ ਦੀਆਂ ਅੱਖਾ ਅੰਨ੍ਹੀਆਂ ਕਰ ਦਿੰਦੀ ਹੈ ਤੇ ਜੀਭ ਨੂੰ ਅਵਾਜ ਉਠਾਉਣ ਲੱਗਿਆਂ ਇਹ ਵੋਟਾ ਦੀ ਇਹ ਚਮਕ ਲਿਸ਼ਕ ਕੇ ਧੁਣਕ ਕਰ ਦਿੰਦੀ ਹੈ। ਅਖਬਾਰਾਂ ਦੀਆਂ ਸੁਰਖੀਆਂ ਬਟੋਰ ਚੁੱਕੇ ਐਸੇ ਪੱਖਪਾਤੀ ਵਾਕੇ ਹੋਰ ਬਹੁਤ ਹਨ। ਕਿਤੇ ਰੰਗਰੇ-ਟਿਆਂ ਦੇ ਸੰਸਕਾਰ ਲਈ ਕਬਰਿਸਤਾਨ ਵੱਖਰੇ ਹਨ, ਕਿਤੇ ਗੁਰਦੁਆਰਿਆਂ ਵਿੱਚ ਰੰਗਰੇਟਿਆਂ ਤੇ ਦਲਿਤਾਂ ਨੂੰ ਜਾਣ ਦੀ ਆਗਿਆ ਨਹੀ', ਕਿਤੇ ਕੀਰਤਨ ਕਰਨ ਜਾਂਦੇ ਢੋ'ਗੀ ਤੇ ਮਾਇਆ ਦੇ ਪੁਜਾਰੀ ਨਕਲੀ ਉੱਚ ਜਾਤੀ ਪਰ ਨੀਵੀ' ਮੱਤ ਦੇ ਅਖੌਤੀ ਸੰਤ ਬਾਬਿਆਂ ਵੱਲੋ' ਰੰਗਰੇਟਿਆਂ ਦੁਆਰਾ ਸੰਗਤ ਵਿੱਚ ਵਰਤ-ਉਣ ਲਈ ਤਿਆਰ ਕੀਤੇ ਕੜਾਹ ਪ੍ਰਸ਼ਾਦ ਨੂੰ ਭੋਗ ਲਾਉਣ ਤੋ' ਮਨ੍ਹਾ ਕੀਤਾ ਜਾਂਦਾ ਹੈ? ਆਖਰ ਕਿਉ'?

ਇਸ ਸਮੁੱਚੇ ਅਣਮਨੁੱਖੀ ਵਰਤਾਰੇ ਲਈ ਜਿੱਥੇ ਇਹ ਅਖੌਤੀ ਉੱਚ ਜਾਤੀ ਦੇ ਅਖੌਤੀ ਤੇ ਢੋ'ਗੀ ਸਿੱਖ ਤੇ ਪਾਪਾਂ ਨਾਲ ਵਧੀਆਂ ਗੋਗੜਾਂ ਵਾਲੇ ਜੱਥੇਦਾਰ ਜਿੰਮੇਵਾਰ ਹਨ, ਓਥੇ ਰੰਗਰੇਟਿਆਂ ਦੇ ਲੀਡਰ ਆਗੂਆਂ ਦੀ ਭੂਮਿਕਾ ਵੀ ਘੱਟ ਨਹੀ' ਜਿਹੜੇ ਕਿ ਸਰਮਾਏਦਾਰ ਪਾਰਟੀਆਂ ਵੱਲੋ' ਟਿਕਟਾਂ ਲੈ ਕੇ ਰਜਵਾੜੇ ਰਾਜਨੀਤੀਵਾਨਾਂ ਦੀਆਂ ਤਲੀਆਂ ਝੱਸਣ ਦੇ ਸਿਵਾਏ ਕੁਝ ਨਹੀ' ਕਰਦੇ? ਸਿੱਖ ਅਬਾਦੀ ਵਿੱਚ ਮੰਜ਼ਹਬੀ ਸਿੱਖਾਂ ਦੀ ਗਿਣਤੀ ਏਨੀ ਵੀ ਘੱਟ ਨਹੀ' ਕਿ ਉਹਨਾਂ ਨੂੰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਲਈ ਕੁੱਲ 170 ਸੀਟਾਂ ਵਿੱਚੋ' 50 ਸੀਟਾਂ ਦੀ ਬਜਾਏ 20 ਕੁ ਸੀਟਾਂ ਹੀ ਦਿੱਤੀਆਂ ਜਾਣ। ਰੰਗਰੇਟਿਆਂ ਨੂੰ ਜ਼ੁਲਮ ਦੇ ਟਾਕਰੇ ਲਈ ਲਾਮਬੰਦ ਹੋ ਕੇ ਅਖੌਤੀ ਉੱਚ ਜਾਤੀਆਂ ਦੇ ਰਜਵਾੜਿਆਂ ਤੇ ਪੱਖਪਾਤੀ ਡੇਰਿਆਂ ਨੂੰ ਸਬਕ ਸਿਖਾਉਣ ਦੇ ਨਾਲ ਨਾਲ ਆਪਣੇ ਲੀਡਰਾਂ ਦੀਆਂ ਲਗਾਮਾਂ ਵੀ ਕਸਣੀਆਂ ਪੈਣਗੀਆਂ ਚਾਹੇ ਉਹ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਸੰਬੰਧਿਤ ਕਿਉ' ਨਾ ਹੋਣ। ਬੂੰਗਾ ਅਜਂ ਕਰਾ ਕੇ, ਸਿੱਖ ਧਰਮ ਦੀ ਹਰ ਧਾਰਮਿਕ, ਵਿੱਦਿਅਕ, ਪ੍ਰਬੰਧਕ, ਪ੍ਰਚਾਰਕ, ਚਿਕਿਤਸਕ, ਸੁਧਾਰਕ ਤੇ ਰਾਜਨੀਤਿਕ ਸੰਸਥਾ ਵਿੱਚ ਗੁਰੂ ਸਾਹਿਬਾਂ ਵੱਲੋ' ਬਖਸ਼ੇ ਗਰੀਬਾਂ ਦੇ ਮਾਣ ਸਤਿਕਾਰ ਨੂੰ ਬਹਾਲ ਕਰਨ ਲਈ, ਗਰੀਬਾਂ ਤੇ ਮਰਜੀਵੜੇ ਰੰਗਰੇਟੇ ਸਿੰਘਾਂ ਨੂੰ ਪੰਥ ਸੰਗ ਅਮੇਟੇ ਬਣਾਈ ਰੱਖਣ ਲਈ, ਖੁਦ ਰੰਗਰੇਟਿਆਂ ਨੂੰ ਜਾਗਰੂਕ ਹੋ ਕੇ ਲਾਮਬੰਦ ਹੋਣਾ ਹੀ ਪਵੇਗਾ। ਨਹੀ' ਤਾਂ ਨੀਵੀ' ਮੱਤ ਦੇ ਉੱਚ ਵਰਗੀ ਰਜਵਾੜੇ ਗਰੀਬ ਸਿੱਖਾਂ ਨਾਲ ਵਿਤਕਰਾ ਕਰਦੇ ਹੀ ਰਹਿਣਗੇ ਤੇ ਉਹਨਾਂ ਤੇ ਹੁੰਦੇ ਜੁਲਮ ਦੀ ਦਾਸਤਾਨ ਰੁਕਣ ਦੀ ਬਜਾਏ ਰੋਜ ਰੋਜ ਲੰਮੀ ਹੀ ਹੁੰਦੀ ਜਾਏਗੀ।

ਸੋਚਣਾ ਹੀ ਪਵੇਗਾ ਕਿ ਆਖਰ ਮਾਰਸ਼ਲ ਕੌਮ ਕਾਨੂੰਨੀ ਤੇ ਸੰਵਿਧਾਨਿਕ ਦਿਸ਼ਾ ਨਿਰਦੇਸ਼ਾਂ ਹੇਠ ਚੱਲ ਕੇ ਸਿੱਖੀ ਮਰਿਆਦਾ ਅਨੁਸਾਰ ਆਪਣਾ ਬਣਦਾ ਫਰਜ ਕਦੋ' ਨਿਭਾਏਗੀ?

# ਕਰਮਾਂ ਵਾਲਾ ਬਨਾਮ ਕੜਮਾ



ਡਾਕਟਰ ਅਵਤਾਰ ਸਿੰਘ
91-83603-42500

ਬੋਲੀ ਖਿੱਤੇ ਅਨੁਸਾਰ ਬਦਲਦੀ ਹੈ। ਖੇਤਰੀ ਬੋਲਾਂ ਅਨੁਸਾਰ ਜਿਆਦਾਤਰ ਲੋਕ ਭਾਸ਼ਾ ਵਿਆਕਰਣ ਤੋਂ ਅਣਭਿੱਜ ਹੁੰਦੇ ਹਨ ਤੇ ਸਰਲ ਭਾਸ਼ਾ ਦੇ ਬੇਹੱਦ ਨੇੜੇ। ਇਸ ਲਈ ਕਈ ਵਾਰ ਲੋਕ ਕੁਝ ਸ਼ਬਦਾਂ ਦੇ ਅਰਥਾਂ ਨੂੰ ਸਮਝਣ ਵਿਚ ਅਸਮਰੱਥ ਲਗਦੇ ਹਨ। ਇਸ ਕਰਕੇ ਪਹਿਲਾਂ ਕਰਮਾਂ ਵਾਲਾ ਤੇ ਕੜ੍ਮਾ ਸ਼ਬਦਾਂ ਨੂੰ ਖੋਲ੍ਹਣਾ ਜਰੂਰੀ ਹੈ।ਕਰਮਾਂ ਵਾਲਾ (ਉੱਚੇ ਭਾਗਾਂ ਵਾਲਾ) ਵਿਸ਼ੇਸ਼ਣ ਖਾਸ ਕਰਕੇ ਉਸ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਦੇਖ ਕੇ, ਜਾਂ ਜਿਸ ਕਰਕੇ ਤੇ ਜਾਂ ਫਿਰ ਜਿਸ ਦੇ ਆਗਮਨ ਨਾਲ ਜਿੰਦਗੀ ਵਿੱਚ ਉੱਨਤੀ, ਖੁਸ਼ਹਾਲੀ ਤੇ ਸੁਖ ਸ਼ਾਂਤੀ ਜੋੜੀ ਜਾਂਦੀ ਹੈ। ਕੜਮਾਂ (ਮਾੜੇ ਭਾਗਾਂ ਵਾਲਾ, ਮਨਹੂਸ) ਵਿਸ਼ੇਸ਼ਣ ਉਸ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਦੇਖਣ ਨਾਲ, ਜਿਸ ਕਰਕੇ ਜਾਂ ਫਿਰ ਜਿਸ ਦੇ ਆਗਮਨ ਨਾਲ ਜ਼ਿੰਦਗੀ ਵਿੱਚ ਗਿਰਾਵਟ, ਬਦਹਾਲੀ ਜਾਂ ਬਦ ਅਮਨੀK ਅਸ਼ਾਂਤੀ ਜੋੜੀ ਜਾਂਦੀ ਹੈ। ਇਹ ਸਾਰਾ ਵਰਤਾਰਾ ਪਹਿਲਾਂ ਤੋਂ ਚੱਲੇ ਆ ਰਹੇ ਵਹਿਮਾਂ ਭਰਮਾਂ ਤੇ ਅਗਿਆਨਤਾ ਨਾਲ ਭਰਪੂਰ ਵਾਤਾਵਰਨ ਵਿੱਚ ਵਧ ਫੁੱਲ ਕੇ ਇਨਸਾਨੀ ਕਦਰਾਂ ਕੀਮਤਾਂ ਵਿੱਚ ਏਨਾ ਭਾਰੂ ਹੋ ਗਿਆ ਕੇ ਇਸ ਤੋਂ ਨਿਜਾਤ ਪਾਉਣਾ ਸੰਭਵ ਨਹੀਂ ਹੋ ਸਕਿਆ। ਜਰੂਰੀ ਨਹੀਂ ਕਿ ਇਹ ਸਿਰਫ ਪਛੜੇ ਵਰਗਾਂ ਜਾਂ ਇਲਾਕਿਆਂ ਵਿੱਚ ਹੀ ਹੁੰਦਾ ਹੈ ਬਲਕਿ ਚੰਗੇ ਪੜ੍ਹੇ ਲਿਖੇ ਤੇ ਵਿਦਵਾਨ ਵਰਗਾਂ ਤੇ ਇਲਾਕਿਆਂ ਵਿੱਚ ਵੀ ਕਈ ਵਾਰ ਕਰਮਾਂ ਵਾਲਾ ਤੇ ਕੜਮਾ ਸ਼ਬਦ ਆਮ ਹੀ ਸੁਣਨ ਨੂੰ ਮਿਲ ਜਾਂਦਾ ਹੈ। ਕਈ ਵਾਰ ਤਾਂ ਥੋੜ੍ਹਾ ਬਹੁਤ ਗਿਆਨ ਰੱਖਣ ਵਾਲੇ ਲੋਕ ਇਸ ਦੀ ਪ੍ਰੋੜਤਾ ਕਰਨ ਲਈ ਵੱਡੇ ਵੱਡੇ ਹਵਾਲੇ ਦੇ ਕੇ ਸਮਝਾਉਣ ਦਾ ਯਤਨ ਕਰਨ ਲੱਗ ਜਾਂਦੇ ਹਨ। ਕਰਮਾਂ ਦੇ ਸਿਧਾਂਤ ਨੂੰ ਹੋਣੀ ਜਾਂ ਅਣਹੋਣੀ ਵਰਗੀਆਂ ਘਟਨਾਵਾਂ ਨਾਲ ਗੈਰ ਕੁਦਰਤੀ ਉਦਾਹਰਨਾਂ ਦੇ ਕੇ ਸਿੱਧ ਕਰਨ ਵਿੱਚ ਆਪ ਮੁਹਾਰੇ ਮੋਹਰ ਲਾਉਂਦੇ ਦਿਖਾਈ ਦਿੰਦੇ ਹਨ। ਤਰਕ ਤੇ ਵਿਵੇਕ ਰੱਖਣ ਵਾਲੇ ਇਹਨਾਂ ਧਾਰਨਾਵਾਂ ਨਾਲ ਅਸਹਿਮਤ ਹੀ ਨਜਰ ਆਉਂਦੇ ਹਨ। ਠੀਕ ਹੈ ਗੁਰਬਾਣੀ ਅਨੁਸਾਰ ਮਨੁੱਖੀ ਜੀਵਨ ਨੂੰ " ਜੇਹਾ ਬੀਜੈ ਸੋ ਲੁਣੈ ਕਰਮਾਂ ਸੰਧੜਾ ਖੇਤ" (ਅੰਗ ਨੰਬਰ 134) ਕਹਿ ਕੇ ਬਿਆਨ ਕੀਤਾ ਗਿਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜਪੁਜੀ ਸਾਹਿਬ ਵਿੱਚ " ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ" ਅਤੇ ਇੱਕ ਹੋਰ ਜਗ੍ਹਾ ਆਸਾ (ਮ:੧) ਵਿੱਚ ਅੰਗ ਨੰਬਰ 433 ਤੇ ਠੋਕ ਵਜਾ ਕੇ ਫ਼ਰਮਾਇਆ ਹੈ ਕੇ " ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।। ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।।" ਪਰ ਕਰਮਾਂ ਦੇ ਫ਼ਲਸਫ਼ੇ ਨੂੰ ਸਮਝਣ ਤੇ ਪਰਖਣ ਦੀ ਕਸੌਟੀ ਤੇ ਖਰਾ ਉਤਰਨ ਲਈ ਗਿਆਨ ਤੇ ਵਿਵੇਕ ਵਿੱਚ ਡੂੰਘਾ ਉਤਰਨ ਦੀ ਲੋੜ ਹੈ ਜੋ ਪੂਰਨ ਤੇ ਪ੍ਰਮਾਣਿਕ ਗਿਆਨ ਸ੍ਰੋਤਾਂ ਨੂੰ ਪੜ੍ਹਨ, ਸੁਣਨ ਤੇ ਵਿਚਾਰਨ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਗੁਰਬਾਣੀ ਦੇ ਜਰੀਏ ਆਪਣੀ ਬੁੱਧੀ ਅਨੁਸਾਰ ਬਿਆਨ ਕਰਕੇ ਵਹਿਮਾਂ ਭਰਮਾਂ ਨੂੰ ਹੁੰਗਾਰਾ ਦੇਣਾ ਕਦੇ ਵੀ ਸਾਰਥਕ ਨਹੀਂ ਹੁੰਦਾ। ਵਿਸ਼ੇ ਅੰਦਰ ਰਹਿੰਦਿਆਂ ਨੁਕਤੇ ਤੇ ਗੱਲ ਕਰੀਏ ਤਾਂ ਕਿਸੇ ਨੂੰ ਕਰਮਾਂ ਵਾਲਾ ਜਾਂ ਕੜਮਾ ਕਹਿਣਾ ਅਣਉਚਿਤ ਹੀ ਨਹੀਂ ਗਿਆਨ ਵਿਹੂਣਾ ਤੇ ਠੇਸ ਪਹੁੰਚਾਉਣ ਵਾਲਾ ਤੁਲਨਾਤਮਿਕ ਵਿਸ਼ਲੇਸ਼ਣ ਜਾਪਦਾ ਹੈ। ਕਿਸੇ ਨੂੰ ਮਨਘੜਤ ਦੋਸ਼ ਦੇ ਕੇ ਹੀਣਤਾ ਭਰੇ ਨਜਰੀਏ ਨਾਲ ਦੇਖਣਾ ਖੁਦ ਦੀ ਮੰਦਬੁੱਧੀ ਨੂੰ ਪ੍ਰਗਟ ਕਰਨ ਸਮਾਨ ਹੁੰਦਾ ਹੈ। ਗੁਰਬਾਣੀ ਦੇ ਮੂਲ ਉਦੇਸ਼ ਨੂੰ ਸਮਝੀਏ ਤਾਂ ਆਵਾਗਵਣ (ਵਾਰ ਵਾਰ ਜੰਮਣ ਮਰਨ) ਦੇ ਚੱਕਰ ਤੋਂ ਛੁਟਕਾਰਾ ਪਾਉਣਾ ਹੀ ਮਨੁੱਖਾ ਜਨਮ ਹਾਸਿਲ ਕਰਨ ਦਾ ਮੁੱਖ ਮੰਤਵ ਹੈ। ਧਰਮ ਗ੍ਰੰਥਾਂ ਤੇ ਸ਼ਸਤਰਾਂ ਅਨੁਸਾਰ ਜਨਮ ਮਰਨ ਦੇ ਚੱਕਰ ਤੋਂ ਤਦ ਤੱਕ ਛੁਟਕਾਰਾ ਨਹੀਂ ਮਿਲ ਸਕਦਾ ਜਦੋਂ ਤਕ ਕਰਮਾਂ ਦਾ ਲੇਖਾ ਜੋਖਾ ਖਤਮ ਨਹੀਂ ਹੁੰਦਾ। ਕਰਮ ਫਿਲਾਸਫੀ ਅਨੁਸਾਰ ਪੁੰਨ ਦਾਨ ਤੇ ਚੰਗੇ ਕਰਮ ਕਰਨ ਨਾਲ ਚੰਗਾ ਤੇ ਖੁਸ਼ਹਾਲ ਜੀਵਨ ਬਤੀਤ ਕਰਨ ਲਈ ਜਨਮ ਲੈਣਾ ਪੈਂਦਾ ਹੈ ਤੇ ਮਾੜੇ ਕਰਮ-ਕੁਕਰਮ ਕਰਨ ਲਈ ਮਾੜਾ ਜੀਵਨ ਜਿਉਣ ਲਈ ਮਾੜੇ ਹਾਲਾਤਾਂ ਵਿੱਚ ਜਨਮ ਲੈਣਾ ਪੈਂਦਾ ਹੈ। ਪਰ ਜਨਮ ਭਾਵੇਂ ਚੰਗਾ ਤੇ ਖੁਸ਼ਹਾਲ ਜੀਵਨ ਬਤੀਤ ਕਰਨ ਲਈ ਲੈਣਾ ਲਵੇ ਤੇ ਭਾਂਵੇ ਮਾੜਾ ਜੀਵਨ ਜਿਉਣ ਲਈ, ਜੰਮਣ ਮਰਨ ਤੋਂ ਛੁਟਕਾਰਾ ਜਾਂ ਮੁਕਤੀ ਨਹੀਂ ਮਿਲਦੀ। ਫੇਰ ਚੰਗੇ ਮਾੜੇ ਕਰਮ ਕਰਨ ਦਾ ਕੀ ਲਾਭ। ਹੁਣ ਡੂੰਘਾਈ ਨਾਲ ਵਾਚੀਏ ਤਾਂ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕੰਮ ਤਾਂ ਕਰਨਾ ਹੀ ਪੈਂਦਾ ਹੈ ੀ ਫੇਰ ਕਰਮ ਵੀ ਹੁੰਦੇ ਰਹਿਣਗੇ। ਚੰਗੇ ਜਾਂ ਮਾੜੇ। ਕੀ ਕੋਈ ਐਸਾ ਰਸਤਾ ਹੈ ਕਿ ਕਰਮ ਪੈਦਾ ਹੀ ਨਾ ਹੋਣ ਤੇ ਪੂਰਬਲੇ ਜਨਮਾਂ ਦਾ ਲੇਖਾ ਜੋਖਾ ਇਸੇ ਜਨਮ ਵਿੱਚ ਚੁਕਤਾ ਹੋ ਜਾਵੇ। ਪੂਰਨ ਮਹਾਂਪੁਰਖਾਂ ਦੇ ਉਪਦੇਸ਼ ਅਨੁਸਾਰ ਕੋਈ ਵੀ ਕੰਮ ਜਾਂ ਐਕਸ਼ਨ ਤਾਂ ਹੀ ਕਰਮ ਬਣਦਾ ਹੈ ਜੇ ਜਾਣ ਬੁੱਝ ਕੇ ਇਰਾਦੇ ਨਾਲ ਕੀਤਾ ਜਾਵੇ । ਨਿਸ਼ਕਾਮ ਜਾਂ ਇੱਛਾ ਰਹਿਤ ਕੀਤਾ ਹੋਇਆ ਕੰਮ ਜਾਂ ਕਰਮ ਲੇਖੇ ਜੋਖੇ ਵਿੱਚ ਨਹੀਂ ਜੁੜਦਾ। ਤੇ ਪ੍ਰਭੂ ਸਿਮਰਨ ਦੇ ਜਰੀਏ ਸ਼ਬਦ ਗੁਰੂ ਨਾਲ ਜੁੜ ਕੇ ਨਿਸ਼ਕਾਮ ਤੇ ਇੱਛਾ ਰਹਿਤ, ਸੱਚ ਦੇ ਮਾਰਗ ਤੇ ਚੱਲਦਿਆਂ ਜੀਵਨ ਜਿਉਣ ਨੂੰ ਸਫਲ ਮੰਨਿਆ ਗਿਆ ਹੈ। ਸ਼ਾਇਦ ਤਾਂ ਹੀ ਕਬੀਰ ਸਾਹਿਬ ਜੀ ਨੇ ਫਰਮਾਇਆ ਕਿ "ਪਾਪ ਪੁੰਨ ਦੁਇ ਏਕ ਸਮਾਨ। ਨਿਜ ਘਰਿ ਪਾਰਸ ਤਜੁਹ ਗੁਨ ਆਨ।।" ਭਾਵ ਪਾਪ ਤੇ ਪੁੰਨ ਇੱਕੋ ਜਿਹੇ ਹੀ ਹਨ, ਨਿਜ ਘਰ (ਪਰਮਾਤਮਾ ਦੇ ਘਰ ਜਾਂ ਆਪਣੇ ਅਸਲੀ ਘਰ ਸਚਖੰਡ) ਵਿੱਚ ਪਹੁੰਚਣ ਲਈ ਗੁਣ ਔਗੁਣ ਵਗੈਰਾ ਦਾ ਝਮੇਲਾ ਤਿਆਗ ਦਿਓ। ਪੁਜਾਰੀਆਂ, ਪੁਰੋਹਿਤਾਂ ਪਿੱਛੇ ਲੱਗ ਕੇ ਪਾਪਾਂ ਪੁੰਨਾਂ ਤੋਂ ਉਪਰ ਉੱਠ ਕੇ ਨਿਸ਼ਕਾਮ ਤੇ ਇੱਛਾ ਰਹਿਤ ਕੰਮKਕਰਮ ਕਰਦਿਆਂ ਸੱਚ ਦੇ ਰਾਹ ਤੇ ਚੱਲ ਕੇ ਹੀ ਜੀਵਨ ਸਫਲਾ ਹੋ ਸਕਦਾ ਹੈ। ਫੇਰ ਕਿਸੇ ਨੂੰ ਕਰਮਾਂ ਭਾਗਾਂ ਵਾਲਾ ਜਾਂ ਕੜਮਾ ਕਹਿਣਾ ਦੀ ਕੀ ਤੁਕ ਬਣਦੀ ਹੈ। ਏਥੇ ਤਾਂ ਅੱਜਕਲ੍ਹ ਦੇ ਸਾਧੂ ਸੰਤ, ਪੁਜਾਰੀ, ਪਰਚਾਰਕ ਤੇ ਸਮਾਜ ਸੇਵੀ ਕਹਾਉਣ ਵਾਲੇ ਸਭ ਇੱਛਾਵਾਂ ਰੱਖ ਕੇ ਨਿੱਜੀ ਫਾਇਦਿਆਂ ਲਈ ਈਰਖਾਲੂ ਸੋਚ ਨਾਲ ਹੀ ਕੰਮ ਕਰਮ ਕਰਦੇ ਹਨ ਤੇ ਇਹਨਾਂ ਨੂੰ ਕਰਮਾਂ ਭਾਗਾਂ ਵਾਲੇ ਕਹਿਣਾ ਜਾਂ ਕੜਮੇ, ਫੈਸਲਾ ਤੁਹਾਡੇ ਤੇ। ਵਿਚਾਰ ਆਪੋ ਆਪਣੇ। ਭੁੱਲ ਚੁੱਕ ਮੁਆਫ ਕਰਨਾ।





ਕਮਲ ਸਰਾਵਾਂ
91-99156-81496

(ਸਦਾਬਹਾਰ ਪੰਜਾਬੀ ਲੋਕ ਗਾਇਕ ਸਵ.ਧਰਮਪ੍ਰੀਤ ਜੀ ਦੀ ਬਰਸੀ 'ਤੇ ਵਿਸ਼ੇਸ਼)

# ਵਿੱਛੜ ਗਏ ਸੱਜਣਾਂ ਦੀ , ਆਉਂਦੀ ਮਹਿਕ ਹਵਾ 'ਚੋਂ ਰਹਿੰਦੀ..

ਕਹਿੰਦੇ ਹਨ ਜਦ ਰੂਹ ਨੂੰ ਮੁਹੱਬਤ ਦਾ ਵਰਦਾਨ ਮਿਲਿਆ ਹੋਵੇ ਤਾਂ ਆਵਾਜ਼ ਵਿੱਚ ਸੂਹਜ ਦਾ ਅਸਰ ਅਤੇ ਦਰਦ ਦੀ ਤਾਸੀਰ ਆਪਣੇ ਆਪ ਆ ਜਾਂਦੀ ਹੈ।ਕਿਸੇ ਵੀ ਸ਼ੈਅ ਨਾਲ ਦਿਲ ਦੀਆਂ ਗਹਿਰਾਈਆਂ ਤੋਂ ਪਾਈ ਪ੍ਰੀਤ ਇਨਸਾਨ ਨੂੰ ਅਮਰ ਕਰ ਦਿੰਦੀ ਏ,ਫਿਰ ਜਦ ਤੱਕ ਉਹ ਸ਼ੈਅ ਧਰਤੀਆਂ ਨੂੰ ਰੌਸ਼ਨ ਕਰਦੀ ਰਹਿੰਦੀ ਏ ਓਦੋਂ ਤੱਕ ਉਸ ਇਨਸਾਨ ਦਾ ਅਕਸ ਵੀ ਜਗਮਗ-ਾਉਂਦਾ ਰਹਿੰਦਾ ਏ। ਐਸੀ ਹੀ ਪ੍ਰੀਤ ਦਾ ਵਾਰਿਸ ਹੈ ਦਰਦ ਭਰੇ ਗੀਤਾਂ ਦਾ ਬੇਤਾਜ ਬਾਦਸ਼ਾਹ ਧਰਮਪ੍ਰੀਤ।

ਭੁਪਿੰਦਰ ਧਰਮੇ ਦਾ ਜਨਮ ਜਿਲ੍ਹਾ ਮੋਗਾ ਦੇ ਪਿੰਡ ਬਿਲਾਸਪੁਰ ਵਿੱਚ ਪਿਤਾ ਸਰਦਾਰ ਜਗਰੂਪ ਸਿੰਘ ਦੇ ਘਰ ਮਾਤਾ ਸਰਦਾਰਨੀ ਬਲਵੀਰ ਕੌਰ ਦੀ ਕੁੱਖੋਂ 9 ਜੁਲਾਈ,1973 ਨੂੰ ਹੋਇਆ। ਬਾਅਦ ਵਿੱਚ ਇਹ ਭੁਪਿੰਦਰ ਧਰਮਾ ਪੰਜਾਬੀ ਸੰਗੀਤ ਦੁਨੀਆਂ ਦਾ ਮਹਾਨ ਫ਼ਨਕਾਰ ਧਰਮਪ੍ਰੀਤ ਬਣਦੈ।

ਧਰਮੇ ਦੇ ਤਾਇਆ ਜੀ ਸ੍ਰ.ਗੁਰਦੇਵ ਸਿੰਘ ਕੰਵਲ ਅਤੇ ਭੂਆ ਦਾ ਬੇਟਾ ਗਿਆਨੀ ਮਹਿੰਦਰ ਸਿੰਘ ਮਾਸਟਰ ਆਪਣੇ ਸਮੈਂ ਦੇ ਪ੍ਰਸਿੱਧ ਢਾਡੀ ਸਨ,ਸੋ ਸੰਗੀਤਕ ਮਾਹੌਲ 'ਚ ਬਚਪਨ ਨੂੰ ਮਾਣਦਾ ਹੋਇਆ ਧਰਮਾ ਚੌਥੀ ਪੰਜਵੀਂ ਜਮਾਤ 'ਚ ਹੀ ਹਾਰਮੋਨੀਅਮ ਅਤੇ ਬੈਂਜੋ 'ਤੇ ਗਾਉਣ ਲੱਗ ਗਿਆ ਸੀ। ਗੁਰੂਦੁਆਰੇ ਵਿੱਚ ਕੋਈ ਸਮਾਗਮ ਹੋਣਾ ਧਰਮੇ ਨੇ ਜ਼ਰੂਰ ਕੋਈ ਗੀਤ ਜਾਂ ਕਵਿਤਾ ਗਾਉਣੀ,ਆਨੰਦ ਕਾਰਜਾਂ 'ਤੇ ਵੀ ਉਹ ਬਹੁਤ ਕਮਾਲ ਦੀਆਂ ਮਨਮੋਹਕ ਰਚਨਾਵਾਂ ਗਾਉਂਦਾ।ਸੁਰੀਲੀ ਆਵਾਜ਼ ਦਾ ਤੋਹਫ਼ਾ ਓਸ ਸਿਰਜਣਹਾਰ ਨੇ ਉਸਦੀ ਝੋਲੀ ਵਿੱਚ ਪਾ ਦਿੱਤਾ।ਮਾਸਟਰ ਰਾਮ ਕੁਮਾਰ ਹੋਰਾਂ ਨੇ ਉਸਨੂੰ ਖੂਬ ਤਰਾਸ਼ਿਆ ਤੇ ਸੁੱਖ ਨਾਲ ਧਰਮਾ ਮਿਹਨਤੀ ਵੀ ਬੜਾ ਨਿਕਲਿਆ।

ਧਰਮੇਂ ਦੀ ਗਾਇਕੀ ਦੇ ਚਰਚੇ ਦੂਰ ਦੂਰ ਤੱਕ ਹੋਣ ਲੱਗੇ,ਧਰਮੇ ਨੇ ਪ੍ਰਸਿੱਧ ਢਾਡੀ ਗੁਰਬਖਸ਼ ਸਿੰਘ ਅਲਬੇਲਾ ਨੂੰ ਆਪਣਾ ਗੁਰੂ ਧਾਰ ਲਿਆ।ਅਲਬੇਲਾ ਨੇ ਧਰਮਪ੍ਰੀਤ ਨੂੰ 4-5 ਸਾਲ ਆਪਣੇ ਕੋਲ ਰੱਖਿਆ।ਸੰਗੀਤਕ ਬਾਰੀਕੀਆਂ ਵਿੱਚ ਧਰਮੇਂ ਨੂੰ ਤਾ.ਲੀਮ ਦਿੱਤੀ ਤੇ ਤਿਆਰੀ ਕਰਵਾ ਕੇ ਸੰਨ 1993 ਵਿੱਚ ਪਾਇਲ ਮਿਊਜ਼ਿਕ ਕੰਪਨੀ ਵੱਲੋਂ ਉਸ ਦੀ ਪਹਿਲੀ ਕੈਸਿਟ 'ਖਤਰਾ ਹੈ ਸੋਹਣਿਆਂ ਨੂੰ' ਰਿਕਾਰਡ ਕਰਵਾਈ। ਲੇਕਿਨ ਕੈਸਿਟ ਕੋਈ ਜਿਆਦਾ ਕਾਮਯਾਬ ਨਾ ਹੋਈ। ਧਰਮਾ ਵੀ ਉਦਾਸ ਹੋਇਆ ਕਿ ਇੰਨੀ ਮਿਹਨਤ ਨਾਲ ਕਰੀ ਸੀ ਕੈਸਿਟ ਚੱਲੀ ਨਹੀਂ।ਪਰ ਸਿਆਣੇ ਆਖਦੇ ਨੇ ਕਿ ਜੇ ਮਿਹਨਤ ਸੱਚੀ ਤੇ ਨੀਤ ਸਾਫ਼ ਹੋਵੇ ਤਾਂ ਪੱਤਝੜਾਂ ਦੇ ਮੰਜ਼ਰ ਬਹਾਰਾਂ ਵਿੱਚ ਬਦਲਦਿਆਂ ਦੇਰ ਨਹੀਂ ਲੱਗਦੀ। ਕੈਸਿਟ ਆਪਣਾ ਕ੍ਰਿਸ਼ਮਈ ਸਫ਼ਰ ਤੈਅ ਕਰਦੀ ਕਰਦੀ ਬਾ-ਸਬਰ ਆਪਣੇ ਮੁਕਾਮ 'ਤੇ ਜਾ ਪਹੁੰਚਦੀ ਹੈ। ਯਾਨੀਕਿ ਕੈਸਿਟ ਪੰਜਾਬੀ ਗੀਤਕਾਰੀ ਦੇ ਬਾਬਾ ਬੋਹੜ ਭਿੰਦਰ ਡੱਬਵਾਲੀ ਜੀ ਦੇ ਬੂਹੇ 'ਤੇ ਦਾ ਦਸਤਕ ਦਿੰਦੀ ਹੈ। ਧਰਮਪ੍ਰੀਤ ਦੇ ਪਰਿਵਾਰ ਨਾਲ ਗਹਿਰੀ ਸਾਂਝ ਰੱਖਣ ਵਾਲੇ ਹਰਦੇਵ ਮਾਹੀਨੰਗਲ ਨੇ ਧਰਮਪ੍ਰੀਤ 'ਤੇ ਭਿੰਦਰ ਡੱਬਵਾਲੀ ਦੀ ਨਜ਼ਰ ਪਵਾਈ,ਬੱਸ ਫਿਰ ਜੌਹਰੀ ਨੇ ਹੀਰੇ ਨੂੰ ਪਛਾਣ ਲਿਆ। ਧਰਮਾ ਲਗਭਗ 2 ਸਾਲ ਭਿੰਦਰ ਡੱਬਵਾਲੀ ਕੋਲ ਰਹਿ ਕੇ ਮਿਹਨਤ ਕਰਦਾ ਹੈ ਤੇ ਭਵਿੱਖ ਲਈ ਤਿਆਰ ਹੁੰਦਾ ਹੈ। ਦਿਨ ਫਿਰਨ ਲੱਗੇ ਤੇ ਕਿਸਮਤ ਆਪਣੇ ਖੂਬਸੂਰਤ ਰੰਗ ਦਿਖਾਉਣ ਲੱਗੀ।ਗੋਇਲ ਕੰਪਨੀ ਦੇ ਮਾਲਿਕ ਸੁਰਿੰਦਰ ਗੋਇਲ ਨੇ ਧਰਮੇ ਨਾਲ ਪੰਜ ਟੇਪਾਂ ਦਾ ਐਗਰੀਮੈਂਟ ਕਰਲਿਆ।ਇਹਨਾਂ 'ਚੋ ਚਾਰ ਟੇਪਾਂ ਗੋਇਲ ਕੰਪਨੀ ਦੀਆਂ ਸਨ ਤੇ ਇੱਕ ਟੇਪ ਭਿੰਦਰ ਡੱਬਵਾਲੀ ਹੋਰਾਂ ਨੇ ਕਰਨੀ ਸੀ।ਫਿਰ 1997 ਦਾ ਸਾਲ ਆਇਆ ਜਿਸਨੇ ਭੁਪਿੰਦਰ ਧਰਮੇ ਨੂੰ ਪੰਜਾਬੀ ਉਦਾਸ ਗੀਤਾਂ ਦਾ ਸ਼ਹਿਜ਼ਾਦਾ ਧਰਮਪ੍ਰੀਤ ਬਣਾ ਦਿੱਤਾ।ਇਸ ਸਾਲ ਭਿੰਦਰ ਡੱਬਵਾਲੀ ਦੀ ਪੇਸ਼ਕਸ਼ ਹੇਠ ਆਈ ਉਸਦੀ ਦੂਜੀ ਟੇਪ 'ਦਿਲ ਨਾਲ ਖੇਡਦੀ ਰਹੀ' ਨੇ ਪੰਜਾਬੀ ਸੰਗੀਤ ਵਿੱਚ ਧਮਾਲਾਂ ਪਾ ਦਿੱਤੀਆਂ।ਜ਼ਿਕਰਯੋਗ ਹੈ ਕਿ ਇਸ ਟੇਪ ਦੀਆਂ ਕਾਪੀਆਂ 23 ਲੱਖ ਤੋਂ ਵੀ ਵੱਧ ਦੀ ਗਿਣਤੀ ਵਿੱਚ ਵਿਕੀਆਂ। ਕੰਪਨੀ ਨੇ ਚੰਗੀ ਕਮਾਈ ਕਰੀ ਤੇ ਧਰਮਾ ਸ਼ੁਹਰਤ ਦੀ ਬੁਲੰਦੀ 'ਤੇ ਪਹੁੰਚ ਗਿਆ। ਉਸਦੇ ਅਖਾੜਿਆਂ ਦਾ ਸਫ਼ਰ ਸ਼ੁਰੂ ਹੋ ਗਿਆ।ਹਰ ਪਿੰਡ ਹਰ ਸ਼ਹਿਰ ਧਰਮਪ੍ਰੀਤ ਦੇ ਗੀਤ ਡੈੱਕਾਂ/ਟੇਪਾਂ 'ਤੇ ਵੱਜਣ ਲੱਗ ਪਏ।



ਧਰਮਪ੍ਰੀਤ ਸੰਗੀਤ ਦੇ ਇਸ ਸਫ਼ਰ ਵਿੱਚ ਬਹੁਤ ਕਾਮਯਾਬੀ ਨਾਲ ਅੱਗੇ ਵੱਧਦਾ ਗਿਆ। ਜ਼ਿੰਦਗੀ ਉਸਨੇ ਆਪਣੇ 23-24 ਸਾਲ ਦੇ ਸੰਗੀਤਕ ਸਫ਼ਰ ਦੌਰਾਨ 35-36 ਕੈਸਿਟਾਂ ਦਰਸ਼ਕਾਂ ਦੀ ਝੋਲੀ ਪਾਈਆਂ, ਜੋ ਪੰਜਾਬੀ ਸੰਗੀਤ ਦੇ ਅਣਮੋਲ ਖਜ਼ਾਨੇ ਦਾ ਮਾਣਯੋਗ ਹਿੱਸਾ ਬਣ ਗਈਆਂ। 2013 ਤੱਕ ਉਸਨੇ ਸੁਰਾਂ ਦੀ ਮਲਿਕਾ ਸੁਦੇਸ਼ ਕੁਮਾਰੀ ਅਤੇ ਮਿਸ ਪੂਜਾ ਨਾਲ ਕਾਫੀ ਡਿਊਟ ਗੀਤ ਗਾਏ, ਜਿੰਨ੍ਹਾਂ ਨੂੰ ਸਰੋਤਿਆਂ ਨੇ ਭਰਪੂਰ ਹੁੰਗਾਰਾ ਦਿੱਤਾ। ਜ਼ਿਕਰਯੋਗ ਹੈ ਕਿ ਧਰਮਪ੍ਰੀਤ ਨੇ ਪਾਇਲ, ਗੋਇਲ, ਅਤੇ ਅਮਰ ਆਡਿਉ ਕੰਪਨੀਆਂ ਨਾਲ ਮਿਲ ਕੇ ਜਿਆਦਾ ਕੰਮ ਕੀਤਾ।

ਧਰਮਪ੍ਰੀਤ ਦੀ ਮਕਬੂਲੀਅਤ ਦਾ ਆਲਮ ਇਹ ਸੀ ਕਿ ਪੰਜਾਬੀ ਸੰਗੀਤ ਦਾ ਸਨੇਹੀ ਹਰ ਇਨਸਾਨ ਉਸਦੀ ਸਕੂਨਦਾਰ ਅਤੇ ਸਾਫ ਸੁੱਥਰੀ ਗਾਇਕੀ ਤੋਂ ਚੰਗੀ ਤਰਾਂ ਵਾਕਫ਼ ਸੀ।ਉਸਨੇ ਜ਼ਿੰਦਗੀ ਦੇ ਸਾਰੇ ਰੰਗਾਂ ਦੀ ਪੇਸ਼ਕਾਰੀ ਆਪਣੇ ਗੀਤਾਂ ਰਾਹੀਂ ਬਾਖੂਬੀ ਕੀਤੀ, ਪਰ ਕੁਦਰਤਨ ਲੋਕਾਂ ਨੇ ਉਸਦੇ ਉਦਾਸੀ ਦੇ ਰੰਗ 'ਚ ਰੰਗੇ ਗੀਤਾਂ ਨੂੰ ਜਿਆਦਾ ਸਲਾਹਿਆ ਤੇ ਪਿਆਰਿਆ। ਹਰੇਕ ਉਮਰ ਵਰਗ ਉਸਦਾ ਦੀਵਾਨਾ ਸੀ। ਮਾਂਵਾਂ-ਧੀਆਂ-ਭੈਣਾਂ ਉਸਦੇ ਗੀਤ ਸੁਣਦੀਆਂ ਭੁੱਬੀਂ ਰੋ ਪੈਂਦੀਆਂ। ਉਸ ਦੇ ਇਹ ਗੀਤ ਬੜੇ ਦਿਲਕਸ਼ ਨੇ 'ਮੈਨੂੰ ਕਰਕੇ ਪਰਾਈ ਕਿਵੇਂ ਲੱਗੂ ਤੇਰਾ ਘਰ ਵਿੱਚ ਜੀਅ ਬਾਬਲਾ ਵੇ।' ਅਤੇ 'ਨਿੱਕੇ ਨਿੱਕੇ ਭਾਈਆਂ ਦਾ ਪਿਆਰ ਕਿੰਨਾਂ ਹੁੰਦਾ ਕਾਹਤੋਂ ਵੱਡੇ ਹੋ ਕੇ ਬਣਦੇ ਸ਼ਰੀਕ ਮੇਰੀ ਮਾਂ।' ਉਸਨੇ ਬਾੱਰਡਰ 'ਤੇ ਤੈਨਾਤ ਦੇਸ਼ ਦੇ ਜਵਾਨਾਂ ਲਈ ਵੀ ਕਈ ਮਨਮੋਹਕ ਗੀਤ ਗਾਏ ਜਿੰਨ੍ਹਾਂ ਨੂੰ ਫੌਜੀ ਵੀਰਾਂ ਨੇ ਸੀਨੇ ਨਾਲ ਲਾਇਆ, ਕਾਬਿਲੇ ਗ਼ੌਰ ਹੈ 'ਵਰਦੀ, ਬੰਦੂਕ, ਘਰਵਾਲੀਆਂ, ਫੌਜਣਾਂ ਨੂੰ ਫੌਜਣੇਂ ਪਿਆਰੀਆ।' ਉਸ-ਦੀਆਂ ਧਾਰਮਿਕ ਟੇਪਾਂ ਨੇ ਵੀ ਸ੍ਰੋਤਿਆਂ ਦੇ ਮਨਾਂ ਨੂੰ ਐਸਾ ਟੁੰਬਿਆ ਕਿ ਅੱਜ ਵੀ ਜਦ ਕੋਈ ਧਾਰਮਿਕ ਸਮਾਗਮ ਹੁੰਦਾ ਏ ਤਾਂ ਮੰਜੇ ਜੋੜ ਕੇ ਸਪੀਕਰ 'ਤੇ ਧਰਮਪ੍ਰੀਤ ਦੇ ਧਾਰਮਿਕ ਗਾਣੇ ਸੰਗਤਾਂ ਨੂੰ ਮੰਤਰ ਮੁਗਧ ਕਰਦੇ ਹਨ ਅਤੇ ਹਵਾਵਾਂ ਵਿੱਚ ਖੂਬਸੂਰਤੀਆਂ ਬਿਖ਼ੇਰਦੇ ਹਨ। ਵਕਤ ਦੇ ਬਦਲਦੇ ਦੌਰ ਨਾਲ ਧਰਮੇ ਨੇ ਵੀ ਆਪਣੇ ਅੰਦਾਜ਼ ਅਤੇ ਬੋਲਾਂ ਨੂੰ ਸਮੇਂ ਦਾ ਹਾਣੀ ਬਣਾਇਆ। ਇਸ ਕਰਕੇ ਬਦਲਦੇ ਦੌਰ 'ਚ ਵੀ ਉਸਦੇ ਪ੍ਰਸੰਸਕ ਘਟੇ ਨਹੀਂ ਸਗੋਂ ਬਹੁਤ ਤੇਜ਼ੀ ਨਾਲ ਵੱਧਦੇ ਰਹੇ। ਧਰਮਪ੍ਰੀਤ ਨੇ ਆਪਣੇ ਸੰਗੀਤਕ ਸਫ਼ਰ ਵਿੱਚ ਭਿੰਦਰ ਡੱਬਵਾਲੀ,ਬਚਨ ਬੇਦਿਲ, ਹਰਜੀਤ ਆਲਮ, ਜਰਨੈਲ ਘੋਲੀਆ, ਜੈਦਕਾ ਡੱਲੇਵਾਲਾ, ਰਾਜੂ ਪੱਤੋਵਾਲਾ, ਬੂਟਾ ਭਾਈਰੂਪਾ, ਦੀਪਾ ਘੋਲੀਆ, ਅਮਰਜੀਤ ਘੋਲੀਆ, ਸ਼ਹਿਬਾਜ਼ ਧੂੜਕੋਟ, ਅਮਨ ਬਿਲਾਸਪੁਰ, ਨੀਲੇ ਖਾਨ, ਸੰਗਦਿਲ ਸੰਤਾਲੀ, ਮਨਪ੍ਰੀਤ ਟਿਵਾਣਾ ਅਤੇ ਗੁਰਵਿੰਦਰ ਬਰਾੜ ਦੇ ਗੀਤਾਂ ਨੂੰ ਆਪਣੀ ਆਵਾਜ਼ ਦੇ ਕੇ ਘਰ- ਘਰ ਵਿੱਚ ਸੋਹਣੇ-ਸੁਰੀਲੇ ਸੰਗੀਤ ਦੀ ਮਹਿਕ ਖਿੰਡਾਈ। ਸਭ ਕੁਝ ਬਹੁਤ ਖੂਬਸੂਰਤੀ ਨਾਲ ਚੱਲ ਰਿਹਾ ਸੀ।ਧਰਮੇ ਦੇ ਗਾਣੇ ਆ ਰਹੇ ਸਨ।ਉਸਦੇ ਅਖਾੜੇ ਲਗਾਤਾਰ ਲੱਗ ਰਹੇ ਸਨ। ਘਰ ਪਰਿਵਾਰ ਵਿੱਚ ਖੁਸ਼ਹਾਲੀਆਂ-ਖੁਸ਼ਗਵਾਰੀਆਂ ਪੈਲਾਂ ਪਾ ਰਹੀਆਂ ਸਨ, ਜ਼ਿੰਦਗੀ ਝੂਮ ਰਹੀ ਸੀ। ਧਰਮਪ੍ਰੀਤ ਆਪਣੀ ਪਤਨੀ ਮਨਦੀਪ ਕੌਰ ਅਤੇ ਬੇਟੇ ਗੁਰਸੰਗਮਪ੍ਰੀਤ ਸਿੰਘ ਨਾਲ ਸੋਹਣੇ ਦਿਨ ਬਿਤਾਅ ਰਿਹਾ ਸੀ। ਉਸਦੇ ਪ੍ਰਸੰਸਕ ਉਸਦੇ ਪਹਿਲਾਂ ਆਏ ਗੀਤਾਂ ਨੂੰ ਸੁਣਦੇ ਤੇ ਹੋਰ ਨਵੇਂ ਗੀਤਾਂ ਦੇ ਆਉਣ ਦੀ ਉਡੀਕ ਕਰਦੇ ਕਿਉਂਕਿ ਇਹ ਗੱਲ ਵੀ ਬੜੀ ਦਿਲਚਸਪ ਸੀ ਕਿ ਧਰਮਪ੍ਰੀਤ ਦੀ ਹਰ ਨਵੀਂ ਕੈਸਿਟ ਵਿੱਚ ਸਮਾਜ ਤੇ ਸਭਿਆਚਾਰ ਵਿੱਚ ਆਈਆਂ ਤਬਦੀਲੀਆਂ ਮੁਤਾਬਿਕ ਨਵਾਂਪਣ ਸ਼ਾਮਿਲ ਹੁੰਦਾ ਸੀ, ਗੀਤਾਂ ਵਿੱਚ ਵੰਨ ਸੁਵੰਨਤਾ ਤੇ ਰੰਗੀਨੀਆਂ ਹੁੰਦੀਆਂ ਸਨ। ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ।ਜ਼ਿੰਦਗੀ ਨੂੰ ਧਰਮਾ ਤਾਂ ਖਿੜੇ ਮੱਥੇ ਮਿਲਦਾ ਸੀ, ਲੇਕਿਨ ਇੱਕ ਦਿਨ ਅਚਾਨਕ ਜ਼ਿੰਦਗੀ ਨੇ ਅਲਵਿਦਾ ਆਖ ਦਿੱਤਾ। ਉਦਾਸ ਗੀਤਾਂ ਦਾ ਮੁਸਾਫ਼ਿਰ ਦੁਨੀਆਂ ਦਾ ਸਫ਼ਰ ਮੁਕਾਅ ਕੇ ਰੁਖ਼ਸਤ ਹੋ ਗਿਆ।8 ਜੂਨ 2015 ਦਾ ਦਿਨ ਸਾਡੇ ਚੇਤਿਆਂ ਦਾ ਅਭੁੱਲ ਦਿਨ ਬਣ ਕੇ ਰਹਿ ਗਿਆ। ਸਾਡੇ ਚਾਅ ਅਰਮਾਨ ਬਥੇਰੇ ਬਾਕੀ ਸਨ,ਪਰ ਉਮਰ ਦੀ ਪੂੰਜੀ ਉਹ ਮੁਕਾ ਕੇ ਚਲਾ ਗਿਆ। ਉਸਦੇ ਚਲੇ ਜਾਣ ਨਾਲ ਪੰਜਾਬੀ ਗਾਇਕੀ ਦੇ ਉਦਾਸ ਗੀਤਾਂ ਦੀਆਂ ਗਲੀਆਂ ਸੁੰਨੀਆਂ ਨੇ, ਖਿ.ਲਾਅ ਹੈ, ਜੋ ਕਦੇ ਨਹੀਂ ਭਰਨਾ ਕਿਉਂਕਿ ਕਲਾਕਾਰ ਬਹੁਤ ਆਉਂਦੇ ਨੇ ਪਰ ਧਰਮਪ੍ਰੀਤ ਇੱਕੋ ਵਾਰ ਹੁੰਦੈ।

ਧਰਮੇ ਨੂੰ ਅਸੀਂ ਕਦੇ ਭੁਲਾਅ ਨਹੀਂ ਸਕਦੇ ਕਿਉਂਕਿ ਆਪਣੇ ਸਾਹਾਂ ਨੂੰ ਰੋਕਣਾ ਬੇਹੱਦ ਮੁਸ਼ਕਿਲ ਤੇ ਤਕਲੀਫ਼ਦੇਹ ਹੈ ਤੇ ਧਰਮਾ ਸਾਡੇ ਹਰ ਸਾਹ 'ਚ ਵਸਦੈ। ਉਸ ਤੋਂ ਪਹਿਲਾਂ ਦਰਦ ਬੇਜ਼ੁਬਾਨ ਸੀ ਤੇ ਉਸਨੇ ਦਰਦ ਨੂੰ ਜ਼ੁਬਾਨ ਦੇ ਦਿੱਤੀ। ਉਸਨੇ ਇਸ਼ਕ ਦੀਆਂ ਪੀੜਾਂ ਨੂੰ ਆਪਣੇ ਅੰਦਾਜ਼ ਵਿੱਚ ਇਸ ਤਰਾਂ ਪੇਸ਼ ਕੀਤਾ ਕਿ ਆਸ਼ਿਕ ਲੋਕਾਂ ਅਤੇ ਪਿਆਰ ਵਿੱਚ ਠੋਕਰਾਂ ਖਾ ਕੇ ਉਦਾਸ ਹੋਏ ਲੋਕਾਂ ਲਈ ਉਹ ਫਰਿਸ਼ਤਾ ਬਣ ਕੇ ਬਹੁੜਿਆ, ਜਿਸਨੇ ਓਹਨਾ ਦੀ ਤਕਲੀਫ਼ ਨੂੰ ਗੀਤਾਂ ਦੀ ਜੁਬਾਨ 'ਚ ਗਾਇਆ ਅਤੇ ਮੁਹੱਬਤਾਂ ਦੇ ਦੁੱਖ 'ਚ ਹੌਕੇ ਭਰਦੇ ਇਨਸਾਨਾਂ ਨੂੰ ਦਿਲਾਸਾ ਦਿੱਤਾ।ਮੁਹੱਬਤ ਵਿੱਚ ਆਪਣਾ ਆਪ ਸਮਰਪਿਤ ਕਰ ਦੇਣ ਵਾਲੀਆਂ ਅੱਲ੍ਹੜ ਉਮਰ ਦੀਆਂ ਕੁੜੀਆਂ ਦੇ ਦਰਦ ਨੂੰ ਉਹ ਆਪਣੇ ਗੀਤ 'ਨਿੱਕੀ ਹੁੰਦੀ ਦੇ ਖਿਡੌਣੇ ਰਿਹਾ ਤੋੜਦਾ ਵੇ ਅੱਜ ਸਾਡਾ ਦਿਲ ਤੋੜਤਾ' ਰਾਹੀਂ ਇੰਨੀ ਖੂਬਸੂਰਤੀ ਨਾਲ ਪੇਸ਼ ਕਰਦੈ ਕਿ 'ਅੱਜ ਸਾਡਾ ਦਿਲ ਤੋੜਤਾ' ਕੈਸਿਟ ਆਪਣੇ ਸਮੇਂ ਦੀ ਵੱਡੀ ਹਿੱਟ ਸਾਬਿਤ ਹੁੰਦੀ ਐ।

ਉਦੋਂ ਉਸਦੀ ਸਖਸ਼ੀਅਤ ਹੋਰ ਵੀ ਸਤਿਕਾਰਿਤ ਅਤੇ ਦਿਲਕਸ਼ ਹੋ ਗਈ ਜਦ ਉਸਨੇ ਰੂਪ ਬਾਪਲਾ ਨਾਲ ਗੁਰਵਿੰਦਰ ਬਰਾੜ ਦਾ ਗੀਤ 'ਪਰੀਆਂ ਦੀ ਪਟਰਾਣੀ' ਆਪਣੀ ਦਰਦ ਭਰੀ ਬਾਕਮਾਲ ਆਵਾਜ਼ ਵਿੱਚ ਗਾ ਕੇ ਇਸ਼ਕ ਦੇ ਇਤਿਹਾਸ ਵਿੱਚ ਦਾਨਿਸ਼ਵਰਾਂ ਵਾਲਾ ਪੈਗਾਮ ਦਿੱਤਾ। ਉਸਦੀ ਉੱਚੀ ਲੰਮੀ ਹੇਕ ਅੱਜ ਵੀ ਕਾਲਜੇ ਵਿੱਚ ਧੂਹ ਪਾਉਂਦੀ ਐ। ਧਰਮਪ੍ਰੀਤ ਜਿਉਂਦੇ ਜੀਅ ਸਾਡੇ ਦਿਲਾਂ ਦਾ ਬਾਦਸ਼ਾਹ ਰਿਹਾ ਤੇ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋ ਕੇ ਉਹ ਸਾਡੀਆਂ ਸੋਚਾਂ ਦੇ ਹਰ ਗਲੀ ਮੁਹੱਲੇ ਵਿੱਚ ਇਸ਼ਕ ਦਾ ਦਰਵੇਸ਼ ਬਣ ਕੇ ਸਾਨੂੰ ਯਾਦਾਂ ਦੇ ਖਜ਼ਾਨੇ ਬਖਸ਼ਦਾ ਏ।

ਸੰਗਦਿਲ ਸੰਤਾਲੀ ਦਾ ਗੀਤ 'ਜਦੋਂ ਕੋਲ ਸੀ ਤੂੰ ਕਦਰਾਂ ਨਾ ਜਾਣੀਆਂ,ਹੁਣ ਸੱਜਣਾਂ ਗਵਾਚਿਆਂ ਨੂੰ ਫਿਰੇਂ ਭਾਲਦੀ' ਜਦੋਂ ਧਰਮਪ੍ਰੀਤ ਨੇ ਗਾਇਆ ਉਦੋਂ ਇਸ ਗੱਲ ਦਾ ਜਰਾ ਵੀ ਅੰਦਾਜ਼ਾ ਨਹੀਂ ਸੀ ਕਿ ਇਕੱਲਾ ਸਾਡਾ ਹੀ ਕੋਈ ਸੱਜਣ ਪਿਆਰਾ ਇਸ ਨੂੰ ਸੁਣ ਕੇ ਅੱਖਾਂ ਨਹੀ ਭਰੇਗਾ, ਸਗੋਂ ਅਸੀਂ ਵੀ ਸਾਡੇ ਇਸ ਮਹਿਬੂਬ ਗਾਇਕ ਦਾ ਇਹ ਗੀਤ ਸੁਣ ਕੇ ਭੁੱਬਾਂ ਮਾਰ ਕੇ ਰੋਇਆ ਕਰਾਂਗੇ।

ਮਨਪਰੀਤ ਟਿਵਾਣਾ ਦਾ ਗੀਤ 'ਉਹ ਜਦ ਵੀ ਮਿਲਦੀ ਐ ਅੱਖੀਆਂ ਭਰ ਕੇ ਮਿਲਦੀ ਐ' ਜਦ ਧਰਮਪਰੀਤ ਦੀ ਆਵਾਜ 'ਚ ਸੁਣੀਦਾ ਹੈ ਤਾਂ ਅੱਖਾਂ 'ਚੋਂ ਵੱਗਦੇ ਹੰਝੂ ਉਸਦੇ ਅਚਨਚੇਤ ਤੁਰ ਜਾਣ ਦਾ ਸ਼ਿਕਵਾ ਕਰਦੇ ਨੇ। ਪਰ ਫਿਰ ਉਸਦੇ ਗੀਤਾਂ ਦੀ ਨਗਰੀ ਵਿੱਚ ਕਦਮ ਰੱਖ ਕੇ ਸੋਚ ਉਸਦੀ ਆਵਾਜ਼ ਦੇ ਸਫ਼ਰ 'ਤੇ ਨਿਕਲ ਜਾਂਦੀ ਏ ਤੇ ਰੂਹ ਅਚਨਚੇਤ ਕੁਰਲਾਉਂਦੀ ਹੈ ਤੇ ਆਖਦੀ ਹੈ ਧਰਮਿਆਂ ਅਸਮਾਨ 'ਚੋਂ ਮੁਹੱਬਤ ਦੀ ਬਾਰਿਸ਼ ਬਣ ਕੇ ਵਰ ਜਾਹ, ਸਾਡੇ ਦਿਲ ਦੀ ਧਰਤੀ ਤੇਰੇ ਬਿਨਾਂ ਬੰਜ਼ਰ ਹੋ ਗਈ ਏ। ਫਿਰ ਕਿਤੋਂ ਕੋਈ ਆਹਟ ਸੁਣਾਈ ਦਿੰਦੀ ਏ,ਲੱਗਦਾ ਏ ਉਹ ਆ ਰਿਹੈ,ਪਰ ਫਿਰ ਰਾਹ 'ਤੇ ਨਜ਼ਰ ਜਾਂਦੀ ਏ, ਕੋਈ ਆਉਂਦਾ ਨਜ਼ਰੀਂ ਨਹੀਂ ਪੈਂਦਾ।ਤੁਰ ਜਾਣ ਵਾਲੇ ਕਦੇ ਪਰਤ ਕੇ ਨਹੀਂ ਆਉਂਦੇ, ਪਰ ਇੰਤਜ਼ਾਰ ਦਿਲ ਦੇ ਮਾਰੂਥਲ 'ਚ ਸੱਸੀ ਵਾਂਗ ਭਟਕਦਾ ਰਹਿੰਦਾ ਏ।

## ਘੁੱਗੀ ਤੇ ਮੈਂ

ਸਟੱਡੀ ਰੂਮ ਦੀਆਂ ਜਿੱਧਰਲੇ ਪਾਸੇ ਬਾਰੀਆਂ ਖੁੱਲ੍ਹਦੀਆਂ ਹਨ, ਉਸ ਪਾਸੇ ਬੂਟਿਆਂ ਲੱਗੇ ਗਮਲੇ ਹਨ। ਗਮਲਿਆਂ ਦੇ ਰੱਖਣ ਲਈ ਬਣਵਾਏ ਹੋਏ ਸਟੈਂਡ ਦੇ ਮੱਧ ਬਣੇ ਕੁਝ ਉੱਚੇ ਚਬੂਤਰੇ ਉੱਪਰ ਫੁੱਲਾਂ ਨਾਲ ਭਰਿਆ ਹੋਇਆ ਬੂਟਾ ਹੈ ਪਰ ਹੇਠਾਂ ਉਸ ਦੇ ਬਹੁਤਾ ਖਿਲਾਰਾ ਨਹੀਂ; ਮੁੱਖ ਤਣਾ ਅਤੇ ਗਿਣਤੀ ਦੀਆਂ ਵਿਰਲੀਆਂ ਜਿਹੀਆਂ ਮੁੱਖ ਟਾਹਣ-ੀਆਂ। ਗਮਲੇ ਵਿੱਚ ਕਾਫ਼ੀ ਥਾਂ ਬਣ ਆਉਂਦੀ ਹੈ। ਇੱਕ ਘੁੱਗੀ ਰੋਜ਼ਾਨਾ ਇਸ ਥਾਂ ਆ ਬੈਠਦੀ ਹੈ ਤੇ ਉਤੂੰ-ਹੀ-ਤੂੰ' ਦਾ ਨਾਦ ਅਲਾਪਦੀ ਹੈ। ਸੋਹਣਾ ਲਗਦਾ ਹੈ। ਮਨ ਜੁੜਦਾ ਹੈ। ਕਈ ਦਿਨਾਂ ਤੋਂ, ਉਸ ਕਮਰੇ ਵਿੱਚ ਜਦ ਬੈਠਾ ਹੁੰਦਾ ਹਾਂ, ਇਸ ਵਰਤਾਰੇ ਬਾਰੇ ਮਨ ਲਿਖਣ ਨੂੰ ਕਰ ਰਿਹਾ ਸੀ। ਪਰ ਅੱਜ ਇਹ ਸੋਚ ਕੇ ਲਿਖਣ ਬੈਠਾ ਹਾਂ ਕਿ ਸਥਿਤੀਆਂ-ਪ੍ਰਸਥਿਤੀਆਂ ਦੀ ਪਕੜ ਮੌਕੇ 'ਤੇ ਹੀ ਹੋ ਜਾਵੇ ਤਾਂ ਚੰਗੇਰੀ ਹੁੰਦੀ ਹੈ। ਸ਼ਾਲਾ! ਇਹ ਘੁੱਗੀ ਨਿੱਤ-ਨਿੱਤ ਆਵੇ ਪਰ ਅੱਜ ਲਿਖ ਲੈਣਾ ਜ਼ਰੂਰੀ ਲੱਗਾ।

ਇਸ ਘੁੱਗੀ ਦਾ ਉਤੂ-ਹੀ-ਤੂੰ" ਆਖਦੇ ਜਾਣਾ ਪਤਾ ਨਹੀਂ ਕਿਉਂ ਮੇਰੇ ਦਿਲ ਨੂੰ ਖਿੱਚ ਪਾਉਂਦਾ ਹੈ। ਮਨ ਵਿੱਚ ਆਉਂਦਾ ਹੈ ਕਿ ਇਹ ਸ਼ਾਇਦ ਆਪਣੀ ਆਮਦ ਅਤੇ ਉਸ ਤੋਂ ਮਗਰੋਂ ਪਰਗਟਦੇ ਵਾਤਾਵਰਨ ਬਾਬਤ ਲਿਖਣ ਲਈ ਮੈਨੂੰ ਵਾਰ-ਵਾਰ ਆਖਦੀ ਹੈ। ਇੱਕ ਸਿਫ਼ਤ ਇਸ ਦੇ ਸਹਿਜ ਭਾਵ ਨਾਲ ਉਤੂੰ-ਹੀ-ਤੂੰ" ਸ਼ਬਦ ਗੁੰਜ-ਾਉਂਦਿਆਂ ਹੋਰ ਨਜ਼ਰੀਂ ਪੈਂਦੀ ਹੈ ਕਿ ਇਹ ਇਸ ਨਾਦ ਦਾ ਅਲਾਪ ਕਰਦਿਆਂ ਚੁੰਝ ਰਤਾ ਭਰ ਵੀ ਨਹੀਂ ਖੋਲ੍ਹਦੀ, ਜਿਵੇਂ ਬਾਕੀ ਪੰਛੀ ਚੁੰਝ ਖੋਲ੍ਹ ਕੇ ਆਵਾਜ਼ਾਂ ਦੇਂਦੇ ਹਨ। ਮਿੱਠਾ ਰਸ ਬਣ ਕੇ ਰੋਮ-ਰੋਮ ਵਿੱਚ ਘੁਲਣ ਵਾਲਾ ਇਹ ਨਾਦ ਇਸ ਦੀ ਮੀਟੀ ਹੋਈ ਚੁੰਝ ਦੇ ਅੰਦਰ ਹੀ ਹੁੰਦਾ ਹੈ; ਇਸ ਦੇ ਅੰਦਰ ਹੀ ਹੁੰਦਾ ਹੈ। ਅਸਾਡੇ ਸਾਰਿਆਂ ਲਈ ਇਹ ਪ੍ਰੇਰਨਾ-ਸ੍ਰੋਤ ਜਾਪਦਾ ਹੈ ਕਿ ਓਪਰੇ ਰਟਨ ਦੀ ਬਜਾਇ ਅਸਾਂ ਅੰਦਰੋਂ ਜਪੀਏ। ਬਾਹਰ ਆਵਾਜ਼ ਖ਼ੁਦ-ਬ-ਖ਼ੁਦ ਸੁਣਾਈ ਦੇਵੇਗੀ ਕਿਉਂਕਿ ਇਹ ਆਵਾਜ਼ ਅੰਦਰ ਜਾਂ ਕਿਤੇ ਵੀ ਹੋਰ ਦੱਬਣ ਵਾਲੀ ਨਹੀਂ। ਪਰ ਆਪੇ ਬਾਹਰ ਆਵੇ, ਅਸਾਂ ਨਾ ਇਸ ਨੂੰ ਕੂਕ-ਕੂਕ ਸੁਣਾਈਏ।

ਸੋਚਦਾ ਹਾਂ, ਸ਼ਾਇਦ ਇਹ ਬਾਹਰ ਗਮਲੇ ਵਿੱਚ ਠੰਢੇ ਥਾਉਂ ਬੈਠੀ, ਮੇਰੇ ਅੰਦਰ ਬੈਠੇ ਦੀ ਹੋਂਦ ਤੋਂ ਬੇ-ਖ਼ਬਰ ਹੈ ਪਰ ਜਦ ਵੀ ਮੈਂ ਆਪਣੀ ਨਜ਼ਰ ਇਸ ਵਲ ਕਰਦਾ ਹਾਂ ਤਾਂ ਇਹ ਚੇਤੰਨ ਜਿਹੀ ਵਿਖਾਈ ਪੈਂਦੀ ਹੈ ਜਿਵੇਂ ਹੁਣ ਉੱਡ ਜਾਣ ਦੀ ਤਿਆਰੀ ਵਿੱਚ ਹੋਵੇ। ਹਾਂ, ਤੇ ਜਦ ਕੁਝ ਚਿਰ ਲਗਾਤਾਰ ਤੱਕਦਾ ਰਹਾਂ ਤਾਂ ਇਹ ਛੇਤੀ ਉੱਡ ਜਾਂਦੀ ਹੈ ਤੇ ਜੇਕਰ ਮਾੜਾ ਜਿਹਾ ਤੱਕ ਕੇ ਨਜ਼ਰ ਨੀਵੀਂ ਕਰ ਲਵਾਂ ਤਾਂ ਫਿਰ ਕੁਝ ਦੇਰ ਸੁਚੇਤ ਰਹਿ ਕੇ ਟਿਕ ਜਾਂਦੀ ਹੈ ਪਰ ਮੇਰੇ ਵਲ ਚੁਪ-ਚਾਪ ਧਿਆਨ ਰੱਖਦੀ ਹੈ। ਕੁਝ ਸਮਾਂ ਸਾਰਾ ਕੁਝ ਸਾਵਾਂ ਅਨੁਭਵ ਕਰ ਕੇ ਫਿਰ ਆਪਣਾ ਕਾਰਜ ਆਰੰਭ ਕਰ ਲੈਂਦੀ ਹੈ। ਲਗਦਾ ਹੈ ਕਿ ਮਨੁੱਖ ਪੰਛੀਆਂ ਅਤੇ ਪ੍ਰਕਿਰਤੀ ਦੇ ਅਜੇ ਓਨਾ ਨੇੜੇ ਨਹੀਂ ਹੋ ਸਕਿਆ ਕਿ ਪ੍ਰਕਿਰਤੀ ਅਤੇ ਪੰਛੀ ਇਸ ਨਾਲ ਸਹਿਜੇ ਵਿਚਰ ਸਕਣ। ਹਾਂ, ਚੰਗੀ ਸ਼ੁਰੂਆਤ ਜ਼ਰੂਰ ਲੱਗ ਰਹੀ ਹੈ। ਦੇਖੋ! ਇਹ ਸਤਰਾਂ ਜਦ ਲਿਖੀਆਂ ਗਈਆਂ ਹਨ ਤਾਂ ਇਹ ਵੀ ਘੁੰਮ-ਘੁਮਾਅ ਕੇ ਆਪਣੇ ਨਿਸ਼ਚਿਤ ਥਾਂ 'ਤੇ ਮੁੜ ਆਣ ਬੈਠੀ ਹੈ। ਉਤੂੰ-ਹੀ-ਤੂੰ" ਕਰਦੀ ਨੇ ਸਾਰੇ ਚੌਗਿਰਦ ਵਿੱਚ ਮਿੱਠਾ ਸੋਹਣਾ ਰਸ ਸਿੰਜ ਦਿੱਤਾ ਹੈ।



ਡਾ. ਬਲਵੀਰ ਮੰਨਣ
91-94173-45485

# 'ਪਿੰਡ ਵਾਲਾ ਘਰ' ਗੀਤ ਪ੍ਰਦੇਸ਼ੀਆਂ ਨੂੰ ਯਾਦ ਕਰਾ ਰਿਹਾ ਪੰਜਾਬ

## 'ਥਾਂਦੀ ਦੀ ਗੀਤਕਾਰੀ ਅਤੇ ਕਲੇਰ ਕੰਠ ਦੀ ਗਾਇਕੀ ਦਾ ਸੁਮੇਲ'

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਅੱਜ ਦੇ ਸਮੇਂ ਵਿੱਚ ਸੰਗੀਤ ਇੰਡਸਟਰੀ ਵਿਉਪਾਰਕ ਧੰਦਾ ਬਣ ਕੇ ਰਹਿ ਗਈ ਏ। ਜਿਸ ਵਿੱਚ ਆ ਕੇ ਹਰ ਕੋਈ ਪੈਸ਼ੇ ਕਮਾਉਣ ਦੀ ਦੌੜ ਵਿੱਚ ਲੱਗਿਆ ਹੋਇਆ ਹੈ। ਪੰਜਾਬੀ ਸੱਭਿਆਚਾਰ ਦੇ ਨਾਂ 'ਤੇ ਨਵੀਂ ਪੀੜੀ ਦੇ ਗਾਇਕ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅੰਦਰ ਤਜਰਬੇ ਕਰ ਅਜਿਹਾ ਕੁਝ ਕਰ ਰਹੇ ਹਨ ਕਿ ਨਵੀਂ ਪੀੜ੍ਹੀ ਸੱਚ-ਮੁੱਚ ਹੀ ਪੰਜਾਬੀ ਸੱਭਿਆਚਾਰ ਤੋਂ ਦੂਰ ਹੋ, ਗੁੰਮ-ਰਾਹ ਹੁੰਦੀ ਜਾ ਰਹੀ ਹੈ। ਪਰ ਅੱਜ ਦੇ ਇਸ ਦੌਰ ਵਿੱਚ ਕੁਝ ਅਜਿਹੇ ਗੀਤਕਾਰ ਅਤੇ ਗਾਇਕ ਵੀ ਹਨ ਜੋ ਵਿਪਾਰਕ ਨਹੀਂ ਬਣੇ, ਸਗੋਂ ਸੱਭਿਆਚਾਰ ਦੇ ਵਾਰਸ਼ ਬਣ ਸੇਵਾ ਕਰ ਰਹੇ ਹਨ। ਜਿੰਨਾਂ ਵਿੱਚੋਂ ਇਕ ਕੈਲੀਫੋਰਨੀਆ ਰਹਿੰਦੇ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ ਹੈ। ਜਿਸ ਨੇ ਗਾਇਕੀ ਨੂੰ ਧੰਦਾ ਨਹੀਂ ਬਣਾਇਆ। ਸਗੋਂ ਆਪਣੇ ਸ਼ੌਕ ਨਾਲ ਗੀਤ ਲਿਖੇ ਅਤੇ ਗਾਏ ਹਨ। ਇਸੇ ਕਰਕੇ ਉਸਦੇ ਗੀਤ ਯੂ-ਟਿਊਬ 'ਤੇ ਪਾਉਦਿਆ ਸਾਰ ਲੱਖਾਂ ਸਰੋਤੇ ਨਾਲ ਜੋੜ ਲੈਂਦੇ ਹਨ। ਉਸ ਨੇ ਬਹੁਤ ਸਾਰੇ ਗੀਤ ਆਪ ਗਾ ਰਿਕਾਰਡ ਕਰਵਾਏ ਅਤੇ ਇਸ ਤੋਂ ਇਲਾਵਾ ਚੰਗੇ-ਚੰਗੇ ਕਲਾਕਾਰ ਵੀ ਉਨ੍ਹਾਂ ਦੇ ਗੀਤ ਰਿਕਾਰਡ ਕਰਵਾ ਚੁੱਕੇ ਹਨ। ਇਸੇ ਹੀ ਲੜੀ ਤਹਿਤ ਧਰਮਵੀਰ ਥਾਂਦੀ ਦਾ ਲਿਖਿਆਂ ਅਤੇ ਕਲੇਰ ਕੰਠ ਦੁਆਰਾ ਗਾਇਆ ਕੁਝ ਦਿਨ ਪਹਿਲਾ ਰਿਲੀਜ਼ ਹੋਇਆ ਗੀਤ 'ਪਿੰਡ ਵਾਲਾ ਘਰ' ਹਰ ਪ੍ਰਦੇਸ਼ੀ ਬੈਠੇ ਪੰਜਾਬੀ ਦੇ ਦਿਲ ਦੀ ਹੂਕ ਬਣ ਚੁੱਕਿਆਂ ਹੈ। ਇਸ ਗੀਤ ਦਾ ਸੰਗੀਤ ਜੱਸੀ ਬ੍ਰਦਰਜ਼ ਨੇ ਦਿੱਤਾ ਹੈ। ਜਿਸ ਦੇ ਬੋਲਾ ਵਿੱਚ ਇਕ ਸਾਲਾ-ਬੱਧੀ ਪੰਜਾਬ ਵਿੱਚ ਖਾਲੀ ਪਿਆ ਘਰ ਢਹਿਣ 'ਤੇ ਹੋ ਵਿਦੇਸ਼ੀ ਵਸਦੇ ਆਪਣੇ ਮਾਲਕ ਨੂੰ ਸੱਦ ਰਿਹਾ ਹੈ। ਘਰ ਅਤੇ ਘਰ ਦੇ ਮਾਲਕ ਦੇ ਵਿੱਚਕਾਰ ਬਹੁਤ ਹੀ ਵਿਯੋਗ ਵਾਲਾ, ਪਰ ਸੱਚਾ ਸੰਵਾਦ ਰਚਿਆ ਹੈ। ਜੋ ਸ੍ਰੋਤਿਆਂ ਨੂੰ ਨਾਲ ਲੈ ਤੁਰਦਾ ਹੈ। ਇਸ ਗੀਤ ਦੀ ਦੂਸਰੀ ਗੱਲ ਸੋਨੇ 'ਤੇ ਸੁਹਾਗੇ ਵਾਲੀ ਇਹ ਹੈ ਕਿ ਇਸ ਨੂੰ ਸੁਹਿਰਦ ਅਤੇ ਸੁਰੀਲੀ ਅਵਾਜ਼ ਦੇ ਮਾਲਕ ਕਲੇਰ ਕੰਠ ਨੇ ਗਾਇਆ ਹੈ। ਸਮੁੱਚੇ ਤੋਰ 'ਤੇ ਅਸੀ ਕਹਿ ਸਕਦੇ ਹਾਂ ਕਿ ਧਰਮਵੀਰ ਥਾਂਦੀ ਦੀ ਗੀਤਕਾਰੀ ਅਤੇ ਕਲੇਰ ਕੰਠ ਦੀ ਗਾਇਕੀ ਨੇ ਇਸ ਗੀਤ ਨੂੰ ਅੱਜ ਦੇ ਦੌਰ ਵਿੱਚ ਆਏ ਗੀਤਾ ਵਿੱਚੋਂ ਪਹਿਲੇ ਸਥਾਨ 'ਤੇ ਖੜਾ ਕਰ ਦਿੱਤਾ ਹੈ। ਜੋ ਵੀ ਇਸ ਗੀਤ ਨੂੰ ਸੁਣਦਾ ਹੈ ਤਾਂ ਉਹ ਪੰਜਾਬ ਵਿੱਚ ਵਿੱਛੜੇ ਆਪਣੇ ਘਰ ਦਾ ਵਿਯੋਗ ਜ਼ਰੂਰ ਮਹਿਸੂਸ ਕਰਦਾ ਹੈ। ਅਸਲ ਗੀਤਕਾਰੀ ਜਾਂ ਗਾਇਕੀ ਵੀ ਇਹੀ ਹੈ ਕਿ ਜੋ ਤੁਹਾਡੀ ਧੁਰ ਰੂਹ ਤੱਕ ਉਤਰ ਜਾਵੇ, ਉਹ ਸਫਲ ਹੈ। ਸਾਨੂੰ ਅਜਿਹੇ ਗੀਤਾ ਨੂੰ ਸੁਨਣਾ ਅਤੇ ਨਵੀਂ ਪੀੜੀ ਨੂੰ ਸੁਨਾਉਣਾ ਚਾਹੀਦਾ ਹੈ। ਜਿਸ ਨਾਲ ਸੱਭਿਆਚਾਰ ਵੀ ਜਿਉਦਾ ਰਹੇ ਅਤੇ ਨਵੀਂ ਪੀੜ੍ਹੀ ਵੀ ਰੌਲੇ-ਰੱਪੇ ਵਾਲੀ ਵਪਾਰਕ ਗਾਇਕੀ ਤੋਂ ਬਚ ਸਕੇ। ਇਸ ਨਵੇਂ ਗੀਤ ਦੀ ਸਫਲਤਾ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।





# ਅੰਤਰਰਾਸ਼ਟਰੀ ਖ਼ੇਡ ਅਤੇ ਹਾਲੀਵੁੱਡ ਫ਼ਿਲਮ ਜਗਤ 'ਚ ਪੰਜਾਬੀਅਤ ਦਾ ਮਾਣ ਵਧਾ ਰਿਹਾ : ਸਟੀਵ ਨਿੱਜ਼ਰ

## ਖ਼ੇਡ ਅਤੇ ਫ਼ਿਲਮ ਖਿੱਤੇ ਸਬੰਧਤ ਵਿਸ਼ੇਸ਼ ਯੋਜਨਾਵਾਂ ਸਮੇਤ ਅਸਲ ਜੜ੍ਹਾਂ ਵੱਲ ਜਲਦ ਕਰਨਗੇ ਸ਼ਾਨਦਾਰ ਵਾਪਸੀ



-ਨੂਰ ਵਰਜ਼ੋਤ
91-85589-51012

